ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 47 | 27 November 2019 to 03 December 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# 1467 ਸ਼ਰਧਾਲੂਆਂ ਨੇ ਕੀਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ

**ਡੇਰਾ ਬਾਬਾ ਨਾਨਕ/ਏ.ਟੀ. ਨਿਊਜ਼ :** ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਸ਼ੁਰੂ ਹੋਣ ਮਗਰੋਂ ਬੀਤੇ ਦਿਨੀਂ ਪਹਿਲੀ ਵਾਰ 1,467 ਸ਼ਰਧਾਲੂਆਂ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਮੱਥਾ ਟੇਕਿਆ। ਸ਼ਰਧਾਲੂਆਂ ਨੇ ਵਾਪਸ ਆਉਂਦਿਆਂ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਕੌਮਾਂਤਰੀ ਸੀਮਾ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਜਿਸ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਲਈ 20 ਡਾਲਰ ਤਾਂ ਕੁਝ ਵੀ ਨਹੀਂ। ਜਾਣਕਾਰੀ ਅਨੁਸਾਰ ਸ਼ਰਧਾਲੂਆਂ ਦੇ ਨਤਮਸਤਕ ਹੋਣ ਦੇ ਇਸ ਅੰਕੜੇ ਵਿੱਚ ਹੋਰ ਵਾਧਾ ਹੋਣ ਦੀ ਉਮੀਦ ਹੈ। ਪਤਾ ਲੱਗਾ ਹੈ ਕਿ ਸ਼ਰਧਾਲੂ ਲਾਂਘੇ ਲਈ ਤਿਆਰ ਕੀਤੇ ਦਸਤਾਵੇਜ਼ਾਂ ਵਿੱਚ ਤਰੁਟੀਆਂ ਹੋਣ ਕਾਰਨ ਕਰਤਾਰਪੁਰ ਦੇ ਦਰਸ਼ਨਾਂ ਦੇ ਲਈ ਨਹੀਂ ਜਾ ਸਕੇ। ਅਸਲ ਵਿੱਚ 10 ਨਵੰਬਰ ਤੋਂ ਸ਼ੁਰੂ ਹੋਏ ਲਾਂਘੇ ਵਿਚ ਇਹ ਪਹਿਲਾ ਮੌਕਾ ਹੈ, ਜਦੋਂ 1,467 ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਏ।

ਪੰਜਾਬ ਐਕਸਪ੍ਰੈੱਸ ਵੈਬਸਾਈਟ ਦੇ ਐਡੀਟਰ ਜਸਪਾਲ ਸਿੰਘ ਕੈਂਥ ਨੇ ਦੱਸਿਆ ਕਿ ਕੁਝ ਰਾਜਸੀ ਪਾਰਟੀਆਂ ਦੇ ਲੀਡਰਾਂ ਵੱਲੋਂ ਪਾਕਿਸਤਾਨ ਸਰਕਾਰ ਵੱਲੋਂ 20 ਡਾਲਰ ਲੈਣ ਦੇ ਮੁੱਦੇ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਐਵੇਂ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਜੇ ਦਿੱਲੀ ਤੋਂ ਕੋਈ ਸ਼ਰਧਾਲੂ ਦਰਬਾਰ ਸਾਹਿਬ, ਅੰਮ੍ਰਿਤਸਰ ਨਤਮਸਤਕ ਹੋਣ ਆਉਂਦਾ ਹੈ ਤਾਂ ਕੀ ਰਸਤੇ ਵਿੱਚ ਪੈਂਦੇ ਟੌਲ ਪਲਾਜ਼ਾ ਦੇ ਟੈਕਸ ਮੁਆਫ਼ ਕੀਤੇ ਜਾਂਦੇ ਹਨ? ਜੇ ਆਪਣੇ ਦੇਸ਼ ਦੀ ਸਰਕਾਰ ਸ਼ਰਧਾਲੂਆਂ ਕੋਲੋਂ ਧਾਰਮਿਕ ਸਥਾਨਾਂ ’ਤੇ ਜਾਂਦੇ ਸਮੇਂ ਟੌਲ/ਬੈਰੀਅਰ ਟੈਕਸ ਲੈਂਦੀ ਹੈ ਤਾਂ ਫਿਰ ਪਾਕਿਸਤਾਨ ਸਰਕਾਰ ਕਿਉਂ ਨਾ ਲਵੇ।

ਇਸੇ ਦੌਰਾਨ ਕੁਝ ਸ਼ਰਧਾਲੂਆਂ ਨੇ ਇਮੀਗ੍ਰੇਸ਼ਨ ’ਤੇ ਸ਼ਿਕਵਾ ਵੀ ਕੀਤਾ ਸੀ ਕਿ ਪਰਿਵਾਰ ਦੇ ਪੰਜ ਜੀਆਂ ਦੇ ਪਾਸਪੋਰਟ ਹੋਣ ਦੇ ਬਾਵਜੂਦ ਸਿਰਫ਼ ਇੱਕ ਜੀਅ ਨੂੰ ਹੀ ਦਰਸ਼ਨਾਂ ਦੀ ਪ੍ਰਵਾਨਗੀ ਦਿੱਤੀ ਜਾ ਰਹੀ ਹੈ। ਬਾਅਦ ਵਿੱਚ ਅਜਿਹੇ ਕਈ ਮਾਮਲੇ ਸਾਹਮਣੇ ਆਏ ਸਨ। ਸੂਤਰ ਦੱਸਦੇ ਹਨ ਕਿ ਅਸਲ ਵਿੱਚ ਗ੍ਰਹਿ ਮੰਤਰਾਲਾ 22 ਨਵੰਬਰ ਤੱਕ ਗਿਣਤੀ ਦੇ ਸ਼ਰਧਾਲੂਆਂ ਨੂੰ ਹੀ ਦਰਸ਼ਨਾਂ ਲਈ ਪ੍ਰਵਾਨਗੀ

ਬਾਕੀ ਸਫ਼ਾ 29 ’ਤੇ



# ਜੇਐੱਨਯੂ ’ਤੇ ਫਿਰਿਆ ਭਗਵਾਂ ਕੁਹਾੜਾ

## ਗਰੀਬ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਦੂਰ ਰੱਖਣ ਲਈ ਭਗਵਿਆਂ ਦੀ ਇਹ ਸਾਜ਼ਿਸ਼ : ਕਨ੍ਹਈਆ

**ਵਿਸ਼ੇਸ਼ ਰਿਪੋਰਟ/ਪ੍ਰੋ. ਬਲਵਿੰਦਰਪਾਲ ਸਿੰਘ**

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇਸ਼ ਦੀ ਇੱਕੋ-ਇੱਕ ਉੱਚ ਪੱਧਰ ਵਾਲੀ ਯੂਨੀਵਰਸਿਟੀ ਹੈ, ਜਿਸ ਵਿੱਚ ਗ਼ਰੀਬ ਪਰਿਵਾਰਾਂ ਦੇ ਹੋਣਹਾਰ ਵਿਦਿਆਰਥੀ ਬਹੁਤ ਘੱਟ ਫੀਸਾਂ ਤਾਰ ਕੇ ਉੱਚ ਵਿੱਦਿਆ ਪ੍ਰਾਪਤ ਕਰ ਸਕਦੇ ਹਨ। ਇਸ ਯੂਨੀਵਰਸਿਟੀ ਵਿਚੋਂ ਬਹੁਤ ਸਾਰੇ ਉੱਚ ਪੱਧਰ ਦੇ ਵਿਦਿਆ ਸ਼ਾਸਤਰੀ, ਇਤਿਹਾਸਕਾਰ, ਸਮਾਜ ਸ਼ਾਸਤਰੀ ਤੇ ਸਿਆਸਤਦਾਨ ਪੈਦਾ ਹੋਏ ਹਨ। ਇਹੋ ਕਾਰਨ ਹੈ ਕਿ ਇਹ ਯੂਨੀਵਰਸਿਟੀ ਭਗਵੀਆਂ ਤਾਕਤਾਂ ਦਾ ਸ਼ਿਕਾਰ ਬਣ ਗਈ ਹੈ। ਮੌਜੂਦਾ ਹਿੰਦੂਤਵੀ ਤਾਕਤਾਂ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਬਦਨਾਮ ਕਰਨ ਦੀਆਂ ਲਗਾਤਾਰ ਸਾਜ਼ਿਸ਼ਾਂ ਜਾਰੀ ਰੱਖੀਆਂ ਹਨ। ਕਨ੍ਹੱਈਆ ਵਰਗੇ ਕਈ ਵਿਦਿਆਰਥੀਆਂ ਨੂੰ ਦੇਸ਼ਧ੍ਰੋਹੀ ਕਹਿ ਕੇ ਝੂਠੇ




ਕੇਸ ਪਾ ਕੇ ਜੇਲ੍ਹਾਂ ਵਿਚ ਸੁੱਟਿਆ ਗਿਆ ਸੀ।

ਪਿਛਲੇ ਦਿਨੀਂ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਹੋਸਟਲ ਫੀਸ ਤੇ ਹੋਰ ਫ਼ੰਡਾਂ ਵਿੱਚ ਬੇਅਥਾਹ ਵਾਧਾ ਕਰਕੇ ਗਰੀਬ ਹੋਣਹਾਰ ਵਿਦਿਆਰਥੀਆਂ ਦੇ ਇਸ ਅਦਾਰੇ ਵਿੱਚ ਪੜ੍ਹਨ ਦੇ ਹੱਕ ਨੂੰ ਖੋਹਣ ਦੀ ਘਟੀਆ

ਬਾਕੀ ਸਫ਼ਾ 29 ’ਤੇ

# ਮਹਾਰਾਸ਼ਟਰ ’ਚ ਹੁਣ ਬਣੇਗੀ ਊਧਵ ਠਾਕਰੇ ਸਰਕਾਰ

**ਮੁੰਬਈ/ਏ.ਟੀ. ਨਿਊਜ਼ :** ਐਨਸੀਪੀ, ਸ਼ਿਵ ਸੈਨਾ ਤੇ ਕਾਂਗਰਸ ਦੀ ਬੈਠਕ ‘ਚ ਊਧਵ ਠਾਕਰੇ ਨੂੰ ਨੇਤਾ ਚੁਣ ਲਿਆ ਗਿਆ ਹੈ। ਸ਼ਿਵ ਸੈਨਾ ਮੁਖੀ ਊਧਵ ਠਾਕਰੇ ਨੂੰ ਮੁੰਬਈ ਦੇ ਹੋਟਲ ਟ੍ਰਾਈਡੈਂਟ ਵਿੱਚ ਨੇਤਾ ਚੁਣਿਆ ਗਿਆ। ਐੱਨ.ਸੀ.ਪੀ. ਨੇਤਾ ਜਯੰਤ ਪਾਟਿਲ ਨੇ ਇਸ ਦਾ ਐਲਾਨ ਕੀਤਾ ਕਿ ਮਹਾਰਾਸ਼ਟਰ ‘ਚ ਸ਼ਿਵ ਸੈਨਾ, ਐੱਨ.ਸੀ.ਪੀ. ਤੇ ਕਾਂਗਰਸ ਗਠਜੋੜ ਵਾਲੀ ਸਰਕਾਰ ਦਾ ਸਹੁੰ ਚੁੱਕ ਸਮਾਗਮ ਪਹਿਲੀ ਦਸੰਬਰ ਨੂੰ ਹੋਵੇਗਾ। ਹੁਣ ਊਧਵ ਠਾਕਰੇ ਪਹਿਲੀ ਦਸੰਬਰ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣਗੇ। ਸਹੁੰ ਚੁੱਕ ਸਮਾਗਮ ਐਤਵਾਰ ਸ਼ਾਮ ਪੰਜ ਵਜੇ ਮੁੰਬਈ ਦੇ ਸ਼ਿਵਾਜੀ ਪਾਰਕ ਵਿਖੇ ਹੋਵੇਗੀ। ਤਿੰਨਾਂ ਪਾਰਟੀਆਂ ਦੇ ਗਠਜੋੜ ਦਾ ਨਾਮ ‘ਮਹਾਵਿਕਸ ਅਗਾੜੀ’ ਹੈ। ਨੇਤਾ ਚੁਣੇ ਜਾਣ ਤੋਂ ਬਾਅਦ ਠਾਕਰੇ ਨੇ ਕਿਹਾ ਕਿ ਅਸੀਂ ਇਕ ਪਰਿਵਾਰ ਵਾਂਗ ਕੰਮ ਕਰਾਂਗੇ। ਊਧਵ ਠਾਕਰੇ ਨੇ ਵਿਧਾਇਕਾਂ ਨੂੰ ਸੰਬੋਧਨ ਵੀ ਕੀਤਾ। ਉਨ੍ਹਾਂ ਨੇ ਕਿਹਾ, ‘ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਅਜਿਹਾ ਸਮਾਂ ਆਵੇਗਾ। ਸੋਨੀਆ ਗਾਂਧੀ ਦਾ ਧੰਨਵਾਦ, ਅਸੀਂ ਇਕ ਦੂਜੇ ‘ਤੇ ਭਰੋਸਾ ਕਰਕੇ ਇਕੱਠੇ ਹੋਏ ਹਾਂ।



ਬਾਕੀ ਸਫ਼ਾ 29 ’ਤੇ















ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਪਾਠ ਦਾ ਭੋਗ

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ

## ਸਰਦਾਰ ਬਚਿੱਤਰ ਸਿੰਘ

ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 23 ਨਵੰਬਰ, 2019 ਦਿਨ ਸਨਿਚਰਵਾਰ ਨੂੰ ਸ਼ਾਮ 4.49 ਵਜੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ 1 ਦਸੰਬਰ, 2019 ਨੂੰ ਸਵੇਰੇ 9.30 ਤੋਂ ਦੁਪਹਿਰ 12.30 ਵਜੇ ਤੱਕ Funeral Home, Cherokee Memorial, 831 Industrial Way Lodi CA 95241 ਵਿਖੇ ਹੋਵੇਗਾ। ਉਪਰੰਤ ਸਹਿਜ ਪਾਠ ਦੇ ਭੋਗ ਤੇ ਅੰਤਿਮ ਅਰਦਾਸ Dashmesh Darbar Lodi, 12098 West Ln Lodi CA 95240 ਵਿਖੇ ਬਾਅਦ ਦੁਪਹਿਰ 1 ਵਜੇ ਤੋਂ 3 ਵਜੇ ਦਰਮਿਆਨ ਹੋਵੇਗੀ। ਆਪ ਜੀ ਨੂੰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਦੁਖੀ ਹਿਰਦੇ

ਹਰਸਿਮਰਨ ਸਿੰਘ (ਪੁੱਤਰ)
ਮਨਿੰਦਰਜੀਤ ਸੰਧੂ (ਦਾਮਾਦ)
ਤੇਜਤਾਰਨ ਸਿੰਘ ਭਤੀਜਾ
ਗੁਰਪ੍ਰੀਤ ਸਿੰਘ (ਭਤੀਜਾ)

ਗਿੱਲ ਪਰਿਵਾਰ
ਬੀਰਿੰਗ ਪਰਿਵਾਰ
(209) 735-0240
(209) 678-8150
(408) 386-0913

## ਵਲੋਂ : ਬੂਟਾ ਸਿੰਘ ਬਾਸੀ

ਮੁੱਖ ਸੰਪਾਦਕ 'ਸਾਂਝੀ ਸੋਚ'



ਸਰਦਾਰ ਬਚਿੱਤਰ ਸਿੰਘ

Star Alliance BROKERAGE



Indianapolis, Indiana...

ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...




Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247




We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250

# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ

**ਸ਼ਿਕਾਗੋ/ਮੱਖਣ ਸਿੰਘ ਕਲੇਰ :**

ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿੱਖੇ ਸੰਗਤਾਂ ਦੇ ਸਹਿਯੋਗ ਨਾਲ ਨਵੰਬਰ ਦੇ ਪਹਿਲੇ ਹਫਤੇ ਤੋਂ ਲਗਾਤਾਰ ਗੁਰਮਤਿ ਸਮਾਗਮ ਚਲ ਰਹੇ ਹਨ। ਜਿਨ੍ਹਾਂ ਵਿੱਚ ਵੱਖ ਵੱਖ ਕੀਰਤਨੀ ਜਥੇ, ਕਥਾਵਾਚਕ ਹਾਜਰੀਆਂ ਭਰ ਰਹੇ ਹਨ। ਇਸ ਤੋਂ ਇਲਾਵਾ ਪਹਿਲੀ ਵਾਰ ਨਗਰ ਕੀਰਤਨ ਵੀ ਕੱਢਿਆ ਗਿਆ। ਸੰਗਤਾਂ ਨੇ ਵੱਡੀ ਗਿਣਤੀ ਵਿੱਚ ਪਹੁੰਚ ਕੇ ਨਗਰ ਕੀਰਤਨ ਵਿੱਚ ਹਾਜਰੀ ਲਗਵਾਈ ਤੇ ਤਨਦੇਹੀ ਦੇ ਨਾਲ ਸੇਵਾਵਾਂ ਨਿਭਾਈਆਂ । ਜਿਸ ਨੂੰ ਜੱਸ ਪੰਜਾਬੀ ਟੀਵੀ ਚੈਨਲ ਵਾਲਿਆਂ ਨੇ ਕਵਰੇਜ਼ ਦਿੱਤੀ। ਇਸ ਦੇ ਨਾਲ ਹੀ ਪ੍ਰਭਾਤ ਫੇਰੀਆਂ ਕੱਢੀਆਂ ਗਈਆਂ। ਇਸੇ ਕੜੀ ਦੇ ਨਾਲ ਇਕ ਹੋਰ ਕੜੀ ਜੋੜਦਿਆਂ ਹਾਈਵੇ 90 ਤੇ ਇਕ





ਮਹੀਨੇ ਵਾਸਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਕੁਝ ਸਿੱਖ ਕੌਮ ਦਾ ਵਿਦੇਸ਼ਾਂ ਨਾਮ ਰੌਸ਼ਨ ਕਰਨ ਵਾਲੀਆਂ ਸ਼ਖਸ਼ੀਅਤਾਂ ਦੀਆਂ ਤਸਵੀਰਾਂ ਸਮੇਤ ਸਿੱਖ ਧਰਮ ਦਾ ਸਾਂਝੀਵਾਲਤਾ ਦਾ ਸੁਨੇਹਾ ਦੇਣ ਦੇ ਮਕਸਦ ਨਾਲ ਇਕ ਸਾਇਨ

ਗੁਰਮਤਿ ਸਮਾਗਮ ਸਬੰਧੀ ਹੋਰ ਰੰਗਦਾਰ ਤਸਵੀਰਾਂ ਸਫ਼ਾ 15 'ਤੇ ਵੇਖੋ

ਬੋਰਡ ਲਗਾਇਆ ਗਿਆ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿੱਖੇ ਕਾਰ ਸੇਵਕਾਂ ਵਲੋਂ ਤਕਰੀਬਨ ਦੋ ਮਹੀਨੇ ਦਾ ਸਮਾਂ ਲਗਾ ਕੇ ਰੰਗ ਰੋਗਨ, ਰਸੋਈ ਘਰ ਦੀ ਸਫਾਈ, ਨਵੀਆਂ ਲਾਈਟਾਂ ਲਾਈਆਂ ਗਈਆਂ, ਦਰੱਖਤਾਂ ਦੀ ਕਟਾਈ, ਹੋਰ ਕਈ ਤਰ੍ਹਾਂ ਦੇ ਕਾਰਜ ਕਰਕੇ ਗੁਰਦੁਆਰਾ ਸਾਹਿਬ ਦੇ ਚੌਗਿਰਦੇ ਨੂੰ ਸੁੰਦਰ ਬਣਾਇਆ ਗਿਆ। ਇਹ ਸਭ ਕਾਰਜ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤਿ ਕਰਕੇ ਨੇਪਰੇ ਚਾੜੇ ਗਏ ਹਨ। ਇਹ ਸਭ ਸੰਗਤ ਦੇ ਸਹਿਯੋਗ ਨਾਲ ਕੀਤੇ ਗਏ ਹਨ। ਇਨ੍ਹਾਂ ਕਾਰਜਾਂ ਨੂੰ ਵਿਸ਼ੇਸ਼ ਤੌਰ 'ਤੇ ਨੇਪਰੇ ਚਾੜ੍ਹਨ ਵਿੱਚ ਕਮੇਟੀ ਮੈਂਬਰ ਜੈਰਾਮ ਸਿੰਘ ਕਾਹਲੋਂ ਤੇ ਸੰਗਤ ਮੈਂਬਰ ਅੱਛਰ ਸਿੰਘ ਦਾ ਯੋਗਦਾਨ ਰਿਹਾ। ਇਨ੍ਹਾਂ ਸਮਾਗਮਾਂ ਵਿੱਚ ਹਰਭਜਨ ਸਿੰਘ ਮਾਂਗਟ ਤੇ ਭੁਪਿੰਦਰ ਸਿੰਘ ਮਾਂਗਟ ਹੁਰਾਂ ਦੇ ਪਰਿਵਾਰਾਂ ਵਲੋਂ ਵੱਖ ਵੱਖ ਸਮੇਂ ਵਿੱਚ ਸ੍ਰੀ ਆਖੰਡ ਪਾਠਾਂ ਦੇ ਭੋਗ ਪਵਾਏ ਗਏ ਤੇ ਲੰਗਰਾਂ ਦੀਆਂ ਸੇਵਾਵਾਂ ਨਿਭਾਈਆਂ ਗਈਆਂ ਸਨ। ਇਨ੍ਹਾਂ ਸਮਾਗਮਾਂ ਵਿੱਚ ਵਿਸ਼ੇਸ਼ ਸਮਾਗਮ 22,23 ਤੇ 24 ਨਵੰਬਰ ਕਰਵਾਏ

**ਬਾਕੀ ਸਫ਼ਾ 29 'ਤੇ**


ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ
ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ
ਲੱਖ ਲੱਖ ਵਧਾਈਆਂ
Homeopathicvibes



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

BERKSHIRE HATHAWAY Home Services
Elite Real Estate



Gurdip Kaur
M.A. B.Ed.
Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641 7412 Elsie Ave. Sacramento 95828
A member of the franchise system of BHH Affiliates. LLC

GLOBAL ALLIANZ
LAW FIRM LLP
US IMMIGRATION MADE EASY

ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188
INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਸਿੱਖ ਸਿਧਾਂਤ 'ਤੇ ਪਹਿਰਾ ਦਿਆਂਗੇ : ਸਿੱਖ ਪੰਚਾਇਤ

## ਫਰੀਮੌਂਟ ਦੀ ਘਟਨਾ ਖਾਲਸਾ ਗਰੁੱਪ ਦੀ ਸੌੜੀ ਸਿਆਸਤ



ਭਾਈ ਜਸਵਿੰਦਰ ਸਿੰਘ ਜੰਡੀ ਨੂੰ ਗੁਰਮੀਤ ਸਿੰਘ ਦੇ ਸਾਥੀ ਦਰਸ਼ਨ ਸੰਧੂ ਤੇ ਜਸਦੀਪ ਜੱਸਾ ਗੱਲ ਕਰਨ ਤੋਂ ਰੋਕਦੇ ਹੋਏ



ਸਿੱਖਸ ਫਾਰ ਜਸਟਿਸ ਦਾ ਜਸਬੀਰ ਸਿੰਘ ਤੇ ਜੱਸਾ ਜੱਥੇਦਾਰ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਸਟੇਜ ਤੇ ਜਾਣੋਂ ਰੋਕਦੇ ਹੋਏ



ਐਸ ਪੀ ਸਿੰਘ ਤੇ ਕੁਲਜੀਤ ਸਿੰਘ ਸਮਝੌਤੇ ਤੋਂ ਮੁੱਕਰਨ ਤੋਂ ਬਾਅਦ ਝਗੜਾ ਹੁੰਦਾ ਦੇਖ ਟਿੱਚਰੀ ਹਾਸਾ ਕਰਦੇ ਹੋਏ।

**ਫਰੀਮੌਂਟ :** ਸਿੱਖ ਪੰਚਾਇਤ ਨੇ ਅਖ਼ਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਗੁਰਦੁਆਰਾ ਸਾਹਿਬ ਫਰੀਮੌਂਟ ਦੇ ਪ੍ਰਬੰਧ ਨੂੰ ਲੈ ਕੇ ਐਤਵਾਰ ਨੂੰ ਵਾਪਰੀ ਘਟਨਾ ਦਾ ਉਨ੍ਹਾਂ ਨੂੰ ਅਫ਼ਸੋਸ ਹੈ ਪਰ ਉਨ੍ਹਾਂ ਨੇ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਸਾਰੇ ਤੱਥ ਤੇ ਘਟਨਾਵਾਂ ਵੱਲ ਧਿਆਨ ਦੇਵੇ ਜਿਨ੍ਹਾਂ ਕਰਕੇ ਇਹ ਸੱਭ ਕੁੱਝ ਵਾਪਰਿਆ। ਐਤਵਾਰ ਵਾਲੀ ਘਟਨਾ ਬਾਰੇ ਉਨ੍ਹਾਂ ਨੇ ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਨੂੰ ਦੋਸ਼ੀ ਠਹਿਰਾਉਂਦੇ ਹੋਏ ਕਿਹਾ ਕਿ ਇਨ੍ਹਾਂ ਵੱਲੋਂ ਸ਼ੁੱਕਰਵਾਰ ਨੂੰ ਇੱਕ ਇਕਰਾਰਨਾਮਾ ਹੋਇਆ ਪਰ ਐਤਵਾਰ ਨੂੰ ਇਹ ਮੁੱਕਰ ਗਏ। ਸਿੱਖ ਪੰਚਾਇਤ ਨੇ ਕਿਹਾ ਕਿ ਇਹ ਦੋਨੋਂ ਸੁਪਰੀਮ ਕੌਂਸਲ ਮੈਂਬਰ ਗੁਰਮੀਤ ਸਿੰਘ ਦੀਆਂ ਕੱਠਪੁਤਲੀਆਂ ਹਨ ਅਤੇ ਇਨ੍ਹਾਂ ਦਾ ਕੋਈ ਵਜੂਦ ਨਹੀਂ। ਸ਼ੁੱਕਰਵਾਰ ਨੂੰ ਸਮਝੌਤਾ ਕਰਾਉਣ ਲਈ ਬਾਹਰਲੇ ਸ਼ਹਿਰਾਂ ਸਮੇਤ ਕਈ ਲੋਕਲ ਸਿੰਘ ਵੀ ਪੰਜ ਸੁਪਰੀਮ ਕੌਂਸਲ ਮੈਂਬਰਾਂ ਨੂੰ ਮਿਲੇ ਅਤੇ ਕਈ ਘੰਟੇ ਮੀਟਿੰਗ ਚੱਲਣ ਤੋਂ ਬਾਅਦ (ਸੱਜੇ ਪਾਸੇ) ਵਾਲੇ 4 ਮੁੱਦਿਆਂ 'ਤੇ ਸਮਝੌਤਾ ਹੋਇਆ ਪਰ ਐਤਵਾਰ ਨੂੰ ਇਹ ਗੁਰੂ ਗ੍ਰੰਥ ਤੇ ਸਾਧ ਸੰਗਤ ਦੀ ਹਾਜ਼ਰੀ ਵਿੱਚ ਇਹ ਮੁੱਕਰ ਗਏ ਤੇ ਕਹਿਣ ਲੱਗੇ ਸਮਝੌਤਾ ਹੋਇਆ ਹੀ ਨਹੀਂ। ਇਸ ਕਾਰਣ ਹੀ ਸਥਿਤੀ ਤਣਾਅਪੂਰਨ ਹੋਈ।

ਗੁਰਮੀਤ ਸਿੰਘ ਨੇ ਟਲੇਰੀ ਸ਼ਹਿਰ ਤੋਂ ਲੈ ਕੇ ਸੈਕਰਾਮੈਂਟੋ ਤੱਕ ਬਾਹਰੋਂ ਬੰਦੇ ਸੱਦੇ ਹੋਏ ਸਨ। ਦੀਵਾਨ ਹਾਲ ਵਿੱਚ ਭਾਈ ਜਸਵਿੰਦਰ ਸਿੰਘ ਜੰਡੀ ਨੇ ਹੋਏ ਇਕਰਾਰਨਾਮੇ ਨੂੰ ਪੜ੍ਹਨ ਲਈ ਟਾਈਮ ਮੰਗਿਆ ਤਾਂ ਇਨ੍ਹਾਂ ਬੰਦਿਆਂ ਨੇ ਸਟੇਜ ਘੇਰ ਲਈ ਤੇ ਧੱਕੇ ਮਾਰਨ ਲੱਗੇ। ਖਾਲਸਾ ਗਰੁੱਪ ਨੇ ਪੂਰੇ 15-20 ਮਿੰਟ ਹੁੱਲੜਬਾਜ਼ੀ ਕੀਤੀ। ਉਸ ਤੋਂ ਬਾਅਦ ਫਰੀਮੌਂਟ ਤੇ ਮਿਲਪੀਟਸ ਵਾਲੀਆਂ ਬੀਬੀਆਂ ਨੇ ਸਟੇਜ ਤੇ ਆ ਕੇ ਸਿਮਰਨ ਸ਼ੁਰੂ ਕੀਤਾ ਤਾਂ ਮਹੌਲ ਸੁਖਾਵਾਂ ਬਣਿਆ। ਉਸ ਤੋਂ ਬਾਅਦ ਸਟੇਜ ਦੀ ਸੇਵਾ ਗ੍ਰੰਥੀ ਸਿੰਘ ਹਰਪ੍ਰੀਤ ਸਿੰਘ ਨੇ ਨਿਭਾਈ।

ਸਾਰੇ ਵਿਵਾਦ ਤੋਂ ਬਾਅਦ ਗੁਰਮੀਤ ਸਿੰਘ ਤੇ ਬੀਬੀ ਸਰਬਜੀਤ ਕੌਰ ਚੀਮਾ ਨੇ ਇੱਕ ਮੀਟਿੰਗ ਵਿੱਚ ਪੰਜ ਪਿਆਰਾ ਗੁਰਸਿਧਾਂਤ 'ਤੇ ਹੀ ਕਿੰਤੂ ਕਰਕੇ ਇਹ ਮੱਦ ਬਦਲਣ ਦੀ ਵਕਾਲਤ ਕੀਤੀ। ਇਨ੍ਹਾਂ ਨੇ ਕਿਹਾ ਕਿ ਅਸੀਂ ਦੁਨਿਆਵੀ ਲੋਕ ਹਾਂ ਗੁਰੂ ਸਾਹਿਬ ਵੇਲੇ ਦੇ ਪੰਜ ਪਿਆਰਿਆਂ ਦੀ ਬਰਾਬਰੀ ਨਹੀਂ ਕਰ ਸਕਦੇ ਤੇ ਪੱਛਮ ਵਿੱਚ ਰਹਿੰਦੇ ਹਾਂ ਇਸ ਲਈ ਪੰਜ ਪਿਆਰਿਆਂ ਦੀ ਸਰਬ-ਸੰਮਤੀ ਹੋਣੀ ਔਖੀ ਹੈ। ਇਸ ਲਈ ਬਹੁਸੰਮਤੀ ਵਾਲਾ ਸਿਧਾਂਤ ਚਾਹੀਦਾ ਹੈ। ਯਾਦ ਰਹੇ ਇਹੋ ਗੱਲਾਂ ਗੁਰਬਖਸ਼ ਸਿੰਘ ਕਾਲਾ ਅਫਗਾਨਾ ਤੇ ਇੰਦਰਜੀਤ ਸਿੰਘ ਘੱਗਾ ਕਰਦੇ ਹਨ, ਜਿਸ ਵਿੱਚ ਗੁਰਸਿਧਾਂਤ ਨੂੰ ਤਰਕ ਤੇ ਅਜੋਕੇ ਸਮੇਂ ਵਿੱਚ ਢਾਲ ਲੈਣਾ ਚਾਹੀਦਾ ਹੈ। ਗੁਰਮੀਤ ਸਿੰਘ ਨੇ ਗੱਲਬਾਤ ਦੌਰਾਨ ਕਿਹਾ ਨਵੀਂ ਪੀੜ੍ਹੀ ਪੰਜ ਪਿਆਰਾ ਸਿਧਾਂਤ ਅਧੀਨ ਸਰਬ-ਸੰਮਤੀ ਕਰਨ ਦੇ ਸਮਰੱਥ ਨਹੀਂ ਹੋਵੇਗੀ, ਇਸ ਲਈ ਬਹੁਸੰਮਤੀ ਦਾ ਸਿਧਾਂਤ ਲਾਗੂ ਕਰ ਦੇਣਾ ਚਾਹੀਦਾ। ਮਤਲਬ ਸਿੱਖ ਸਿਧਾਂਤ ਦੀ ਬਜਾਏ ਕਾਰਪੋਰੇਸ਼ਨ ਸਿਧਾਂਤ ਜ਼ਿਆਦਾ ਢੁੱਕਵਾਂ ਹੈ।

ਸਿੱਖ ਪੰਚਾਇਤ ਨੇ ਆਪਣੀ ਗੱਲ 'ਤੇ ਪਹਿਰਾ ਦਿੰਦੇ ਹੋਏ ਕਿਹਾ ਕਿ ਚਾਹੇ ਚੋਣਾਂ ਵਿੱਚ ਕੁੱਝ ਮਹੀਨੇ ਹੀ ਰਹਿ ਗਏ ਹਨ ਅਤੇ ਸੰਗਤ ਨੂੰ ਇਹ ਭੰਬਲ਼ਭੂਸਾ ਹੈ ਕਿ ਉੱਨੀ ਦੇਰ ਝਗੜਾ ਕਿਉਂ ਕੀਤਾ ਜਾ ਰਿਹਾ ਹੈ, ਦਾ ਸਪੱਸ਼ਟੀਕਰਣ ਦਿੰਦੇ ਹੋਏ ਕਿਹਾ ਕਿ ਝਗੜਾ ਸਿਧਾਂਤ ਹੈ ਨਾਂ ਕਿ ਗੁਰਦੁਆਰਾ ਪ੍ਰਬੰਧ ਜਾਂ ਚੋਣ ਪ੍ਰੀਕਿਰਿਆ ਦਾ। ਸਿਧਾਂਤ ਦੀ ਉਲੰਘਣਾ ਇੱਕ ਦਿਨ ਵੀ ਮਨਜੂਰ ਨਹੀਂ। ਜਦੋਂ ਕੋਈ ਗੁਰੂ ਦੇ ਸਮਰੱਥ ਹੋਣ ਤੇ ਚੈਲੰਜ ਕਰਨ ਲੱਗ ਪਏ ਤਾਂ ਉਹ ਦਾ ਕੀ ਇਲਾਜ ਹੈ ?

ਸਿੱਖ ਪੰਚਾਇਤ ਨੇ ਸਿੱਖਸ ਫਾਰ ਜਸਟਿਸ, ਅਕਾਲੀ ਦਲ ਮਾਨ ਦੇ ਭਾਈ ਟੁਲੇਰੀ ਅਤੇ ਭਜਨ ਸਿੰਘ ਭਿੰਡਰ ਵੱਲੋਂ ਨਸ਼ਲਕੁਸ਼ੀ ਦੇ ਬਹਾਨੇ ਇਸ ਜਨਰਲ ਬਾਡੀ ਵਿੱਚ ਬਾਹਰੋਂ ਆ ਕੇ ਸ਼ਾਮਿਲ ਹੋਣ ਤੇ ਅਫ਼ਸੋਸ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਮਾਨ ਦੇ ਤਕਰੀਬਨ ਸਾਰੇ ਸਿੰਘ ਇਸ ਵਿੱਚ ਸ਼ਾਮਿਲ ਨਹੀ ਹੋਏ ਪਰ ਟੁਲੇਰੀ ਨੇ ਸਾਰਿਆਂ ਦੀ ਪ੍ਰਵਾਹ ਕੀਤੇ ਬਿਨਾ ਪਾਰਟੀ ਵਿਰੁੱਧ ਸਟੈਂਡ ਲਿਆ। ਪੰਚਾਇਤ ਨੇ ਕਿਹਾ ਕਿ ਝਗੜੇ ਵੇਲੇ ਸਿੱਖ ਸੰਸਥਾਵਾਂ ਸਮਝੌਤੇ ਕਰਵਾਉਣ ਆਉਂਦੀਆਂ ਹਨ ਪਰ ਇੱਥੇ ਇਨ੍ਹਾਂ ਨੇ ਸਿੱਧੇ ਰੂਪ ਵਿੱਚ ਖਾਲਸਾ ਧੜੇ ਦੀ ਮਦਦ ਕਰਕੇ ਵਿਵਾਦ ਹੋਰ ਭਖਾਇਆ ਹੈ। ਸਿੱਖ ਪੰਚਾਇਤ ਨੇ ਇਨ੍ਹਾਂ ਨੂੰ ਬੇਨਤੀ ਕੀਤੀ ਕਿ 8 ਦਸੰਬਰ ਵਾਲੀ ਦੁਬਾਰਾ ਹੋਣ ਵਾਲੀ ਮੀਟਿੰਗ ਵਿੱਚ ਦਖ਼ਲ ਨਾ ਦੇਣ ਤਾਂ ਜੋ ਲੋਕਲ ਸੰਗਤ ਆਪਣੇ ਫ਼ੈਸਲੇ ਕਰ ਸਕੇ। ਉਨ੍ਹਾਂ ਨੇ ਜਥੇਬੰਦੀਆਂ ਨੂੰ ਸੁਆਲ ਕੀਤਾ ਕਿ ਜਿਨ੍ਹਾਂ ਦੀ ਮਦਦ ਤੇ ਤੁਸੀਂ ਆਉਂਦੇ ਹੋ, ਉਹ ਪੱਛਮ ਦੀਆਂ ਲੀਹਾਂ ਤੇ ਪੰਜ ਪਿਆਰਾ ਸਿਧਾਂਤ ਨੂੰ ਬਦਲਣ ਦੀ ਵਕਾਲਤ ਕਰਦੇ ਹਨ। ਇਸ ਲਈ ਮਦਦ ਕਰਨ ਵੇਲੇ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ।

ਇੱਥੇ ਸਾਧ ਸੰਗਤ ਨੂੰ ਇੱਕ ਜਾਣਕਾਰੀ ਦੇਣੀ ਬਣਦੀ ਹੈ ਕਿ ਖਾਲਸਾ ਗਰੁੱਪ ਜਨਰਲ ਬਾਡੀ ਰੁਕਵਾਉਣ ਲਈ ਕੋਰਟ ਵਿੱਚ ਗਿਆ ਸੀ ਅਤੇ ਕੋਰਟ ਨੇ ਇਨ੍ਹਾਂ ਦੀ ਅਪੀਲ ਖ਼ਾਰਜ ਕਰ ਦਿੱਤੀ ਸੀ ਪਰ ਫੇਰ ਵੀ ਇਨ੍ਹਾਂ ਨੇ ਕੋਰਟ ਦੇ ਆਰਡਰਾਂ ਦੀ ਪਰਵਾਹ ਕੀਤੇ ਬਗੈਰ ਜਨਰਲ ਬਾਡੀ ਨਹੀਂ ਹੋਣ ਦਿੱਤੀ।

ਸਿੱਖ ਪੰਚਾਇਤ ਨੇ ਆਪਣੀ ਗੱਲ ਦੁਹਰਾਉਂਦਿਆਂ ਆਉਣ ਵਾਲੀ ਜਨਰਲ ਬਾਡੀ ਦੇ ਮੁੱਦਿਆਂ ਦਾ ਜ਼ਿਕਰ ਕਰਦੇ ਕਿਹਾ ਕਿ ਸਾਡੀ ਕੋਸ਼ਿਸ਼ ਹੋਵੇਗੀ ਕਿ ਮੌਜੂਦਾ ਸਾਰੇ ਸੁਪਰੀਮ ਕੌਂਸਲ ਮੈਂਬਰ ਸ਼ੁੱਕਰਵਾਰ ਨੂੰ ਕੀਤੇ ਸਮਝੌਤੇ 'ਤੇ ਪਹਿਰਾ ਦੇਣ ਅਤੇ 8 ਦਸੰਬਰ ਨੂੰ ਆਪ ਹੀ ਸੰਗਤ ਨੂੰ ਸੁਣਾ ਦੇਣ। ਜੇ ਉਹ ਪੰਜ ਪਿਆਰਾ ਸਿਧਾਂਤ ਤੇ ਪਹਿਰਾ ਨਹੀਂ ਦੇ ਸਕਦੇ ਤਾਂ ਪਾਸੇ ਹੋ ਜਾਣ ਤੇ ਸੰਗਤ ਆਰਜ਼ੀ ਤੌਰ ਤੇ ਚੋਣਾਂ ਤੱਕ ਨਵੀਂ ਸੁਪਰੀਮ ਕੌਂਸਲ ਚੁਣ ਲਵੇ।

### ਹਉਮੈ ਵਿਚ ਗ੍ਰਸਿਆਂ ਨੇ ਸਿੱਖ ਸਿਧਾਂਤ ਨੂੰ ਤਿਲਾਂਜਲੀ ਦਿੰਦਿਆਂ ਕੋਰਟ ਦੇ ਹੁਕਮਾਂ ਦੀ ਵੀ ਪ੍ਰਵਾਹ ਨਹੀਂ ਕੀਤੀ : ਸਿੱਖ ਪੰਚਾਇਤ

ਗੁਰਦੁਆਰਾ ਸਾਹਿਬ ਫਰੀਮੌਂਟ ਸਿੱਖ ਰਾਜਨੀਤੀ ਦੇ ਧੁਰੇ ਵਜੋਂ ਜਾਣਿਆ ਜਾਂਦਾ ਹੈ। ਸ਼ਹੀਦਾਂ ਦੇ ਅਸਥਾਨ ਵਜੋਂ ਜਾਣੇ ਜਾਂਦੇ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਜ ਪ੍ਰਧਾਨੀ ਭਾਵ ਪੰਜ ਸੁਪਰੀਮ ਕੌਂਸਲ ਮੈਂਬਰਾਂ ਦੀ ਆਪਣੀ ਸਹਿਮਤੀ ਨਾਲ ਚਲਾਇਆ ਜਾ ਰਿਹਾ ਹੈ। ਬਦਕਿਸਮਤੀ ਨਾਲ ਇਸ ਵਾਰ ਪੰਜ ਸੁਪਰੀਮ ਕੌਂਸਲ ਮੈਂਬਰਾਂ ਵਿਚੋਂ ਦੋ ਅਜਿਹੇ ਵਿਅਕਤੀ ਸ਼ਾਮਲ ਹੋ ਗਏ ਜਿਨ੍ਹਾਂ ਨੇ ਆਪਣੀ ਨਿੱਜੀ ਹਾਊਮੈ ਨੂੰ ਪੱਠੇ ਪਾਉਂਦਿਆਂ ਨਾਦਰਸ਼ਾਹੀ ਰਵੱਈਆ ਅਪਣਾਉਂਦਿਆਂ ਫਰੀਮੌਂਟ ਦੀ ਫਿਜ਼ਾ ਵਿਚ ਐਸੀ ਅੱਗ ਲਾਈ ਕਿ ਜਿਹੜੀ ਦਿਨ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ। ਈਰਖਾ ਅਤੇ ਹੰਕਾਰ ਵਿਚ ਡੁੱਬੇ ਹੋਏ ਇਨ੍ਹਾਂ ਭੱਦਰਪੁਰਸ਼ਾਂ ਨੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਹਮੇਸ਼ਾ ਨਾਦਰਸ਼ਾਹੀ ਰਵੱਈਆ ਹੀ ਅਪਣਾਇਆ। ਇਨ੍ਹਾਂ ਦੀਆਂ ਆਪਹੁਦਰੀਆਂ ਕਾਰਵਾਈਆਂ ਕਾਰਨ ਕੇਸ ਕੋਰਟ ਵਿਚ ਚੱਲ ਰਿਹਾ ਹੈ। ਸਿੱਖ ਸੰਗਤਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਸਿੱਖ ਪੰਚਾਇਤ ਵਲੋਂ ਡੇਢ ਮਹੀਨਾ ਪਹਿਲਾਂ ਜਨਰਲ ਬਾਡੀ ਇਜਲਾਸ ਦੀ ਤਰੀਕ 24 ਨਵੰਬਰ 2019 ਮਿੱਥੀ ਗਈ ਤਾਂ ਕਿ ਪਹਿਲੇ ਹਫ਼ਤਿਆਂ ਦੇ ਇਤਿਹਾਸਕ ਪ੍ਰੋਗਰਾਮਾਂ ਤੋਂ ਬਾਅਦ ਹੀ ਪ੍ਰਬੰਧ ਨੂੰ ਚਲਾਉਣ ਲਈ ਕੋਈ ਸੁਚੱਜਾ ਤੇ ਸੁਚਾਰੂ ਫੈਸਲਾ ਲਿਆ ਜਾ ਸਕੇ। ਹਰਮਿੰਦਰਪਾਲ ਸਿੰਘ ਤੇ ਕੁਲਜੀਤ ਸਿੰਘ ਦੀ ਨਾਲਾਇਕੀ ਤੇ ਮੱਤ ਤੇ ਪਿਆ ਹੋਇਆ ਹੰਕਾਰ ਦਾ ਪਰਦਾ ਜਿਨ੍ਹਾਂ ਨੇ ਪਿਛਲੇ ਅੱਠ ਸਾਲਾਂ ਤੋਂ ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸ਼ਾਂਤੀ ਨੂੰ ਲਾਂਬੂ ਲਾਇਆ ਹੋਇਆ ਹੈ।

### ਗੁਰਦੁਆਰਾ ਸਾਹਿਬ ਫਰੀਮੌਂਟ ਦੀ ਸੁਪਰੀਮ ਕੌਂਸਲ ਵਲੋਂ ਸਰਬਸੰਮਤੀ ਨਾਲ ਲਏ ਗਏ ਫੈਸਲੇ

**ਮਿਤੀ , ਨਵੰਬਰ 22 2019**

ਗੁਰੂ ਪਿਆਰੀ ਸਾਧ ਸੰਗਤ ਜੀ , ਪਿਛਲੇ ਕੁਝ ਸਮੇਂ ਤੋਂ ਗੁਰਦਵਾਰਾ ਸਾਹਿਬ ਫਰੀਮੌਂਟ ਵਿਖੇ ਚੱਲ ਰਹੇ ਵਿਵਾਦ ਅਤੇ ਤਲਖੀ ਵਾਲੇ ਮਾਹੌਲ ਤੋਂ ਇਲਾਕੇ ਅਤੇ ਬਾਹਰਲੇ ਇਲਾਕਿਆਂ ਵਿਚ ਬੈਠੀਆਂ ਸੰਗਤਾਂ ਪ੍ਰੇਸ਼ਾਨ ਅਤੇ ਫ਼ਿਕਰਮੰਦ ਸਨ. ਸੰਗਤ ਵਿਚੋਂ ਕੁੱਝ ਸੁਹਿਰਦ ਅਤੇ ਪਤਵੰਤੇ ਸੱਜਣਾਂ ਵਲੋਂ ਲਗਾਤਾਰ ਪਿਛਲੇ ਕੁੱਝ ਹਫਤਿਆਂ ਤੋਂ ਦੋਨਾਂ ਗਰੁੱਪਾਂ ਨਾਲ ਮੀਟਿੰਗਾਂ ਦਾ ਪ੍ਰਬੰਧ ਕੀਤਾ ਗਿਆ।

ਦੋਨਾਂ ਗਰੁਪਾਂ ਦੀ ਗੱਲ ਬੜੇ ਧਿਆਨ ਨਾਲ ਵਾਚਣ ਤੋਂ ਬਾਅਦ, ਇਹਨਾਂ ਸਾਂਝੇ ਤੇ ਸੁਹਿਰਦ ਸੱਜਣਾਂ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਸੁਪਰੀਮ ਕੌਂਸਲ ਦੇ ਪੰਜ ਮੈਂਬਰਾਂ (ਪੰਜ ਪਿਆਰਾ) ਨੂੰ ਮਿਲ ਕੇ ਇਸ ਸਮੱਸਿਆ ਦਾ ਹੱਲ ਲੱਭਣ ਦੀ ਬੇਨਤੀ ਕੀਤੀ ਜਾਵੇ, ਲਿਹਾਜ਼ਾ ਅੱਜ ਮਿਤੀ 22 ਨਵੰਬਰ 2019 , ਦਿਨ ਸ਼ੁੱਕਰਵਾਰ ਨੂੰ, ਗੁਰਦਵਾਰਾ ਸਾਹਿਬ ਫਰੀਮੌਂਟ ਵਿਖੇ ਇੱਕ ਵਿਸਥਾਰ ਮੀਟਿੰਗ ਕੀਤੀ ਗਈ।

ਬਹੁਤ ਹੀ ਪ੍ਰੇਮ ਤੇ ਜ਼ਿੰਮੇਵਾਰੀ ਵਾਲੇ ਮਾਹੌਲ ਵਿਚ ਕੋਈ 5 ਘੰਟੇ ਚੱਲੀ ਇਸ ਮੀਟਿੰਗ ਵਿਚ ਸਾਰੇ ਮੈਂਬਰ ਸਾਹਿਬਾਨ ਵਲੋਂ ਬੜੀ ਸੁਹਿਰਦਤਾ ਦਾ ਸਬੂਤ ਦਿੱਤਾ ਗਿਆ। ਇੱਕ ਦੂਜੇ ਦੀ ਗੱਲ ਨੂੰ ਸੁਣਿਆ ਤੇ ਸਮਝਿਆ ਗਿਆ। ਕਾਫੀ ਮੁੱਦਿਆਂ ਉੱਤੇ ਆਮ ਸਹਿਮਤੀ ਪ੍ਰਗਟ ਕੀਤੀ ਗਈ। ਇਸ ਸਾਰੇ ਵਿਵਾਦ ਨੂੰ ਠੱਲ੍ਹ ਪਾਉਣ ਲਈ ਸਾਂਝੇ ਸੱਜਣਾਂ ਦੀ ਹਾਜ਼ਰੀ ਵਿਚ ਹੇਠ ਲਿਖੇ ਫੈਸਲੇ ਲਏ ਗਏ।

ੳ) ਵੋਟਾਂ ਦੀ ਪ੍ਰਕਿਰਿਆ ਪੂਰੀ ਕਰਨ ਲਈ ਹੇਠ ਲਿਖੇ ਸਾਂਝੇ ਸੱਜਣ ਮੁਕਰਰ ਕੀਤੇ ਗਏ ਹਨ। ਇਹ ਕਮੇਟੀ ਆਪਸ ਵਿੱਚ ਬਹੁਸੰਮਤੀ ਨਾਲ ਕਿਸੇ ਮੁੱਦੇ ਜਾਂ ਵਿਵਾਦ ਬਾਰੇ ਫੈਸਲਾ ਨਹੀਂ ਕਰ ਸਕੇਗੀ। ਅਜਿਹੀ ਸਥਿਤੀ ਵਿੱਚ ਜਿਹੜੇ ਸੁਹਿਰਦ ਵੀਰਾਂ ਨੇ ਸਮਝੌਤਾ ਕਰਾਇਆ ਹੈ ਉਹਨਾਂ ਨੂੰ ਫੈਸਲਾ ਲੈਣ ਦੀ ਖੁੱਲ੍ਹ ਹੋਵੇਗੀ।

1. ਨਿਰਪਾਲ ਸਿੰਘ ਮੁਸ਼ੀਆਣਾ
2. ਅਮ੍ਰਿਤਪਾਲ ਪਾਲ ਸਿੰਘ
3. ਤੇਜਿੰਦਰ ਸਿੰਘ ਧਾਮੀ
4. ਬਲਜੀਤ ਸਿੰਘ ਹੰਸਰਾ
5. ਕਮਲਜੀਤ ਸਿੰਘ ਧਾਮੀ
6. ਇਕਬਾਲ ਸਿੰਘ ਹੁੰਦਲ
7. ਜੋਤ ਪ੍ਰੀਤ ਸਿੰਘ ਸ਼ਾਹੀ
8. ਹਰਜਿੰਦਰ ਸਿੰਘ ਬਾਸੀ
9. ਚਾਰਲੀ ਸਿੰਘ ਚੀਮਾ

ਉਪਰੋਕਤ ਸੱਜਣ, ਵੋਟਾਂ ਬਣਾਉਣ ਦੀ ਪ੍ਰਕਿਰਿਆ, ਬਿਨਾ ਕਿਸੇ ਭੇਦ ਭਾਵ ਅਤੇ ਨਿਰਪੱਖ ਹੋ ਕੇ ਚਲਾਉਣ ਦਾ ਅਹਿਦ ਲੈ ਕੇ ਪਰਕਿਰਿਆ ਸ਼ੁਰੂ ਕਰਨਗੇ।

ਅ) ਪੰਜ ਪਿਆਰਿਆਂ ਦੇ ਸਿਧਾਂਤ ਦੀ ਰੋਸ਼ਨੀ ਵਿੱਚ ਆਉਣ ਵਾਲੇ ਤਿੰਨ ਮਹੀਨੇ ਭਾਵ ਚੋਣਾਂ ਤੋਂ ਪਹਿਲਾਂ ਜੇਕਰ ਸੰਗਤ ਜਾਂ ਗੁਰਦਵਾਰਾ ਸਾਹਿਬ ਦੀ ਬੇਹਤਰੀ ਲਈ ਕੋਈ ਫੈਸਲਾ ਲੈਣ ਦੀ ਜ਼ਰੂਰਤ ਪੈਂਦੀ ਹੈ ਤਾਂ ਪੰਜ ਸੁਪਰੀਮ ਕੌਂਸਿਲ ਮੈਂਬਰਾਨ ਦੀ ਸਹਿਮਤੀ ਤੋਂ ਬਗੈਰ ਕੋਈ ਵੀ ਮੁੱਦਾ ਪਾਸ ਨਹੀਂ ਕੀਤਾ ਜਾਵੇਗਾ। ਕੋਈ ਵੀ ਫੈਸਲਾ ਬਹੁ ਸੰਮਤੀ ਦੀ ਬਜਾਏ ਸਰਬ ਸੰਮਤੀ ਨਾਲ ਹੀ ਲਿਆ ਜਾ ਸਕਦਾ ਹੈ। ਪਿਛਲੇ ਕੁੱਝ ਮੁੱਦੇ ਜਿਵੇਂ ਕੈਲ਼ੰਡਰ, HVAC ਪ੍ਰੋਜੈਕਟ, Phase-2 ਦੀ ਉਸਾਰੀ ਆਦਿ ਮਾਰਚ ਦੀਆਂ ਚੋਣਾਂ ਤੱਕ ਰਾਖਵੇਂ ਰਹਿਣਗੇ।

ੲ) ਸਟੇਜ ਕਮੇਟੀ ਕਿਸੇ ਵੀ ਤਰ੍ਹਾਂ ਨਾਲ ਸਟੇਜ ਨੂੰ, ਚੋਣਾਂ ਵਿਚ ਜਾਂ ਚੋਣਾਂ ਤੋਂ ਪਹਿਲਾਂ, ਕਿਸੇ ਖਾਸ ਧਿਰ ਦੇ ਮੁਫ਼ਾਦ ਲਈ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਹੀਂ ਵਰਤ ਸਕਦੀ।

ਸ) ਖ਼ਜ਼ਾਨਾ ਅਤੇ ਸਟੇਜ ਦਾ ਕੰਟਰੋਲ ਅਗਲੇ ਤਿੰਨ ਮਹੀਨੇ, ਭਾਵ ਚੋਣਾਂ ਤੱਕ ਪਿਛਲੇ ਦਿਨਾਂ ਵਾਂਗ ਬਿਨਾਂ ਕਿਸੇ ਬਦਲਾਅ ਤੋਂ ਚਲਦਾ ਰਹੇਗਾ!

# ਗੁਰਮੀਤ ਸਿੰਘ ਸੰਗਤ ਵਿੱਚ ਖੁੱਲੀ ਬਹਿਸ ਲਈ ਆਵੇ : ਜਸਜੀਤ ਸਿੰਘ

ਸਿੱਖ ਪੰਚਾਇਤ ਦੇ ਭਾਈ ਜਸਜੀਤ ਸਿੰਘ ਨੇ ਭਾਈ ਗੁਰਮੀਤ ਸਿੰਘ ਖਾਲਸਾ ਨੂੰ ਸੰਗਤ ਵਿੱਚ ਪੰਜ ਪਿਆਰਾ ਸਿਧਾਂਤ ਨੂੰ ਲੈ ਕੇ ਖੁੱਲ੍ਹੀ ਬਹਿਸ ਦਾ ਸੱਦਾ ਦਿੱਤਾ ਹੈ। ਉਹਨਾਂ ਕਿਹਾ ਕਿ ਸਾਨੂੰ ਗੁਰਮੀਤ ਸਿੰਘ ਵੱਲੋਂ ਕਹੀਆਂ ਗੱਲਾਂ ਅਸਿੱਧੇ ਰੂਪ ਵਿੱਚ ਪਹੁੰਚ ਰਹੀਆਂ ਹਨ, ਕਿਉਂ ਨਾ ਆਪਾਂ ਸੰਗਤ ਵਿੱਚ ਆਪਣਾ-ਆਪਣਾ ਪੱਖ ਰੱਖ ਦਈਏ।

ਜਸਜੀਤ ਸਿੰਘ ਨੇ ਕਿਹਾ ਕਿ ਮੈਨੂੰ ਪਤਾ ਲੱਗਾ ਹੈ ਕਿ ਗੁਰਮੀਤ ਸਿੰਘ, ਬੀਬੀ ਸਰਬਜੀਤ ਕੌਰ ਚੀਮਾ ਤੇ ਦਰਸ਼ਨ ਸੰਧੂ ਕਹਿੰਦੇ ਹਨ ਕਿ ਅਸੀਂ ਦੁਨਿਆਵੀ ਲੋਕ ਹਾਂ, ਗੁਰੂ ਸਾਹਿਬ ਵੱਲੋਂ ਸਾਜੇ ਪੰਜ ਪਿਆਰਿਆਂ ਦੀ ਬਰਾਬਰੀ ਨਹੀਂ ਕਰ ਸਕਦੇ ਇਸ ਲਈ ਪੰਜ ਪਿਆਰਿਆਂ ਵਾਲਾ ਸਿਧਾਂਤ ਰੱਖਣਾ ਮੁਮਕਿਨ ਨਹੀਂ। ਉਹਨਾਂ ਵੱਲੋਂ ਮੇਰੇ 'ਤੇ ਇਹ ਦੋਸ਼ ਲਾਇਆ ਗਿਆ ਹੈ ਕਿ ਇਹ ਸਿਧਾਂਤ ਦੀ ਵਕਾਲਤ ਮੈਂ ਆਪਣੀ ਪੰਥ ਵਿਰੋਧੀ ਨੀਤੀ ਅਧੀਨ ਕਰ ਰਿਹਾ ਹਾਂ ਕਿਉਂਕਿ ਪੰਜਾਂ ਵਿੱਚ ਇੱਕ ਵੀ ਬੰਦਾ ਜੇ ਨਾ ਮੰਨੇ ਤਾਂ ਪੰਥ ਦਾ ਕੋਈ ਕੰਮ ਹੋ ਹੀ ਨਹੀਂ ਸਕਦਾ। ਇਹ ਜਸਜੀਤ ਸਿੰਘ ਦੀ ਚਾਲ ਹੈ ਕਿ ਨਵੀਂ ਪੀੜ੍ਹੀ ਕੋਈ ਕੰਮ ਕਰ ਹੀ ਨਾ ਸਕੇ। ਮੈਂ ਕਹਿੰਦਾ ਹਾਂ ਕਿ ਜੇ ਉਹਨਾਂ ਨੂੰ ਆਪਣੀ ਗੱਲ ਏਨੀ ਠੀਕ ਲੱਗਦੀ ਹੈ ਤਾਂ ਸੰਗਤ ਨੂੰ ਵੀ ਖੁੱਲ੍ਹੇ ਰੂਪ ਵਿੱਚ ਦੱਸ ਦੇਣ ਤੇ ਮੈਂ ਆਪਣੀ ਗੱਲ ਰੱਖ ਦਿੰਦਾ ਹਾਂ ਤਾਂ ਜੋ ਸੰਗਤ ਨੂੰ ਪਤਾ ਲੱਗ ਸਕੇ ਕਿ ਅਸਲ ਸੱਚਾਈ ਕੀ ਹੈ।

ਜਸਜੀਤ ਸਿੰਘ ਨੇ ਕਿਹਾ ਕਿ ਜਿਹੜੇ ਲੋਕਾਂ ਨੂੰ ਲੱਗਦਾ ਹੈ ਕਿ ਪੰਜ ਪਿਆਰਾ ਸਿਧਾਂਤ ਪੱਛਮੀ ਸਿਸਟਮ ਵਿੱਚ ਮੁਮਕਿਨ ਨਹੀਂ, ਉਹ ਘੱਟੋ ਘੱਟ ਗੁਰੂ ਨਾਲ ਦਗਾ ਕਰਨ ਦੀ ਬਜਾਏ ਗੁਰਦੁਆਰੇ ਦਾ ਸੰਵਿਧਾਨ ਬਦਲਣ ਦੀ ਗੱਲ ਕਰਨ ਨਾ ਕਿ ਗੁਰਸਿਧਾਂਤ। ਉਹਨਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ 30-35 ਸਾਲ ਸਿੱਖ ਸਿਆਸਤ ਵਿੱਚ ਵਿਚਰਨ ਵਾਲੇ ਬੰਦਿਆਂ ਦੀ ਗੁਰਸਿਧਾਂਤ ਬਾਰੇ ਜਾਣਕਾਰੀ ਏਨੀ ਪੇਤਲੀ ਹੋ ਸਕਦੀ ਹੈ ? ਇਸ ਤੋਂ ਪਤਾ ਲੱਗਦਾ ਹੈ ਕਿ ਇਹੀ ਕਾਰਣ ਹੈ ਕਿ ਇਹ ਲੋਕ ਪੰਥ ਲਈ ਕੋਈ ਖ਼ਾਸ ਸੇਵਾ ਨਹੀਂ ਕਰ ਸਕੇ। ਇਹਨਾਂ ਦੀ ਸਿਆਸਤ ਤੇ ਕਰਮ ਬੰਦਿਆਂ ਦਾ ਸਾਥ ਦੇਣ ਜਾਂ ਵਿਰੋਧ ਕਰਨ ਵਿੱਚ ਹੀ ਹੈ। ਭਾਈ ਜਸਜੀਤ ਸਿੰਘ ਨੇ ਬੀਬੀ ਸਰਬਜੀਤ ਕੌਰ ਚੀਮਾ ਨੂੰ ਸਲਾਹ ਦਿੱਤੀ ਕਿ ਜੇ ਤੁਸੀਂ ਪੱਛਮੀ ਸਿਸਟਮ ਵਿੱਚ ਸਿਆਸਤ ਕਰਨੀ ਚਾਹੁੰਦੇ ਹੋ ਤਾਂ ਸਿੱਖੀ ਬਾਰੇ ਠੋਸ ਸਮਝ ਗ੍ਰਹਿਣ ਕਰੋ, ਨਹੀਂ ਤਾਂ ਗੈਰਸਿੱਖਾਂ ਵਿੱਚ ਤੁਹਾਡਾ ਕਰਮ ਤੇ ਗੱਲ-ਬਾਤ ਸਿੱਖੀ ਦਾ ਨੁਕਸਾਨ ਕਰਨਗੇ।

ਮੈਨੂੰ ਬਹੁਤ ਉਮੀਦ ਹੈ ਕਿ ਖਾਲਸੇ ਨੇ ਬਹਿਸ ਲਈ ਨਹੀਂ ਆਉਣਾ ਕਿਉਂ ਕਿ ਕਮਰਿਆਂ ਵਿੱਚ ਬਹਿ ਕੇ ਤੇ ਕੰਨਾਂ ਵਿੱਚ ਫੂਕਾਂ ਮਾਰ ਕੇ ਇਹਨਾਂ ਨੇ ਲੋਕਾਂ ਕੋਲ ਮੇਰਾ ਅਕਸ ਵਿਗਾੜਿਆ ਹੈ ਤੇ ਮੈਂ 20-25 ਸਾਲ ਚੁੱਪ ਰਹਿ ਕੇ ਸਹਿਣ ਕੀਤਾ ਹੈ। ਪਰ ਹੁਣ ਕਈ ਵੀਰਾਂ ਦੀ ਗੱਲ ਮੰਨਦੇ ਹੋਏ ਮੈਂ ਸੰਗਤੀ ਰੂਪ ਵਿੱਚ ਵਿਚਰਨਾ ਸ਼ੁਰੂ ਕੀਤਾ ਹੈ। ਮੇਰਾ ਮੁੱਖ ਮੰਤਵ ਤਾਂ ਪੰਥ ਦੀ ਸੇਵਾ ਹੀ ਰਹੇਗਾ ਪਰ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਅਜਿਹੇ ਬੰਦੇ ਪੰਥਕ ਸਫ਼ਾ ਵਿੱਚੋਂ ਲਾਂਭੇ ਕਰਨੇ ਚਾਹੀਦੇ ਹਨ। ਉਹ ਤਾਂ ਹੀ ਮੁਮਕਿਨ ਹੋ ਸਕੇਗਾ ਜੇ ਸੰਗਤ ਇਹਨਾਂ ਨੂੰ ਅਤੇ ਸਾਨੂੰ ਜਾਣੇ ਅਤੇ ਜਿਹੜਾ ਠੀਕ ਲੱਗੇ ਉਸਦਾ ਸਾਥ ਦਵੇ। ਮੇਰੀ ਇਹਨਾਂ ਨੂੰ ਬੇਨਤੀ ਹੈ ਕਿ ਬਹਿਸ ਦਾ ਸੱਦਾ ਕਬੂਲ ਕਰਨ, ਸ਼ਰਤਾਂ ਇਹ ਤਹਿ ਕਰ ਲੈਣ ਮੇਰੀ ਕੋਈ ਸ਼ਰਤ ਨਹੀਂ। ਬਹਿਸ ਦਾ ਸਮਾਂ, ਸਥਾਨ ਤੇ ਮੁੱਦੇ ਵੀ ਇਹ ਤਹਿ ਕਰ ਲੈਣ। ਮੈਂ ਸਿਰਫ ਦੋ ਮੁੱਦਿਆਂ ਬਾਰੇ ਬਹਿਸ ਕਰਨੀ ਚਾਹਾਂਗਾ ਪਹਿਲਾ ਪੰਜ ਪਿਆਰਾ ਸਿਧਾਂਤ ਤੇ ਪੱਛਮੀ ਤਰਜ਼ੇ ਜ਼ਿੰਦਗੀ ਤੇ ਦੂਜਾ, ਇੱਕ ਦੂਜੇ ਦੇ ਪੰਥ ਪ੍ਰਤੀ ਜਾਂ ਪੰਥ ਵਿਰੋਧੀ ਕੰਮਾਂ ਦੀ ਪੜਚੋਲ।

ਮੈਨੂੰ ਬੋਲਣ ਲਈ ਇੱਕ ਘੰਟਾ ਚਾਹੀਦਾ ਹੈ ਤੇ ਜੇ ਖੁੱਲ੍ਹੀ ਬਹਿਸ ਨਹੀਂ ਕਰਨੀ ਤਾਂ ਮੈਨੂੰ ਜਿੱਥੇ ਮਰਜ਼ੀ ਸੱਦ ਲੈਣ ਮੈਂ ਇਕੱਲਾ ਆਉਣ ਨੂੰ ਵੀ ਤਿਆਰ ਹਾਂ ਪਰ ਮੇਰੀ ਬਹਿਸ ਦੀ ਬੇਨਤੀ ਕਬੂਲਣ। ਮੈਂ ਬਹਿਸ ਕਰਨ ਬਾਰੇ ਆਪਣਾ ਉਦੇਸ਼ ਸ਼ਪੱਸ਼ਟ ਕਰਨਾ ਚਾਹੁੰਦਾ ਹਾਂ। ਮੈਨੂੰ ਤੁਹਾਡੇ ਨਾਲ ਬਹਿਸ ਕਰਨ ਦਾ ਕੋਈ ਚਾਅ ਨਹੀਂ, ਮੈਂ ਤਾਂ ਸਿਰਫ ਸੰਗਤ ਨਾਲ ਤੁਹਾਡੀ ਜਾਣ ਪਹਿਚਾਣ ਹੀ ਕਰਵਾਉਣੀ ਚਾਹੁੰਦਾ ਹਾਂ ਤਾਂ ਜੋ ਸੰਗਤ ਤੁਹਾਡੇ ਜਾਂ ਸਾਡੇ ਤੋਂ ਹੋਰ ਗੁੰਮਰਾਹ ਨਾ ਹੋਵੇ। ਉਮੀਦ ਹੈ ਪਬਲਿਕ ਵਿੱਚ ਇਸਦਾ ਜੁਆਬ ਦਉਗੇ।

# ਕੁਲਜੀਤ ਸਿੰਘ ਤੇ ਹਰਮਿੰਦਰ ਸਿੰਘ ਦੇ ਮੁੱਕਰਨ ਨਾਲ ਗੁਰਦੁਆਰਾ ਸਾਹਿਬ ਫਰੀਮੌਂਟ ਵਾਲੀ ਘਟਨਾ ਹੋਈ

**ਫਰੀਮੌਂਟ:** ਸੁਪਰੀਮ ਕੌਂਸਲ ਮੈਂਬਰ ਭਾਈ ਹਰਿੰਦਰਪਾਲ ਸਿੰਘ ਨੇ ਪ੍ਰੈਸ ਨੂੰ ਸੁਪਰੀਮ ਕੌਂਸਲ ਤੇ ਸਮਝੌਤਾ ਟੀਮ ਵਿਚਾਲੇ Whatsapp ਤੇ ਹੋਈ ਗੱਲਬਾਤ ਨਸ਼ਰ ਕਰ ਦਿੱਤੀ ਹੈ ਜਿਸ ਤੋਂ ਸਾਫ਼ ਜਾਹਿਰ ਹੁੰਦਾ ਹੈ ਕਿ ਅਖੀਰਲਾ ਟੈਕਸਟ ਕੁਲਜੀਤ ਸਿੰਘ ਵੱਲੋਂ ਹੈ ਜੋ ਕਹਿ ਰਿਹਾ ਹੈ ਕਿ ਸਮਝੌਤੇ ਬਾਰੇ ਸਟੇਜ ਤੋਂ ਸੰਗਤ ਨੂੰ ਨਾਂ ਦੱਸੋ। ਉਹ ਭਾਈ ਰਜਿੰਦਰ ਸਿੰਘ ਟਾਂਡੇ ਦੇ ਸੁਆਲ "Bhaji how we are going to deliver to sangat" ਦੇ ਜੁਆਬ ਵਿੱਚ ਕਹਿੰਦਾ ਹੈ ਕਿ 'ਭਾਜੀ ਜਦੋਂ ਅਗਲੇ ਹਫ਼ਤੇ ਵੋਟਰ ਰਜਿਸਟ੍ਰੇਸ਼ਨ ਸ਼ੁਰੂ ਹੋ ਜਾਵੇਗੀ ਰਲਮਿਲ ਕੇ ਵੋਟਾਂ ਬਨਣੀਆਂ ਹੈ ਆਪੇ ਸੰਗਤ ਨੂੰ ਪਤਾ ਲੱਗ ਜਾਣਾ। ਸੁਪਰੀਮ ਕੌਂਸਲ ਨੇ ਬਹਿ ਕੇ ਇਹ ਫੈਸਲਾ ਕੀਤਾ ਹੈ।' ਹੁਣ ਗੱਲ ਉਸ ਵੇਲੇ ਹੀ ਸ਼ੱਕੀ ਹੋ ਜਾਂਦੀ ਹੈ ਕਿ ਜਦੋਂ ਇਨ੍ਹਾਂ ਨੇ ਸ਼ੁੱਕਰਵਾਰ ਰਾਤ ਸਮਝੌਤੇ ਦਾ ਕੋਈ ਇਕਰਾਰਨਾਮਾ ਨਹੀਂ ਬਣਾਇਆ ਤੇ ਨਾ ਹੀ ਕੋਈ ਦਸਤਖ਼ਤ ਕੀਤੇ। ਕੁਲਜੀਤ ਤੇ ਹਰਮਿੰਦਰ ਦੇ ਮਨ ਵਿੱਚ ਕਪਟ ਸੀ ਕਿਉਂਕਿ ਨਾ ਤਾਂ ਇਹ ਦਸਤਖ਼ਤ ਕਰਨਾ ਚਾਹੁੰਦੇ ਸਨ ਅਤੇ ਨਾ ਹੀ ਸਮਝੌਤਾ ਸੰਗਤ ਵਿੱਚ ਸੁਣਾਉਣਾ ਚਾਹੁੰਦੇ ਸਨ।

## ਮੁੱਕਰਨ ਦੀ ਕਹਾਣੀ ਟੈਕਸਟਾਂ ਦੀ ਜ਼ੁਬਾਨੀ



# DIAMOND TRANSPORTATION

DIAMOND Transportation Logistics, Inc.

## Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment

ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ **209.487.3699**

ਹਰਨੇਕ ਸਿੰਘ ਅਟਵਾਲ **209.351.5965**

**2850 Loomis Rd, Stockton, CA 95205**

# A-ONE EXPRESS

A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

**3096 Farrar Ave Modesto, CA 95354**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਫਰਿਜ਼ਨੋ ਨਿਵਾਸੀ ਜਸਪਾਲ ਸਿੰਘ ਢੇਸੀ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਜਸਪਾਲ ਸਿੰਘ ਢੇਸੀ (ਸਪੁੱਤਰ ਸਵ: ਸ. ਸਾਧੂ ਸਿੰਘ ਢੇਸੀ ਅਤੇ ਮਾਤਾ ਸਵ: ਮਹਿੰਦਰ ਕੌਰ ਢੇਸੀ) ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 21 ਨਵੰਬਰ ਦੀ ਸਵੇਰ ਅਕਾਲ ਚਲਾਣਾ ਕਰ ਗਏ ਸਨ। ਇਸ ਸਮੇਂ ਉਨ੍ਹਾਂ ਦੀ ਉਮਰ 62



ਸਾਲ ਸੀ। ਉਨ੍ਹਾਂ ਦਾ ਪਿਛਲਾ ਪਿੰਡ ਢੇਸੀਆ ਕਾਨ੍ਹਾਂ ਸੀ, ਜੋ ਜਿਲ੍ਹਾਂ ਜਲੰਧਰ ਵਿੱਚ ਹੈ। ਸਵ: ਜਸਪਾਲ ਸਿੰਘ ਪਿਛਲੇ ਲੰਮੇ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਪਹਿਲਾ ਪੰਜਾਬ ਤੋਂ ਆ ਕਸਬਾ ਸਨਵਾਕੀਨ, ਬਾਅਦ ਵਿੱਚ ਕਰਮਨ ਸ਼ਹਿਰ ਰਹੇ ਅਤੇ ਹੁਣ ਫਰਿਜ਼ਨੋ ਵਿਖੇ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਜਿੰਨ੍ਹਾਂ ਆਪਣੇ ਪਰਿਵਾਰਕ ਕੰਮਾਂ-ਕਾਰਾਂ ਤੋਂ ਇਲਾਵਾ ਪੰਜਾਬੀ ਗੀਤਕਾਰੀ ਵਿੱਚ ਵੀ ਹਿੱਸਾ ਪਾਇਆ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇਹ ਆਪਣੇ ਪਰਿਵਾਰਕ ਮੈਂਬਰਾਂ ਵਿੱਚ ਪਤਨੀ ਦਲਜੀਤ ਕੌਰ, ਪੁੱਤਰ ਪੁਨੀਤ ਢੇਸੀ ਅਤੇ ਤਿੰਨ ਧੀਆਂ ਰੀਟਾ, ਜਸਦੀਪ, ਆਇਸਾ ਨੂੰ ਛੱਡ ਗਏ ਹਨ।

ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 27 ਨਵੰਬਰ 2019, ਦਿਨ ਬੁੱਧਵਾਰ ਨੂੰ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਵਿਖੇ ਸਵੇਰੇ 11 ਵਜ਼ੇ ਤੋਂ 1 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਬਾਅਦ ਦੁਪਹਿਰ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 4827 N. Parkway Drive, Fresno, CA-93722 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਪਤਨੀ ਦਲਜੀਤ ਕੌਰ ਢੇਸੀ (559) 548-0155 ਜਾਂ ਭਰਾ ਗੁਲਬਿੰਦਰ ਗੈਰੀ ਢੇਸੀ (559) 567-8033 ਨਾਲ ਫ਼ੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਸਨਵਾਕੀਨ ਵਿਖੇ ਗੁਰਪੁਰਬ 'ਤੇ ਵਿਸ਼ੇਸ਼ ਸਮਾਗਮ







**ਫਰਿਜ਼ਨੋ/ਕੁਲਵੰਤ ਧਾਲੀਆ,ਨੀਟਾ ਮਾਛੀਕੇ:** ਸੈਂਟਰਲ ਵੈਲੀ ਦੇ ਸਭ ਤੋਂ ਪੁਰਾਤਨ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਵਿਖੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਸਾਲਾ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਏ। ਜਿਸ ਦੌਰਾਨ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂਘਰ ਦੇ ਕੀਰਤਨੀ ਜਥੇ ਭਾਈ ਰਣਜੀਤ ਸਿੰਘ ਅਤੇ ਸਾਥੀਆਂ ਨੇ ਰਸਭਿੰਨੇ ਕੀਰਤਨ ਰਾਹੀ ਹਾਜ਼ਰੀ ਭਰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਮਾਰਗ ਦਰਸ਼ਨ ਅਤੇ ਜੀਵਨ ਸਬੰਧੀ ਵਿਚਾਰਾਂ ਕੀਤੀਆਂ। ਇਸ ਉਪਰੰਤ ਗਾਇਕਾ ਜੋਤ ਰਣਜੀਤ ਕੌਰ ਨੇ ਜਿੱਥੇ ਗੁਰੂ ਦੀ ਮਹਿਮਾ ਵਿੱਚ ਧਾਰਮਿਕ ਗੀਤਾਂ ਰਾਹੀ ਹਾਜ਼ਰੀ ਭਰੀ ਉੱਥੇ ਸੰਗਤਾਂ ਨੂੰ ਗੁਰਸਿੱਖੀ ਵਾਲਾ ਜੀਵਨ ਧਾਰਨ ਕਰਨ ਦੀ ਅਪੀਲ ਵੀ ਕੀਤੀ। ਇਸ ਤੋਂ ਇਲਾਵਾ ਅਵਤਾਰ ਸਿੰਘ ਗਰੇਵਾਲ ਅਤੇ ਭਾਈ ਸਤਿਨਾਮ ਸਿੰਘ ਨੇ ਹਾਜ਼ਰੀ ਭਰੀ। ਗੁਰੂਘਰ ਦੇ ਸਟੇਜ਼ ਸਕੱਤਰ ਗੁਰਬਿੰਦਰ ਸਿੰਘ ਧਾਲੀਵਾਲ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ 'ਤੇ ਵਿਚਾਰਾਂ ਕਰਦੇ ਹੋਏ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮਾਂ ਦੀ ਸੇਵਾ ਸ. ਗੁਰਦਰਸ਼ਨ ਸਿੰਘ ਬਰਾੜ ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਨਿਭਾਈ। ਗੁਰੂ ਦੇ ਲੰਗਰ ਅਤੁੱਟ ਵਰਤੇ।

## ਅਮਰੀਕਾ 'ਚ ਤਿੰਨ ਭਾਰਤੀਆਂ 'ਤੇ ਇਕ ਅਰਬ ਡਾਲਰ ਘਪਲੇ ਦੇ ਦੋਸ਼

**ਵਾਸ਼ਿੰਗਟਨ/ਏ.ਟੀ. ਨਿਊਜ਼ :** ਸ਼ਿਕਾਗੋ ਆਧਾਰਿਤ ਇਕ ਸਿਹਤ ਕੰਪਨੀ ਦੇ ਭਾਰਤੀ ਮੂਲ ਦੇ ਤਿੰਨ ਸਾਬਕਾ ਅਧਿਕਾਰੀਆਂ 'ਤੇ ਇਕ ਅਰਬ ਡਾਲਰ ਦੇ ਘੁਟਾਲੇ ਦੇ ਦੋਸ਼ ਲੱਗੇ ਹਨ। ਇਸ ਮਾਮਲੇ 'ਚ ਨਾਮਜ਼ਦ ਕੀਤੇ ਗਏ ਛੇ ਵਿਅਕਤੀਆਂ ਵਿੱਚ ਕੰਪਨੀ ਦਾ ਸਹਿ-ਸੰਸਥਾਪਕ ਰਿਸ਼ੀ ਸ਼ਾਹ, ਸ਼ਰਧਾ ਅਗਰਵਾਲ ਅਤੇ ਸਾਬਕਾ ਅਧਿਕਾਰੀ ਆਸ਼ਿਕ ਦੇਸਾਈ ਵੀ ਸ਼ਾਮਲ ਹਨ ਜੋ ਕੰਪਨੀ ਦੇ ਗਾਹਕਾਂ, ਕਰਜ਼ਦਾਤਾਵਾਂ ਤੇ ਨਿਵੇਸ਼ਕਾਂ ਨੂੰ ਗਲਤ ਜਾਣਕਾਰੀ ਦੇ ਕੇ ਨਿਸ਼ਾਨਾ ਬਣਾਉਂਦੇ ਸਨ। ਅਮਰੀਕੀ ਨਿਆਂ ਵਿਭਾਗ ਦੀ ਅਪਰਾਧ ਡਿਵੀਜ਼ਨ ਦੇ ਪ੍ਰਮੁੱਖ ਉਪ ਸਹਾਇਕ ਅਟਾਰਨੀ ਜਨਰਲ ਜੌਹਨ ਪੀ ਕਰੋਨਨ ਨੇ ਦੱਸਿਆ ਕਿ ਕੰਪਨੀ ਦੇ ਸਾਬਕਾ ਅਧਿਕਾਰੀ ਤੇ ਮੁਲਾਜ਼ਮ ਕੰਪਨੀ ਦਾ ਵਾਧੂ ਲਾਭ ਦਿਖਾ ਅਤੇ ਗਲਤ ਲੈਣ-ਦੇਣ ਦਿਖਾ ਕੇ ਕਰਜ਼ਦਾਤਾਵਾਂ, ਨਿਵੇਸ਼ਕਾਂ ਤੇ ਉਨ੍ਹਾਂ ਦੇ ਆਡਿਟਰਾਂ ਨੂੰ ਧੋਖਾ ਦਿੰਦੇ ਸਨ।

## 'ਸਿੱਖ ਨੌਜਵਾਨਾਂ ਵਲੋਂ ਬੱਚੀ ਦੀ ਇੱਜਤ ਬਚਾਉਣਾ ਸਿੱਖ ਰਵਾਇਤਾਂ ਦਾ ਹਿੱਸਾ'

**ਲੰਡਨ/ਡੱਲੇਵਾਲ**

ਦਮਦਮੀ ਟਕਸਾਲ ਦੇ ਚੌਧਵੇਂ ਜਥੇਦਾਰ ਅਤੇ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਕਿਹਾ ਕਰਦੇ ਸਨ ਕਿ ਧੀ ਭਾਵੇਂ ਸਿੱਖ ਦੀ ਹੋਵੇ, ਮੁਸਲਮਾਨ ਦੀ ਹੋਵੇ, ਹਿੰਦੂ ਦੀ ਹੋਵੇ, ਭਾਵੇਂ ਸਿੱਖ ਕੌਮ ਦੇ ਦੁਸ਼ਮਣ, ਦੋਖੀ ਅਤੇ ਦੁਸ਼ਟ ਦੀ ਹੋਣੇ ਉਸ ਨੂੰ ਹਮੇਸ਼ਾ ਆਪਣੀ ਧੀ ਜਾਂ ਭੈਣ ਸਮਝ ਕੇ ਉਸ ਦੀ ਇੱਜਤ ਦੀ ਰਾਖੀ ਕਰਨੀ ਹਰ ਸਿੱਖ ਦਾ ਫਰਜ ਹੈ। ਸਿੱਖ ਨੌਜਵਾਨਾਂ ਨੇ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਇਨ੍ਹਾਂ ਬਚਨਾਂ ਤੇ ਪਹਿਰਾ ਦਿੰਦਿਆਂ ਯੂ.ਕੇ. ਦੀ ਧਰਤੀ ਤੇ ਬ੍ਰਮਿੰਘਮ ਵਿਖੇ ਮੁਸਲਮਾਨ ਬੱਚੀ ਦੀ ਇੱਜਤ ਬਚਾ ਕੇ ਮਾਣਮੱਤਾ ਕਾਰਜ ਕੀਤਾ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਦਲ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਇਨ੍ਹਾਂ ਸਿੱਖ ਨੌਜਵਾਨਾਂ ਦੀ ਹਾਰਦਿਕ ਪ੍ਰਸੰਸਾ ਕਰਦਿਆਂ ਸਮੂਹ ਸਿੱਖ ਸੰਸਥਾਵਾਂ ਅਤੇ ਸਿੱਖ ਸੰਗਤਾਂ ਨੂੰ ਸਿੱਖ ਨੌਜਵਾਨਾਂ ਦਾ ਸਹਿਯੋਗ ਦੇਣ ਦੀ ਸਨਿਮਰ ਅਪੀਲ ਕੀਤੀ ਹੈ। ਜਿਕਰਯੋਗ ਹੈ ਕਿ ਬ੍ਰਮਿੰਘਮ ਵਿੱਚ ਮੁਸਲਮਾਨ ਬੱਚੀ ਨਾਲ ਮਨਚਲੇ ਬਦਮਾਸ਼ਾਂ ਵਲੋਂ ਘਟੀਆ ਦਰਜੇ ਦੀਆਂ ਹਰਕਤਾਂ ਕੀਤੀਆਂ ਜਾ ਰਹੀਆਂ ਸਨ ਤਾਂ ਉਸ ਬੱਚੀ ਦੇ ਪਤੀ ਨੇ ਉਨ੍ਹਾਂ ਨੂੰ ਰੋਕਣਾ ਚਾਹਿਆ ਤਾਂ ਉਨ੍ਹਾਂ ਬਦਮਾਸ਼ਾਂ ਨੇ ਉਸ ਦੇ ਪਤੀ ਨੂੰ ਢਾਹ ਕੇ ਕੁੱਟਣਾ ਸ਼ੁਰੂ ਕਰ ਦਿੱਤਾ। ਜਦੋਂ ਉਸ ਬੱਚੀ ਨੇ ਚੀਕ ਚਿਹਾੜਾ ਪਾਇਆ ਤਾਂ ਲਾਗਿਉਂ ਲੰਘ ਰਹੇ ਸਿੱਖ ਨੌਜਵਾਨਾਂ ਨੇ ਉਨ੍ਹਾਂ ਬਦਮਾਸ਼ਾਂ ਤੇ ਧਾਵਾ ਬੋਲ ਦਿੱਤਾ ਅਤੇ ਉਨ੍ਹਾਂ ਨੂੰ ਭਜਾ ਭਜਾ ਕੇ ਕੁੱਟਿਆ। ਪੀੜਤ ਬੱਚੀ ਅਤੇ ਉਸ ਦੇ ਪਤੀ ਦੀ ਰੱਖਵਾਲੀ ਕੀਤੀ। ਇਸ ਘਟਨਾ ਨੇ ਸਿੱਖ ਨੌਜਵਾਨਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪ੍ਰਬਲ ਕਰ ਦਿੱਤੀ ਹੈ। ਇਸ ਘਟਨਾ ਨੇ ਇਤਿਹਾਸ ਦਾ ਉਹ ਪੱਖ ਫੇਰ ਸਾਬਤ ਕਰ ਦਿੱਤਾ ਹੈ ਕਿ ਸਿੱਖ ਦਾ ਕਿਸੇ ਧਰਮ, ਨਸਲ, ਰੰਗ, ਜਾਤੀ, ਫਿਰਕੇ ਨਾਲ ਕੋਈ ਵੈਰ ਨਹੀਂ ਹੈ। ਕੇਵਲ ਜਾਬਰ ਜਾਂ ਜਾਲਮ ਨਾਲ ਵਿਰੋਧ ਹੈ ਉਹ ਭਾਵੇਂ ਕਿਸੇ ਵੀ ਧਰਮ, ਨਸਲ, ਰੰਗ, ਜਾਤ, ਗੋਤ ਜਾਂ ਫਿਰਕੇ ਨਾਲ ਸਬੰਧ ਰੱਖਦਾ ਹੋਵੇ। ਇਹ ਘਟਨਾ ਇਸ ਕਰਕੇ ਹੋਰ ਵੀ ਮਹੱਤਵਪੂਰਨ ਬਣ ਗਈ ਕਿ ਇੱਕ ਪਾਸੇ ਸਿੱਖ ਨੌਜਵਾਨ ਯੂ.ਕੇ. ਵਿੱਚ ਮੁਸਲਮਾਨ ਗੈਂਗਸਟਰਾਂ ਨਾਲ ਜਬਰਦਸਤ ਲੜਾਈਆਂ ਕਰਦੇ ਹਨ ਜਿਹੜੇ ਸਿੱਖ

ਬਾਕੀ ਸਫ਼ਾ 29 'ਤੇ


ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੂੰ ਸਮਰਪਿਤ ਪ੍ਰੋਗਰਾਮ



**ਫਰਿਜ਼ਨੋ/ਕੁਲਵੰਤ ਧਾਲੀਆਂ,ਨੀਟਾ ਮਾਛੀਕੇ):** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਸ਼ਹੀਦਾਂ ਬਖਸ਼ੀਸ਼ ਸਿੰਘ, ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ, ਹਰਨਾਮ ਸਿੰਘ, ਜਗਤ ਸਿੰਘ ਅਤੇ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਸਮਰਪਤ ਇਕ ਪ੍ਰੋਗਰਾਮ ਫਰਿਜ਼ਨੋ ਦੇ ਇੰਡੀਆ ਉਵਨ ਦੇ ਹਾਲ ਵਿਚ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਉਤਸਵ ਦੇ ਮੌਕੇ ਤੇ ਉਨ੍ਹਾਂ ਦੀ ਮਹਾਨ ਫਿਲਾਸਫੀ ਸਬੰਧੀ ਵੀ ਵਿਚਾਰਾਂ ਹੋਈਆਂ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਫੋਰਮ ਦੇ ਕੈਸ਼ੀਅਰ ਜਸਵੰਤ ਸਿੰਘ ਮਾਨ ਨੇ ਕੀਤੀ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਪਿਛਲੇ ਲਈ ਸਾਲਾਂ ਤੋਂ ਆਪਣੇ ਸਾਰੇ ਪ੍ਰੋਗਰਾਮਾਂ ਵਿਚ ਬੱਚਿਆਂ ਨੂੰ ਬੋਲਣ ਦੇ ਵਿਸ਼ੇਸ ਮੌਕੇ ਦਿੰਦਾ ਆ ਰਿਹਾ ਹੈ।ਇਸ ਪ੍ਰੋਗਰਾਮ ਦੇ ਸ਼ੁਰੂ ਵਿਚ ਸੁਕਰੀਤੀ ਕੁਮਾਰ, ਰਵਨੀਤ ਸੇਖੋਂ ਅਤੇ ਗੀਤ ਕੌਰ ਨੇ ਆਪਣੀਆਂ ਲਿਖੀਆਂ ਹੋਈਆਂ ਤਕਰੀਰਾਂ ਪੇਸ਼ ਕੀਤੀਆਂ। ਸੁਕਰੀਤੀ ਨੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਰੇਖਾ ਚਿਤਰ ਵੀ ਬਣਾਇਆ। ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

ਗਦਰੀ ਬਾਬਾ ਹਰਨਾਮ ਸਿੰਘ ਕਾਲੇ ਸੰਘਿਆ ਦੇ ਪੋਤੇ ਸੁਰਿੰਦਰ ਸਿੰਘ ਸੰਘਾ ਨੇ ਕਰਤਾਰ ਸਿੰਘ ਸਰਾਭੇ ਬਾਰੇ ਇਕ ਭਾਵਪੂਰਤ ਗੀਤ ਸੁਣਾਇਆ। ਜਸਵੰਤ ਸਿੰਘ ਮਾਨ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਗਦਰ ਪਾਰਟੀ ਲਈ ਕੰਮ, ਭਾਰਤ ਪਹੁੰਚਣ ਦੀ ਗਾਥਾ, ਗ੍ਰਿਫਤਾਰੀ ਤੋਂ ਬਾਅਦ ਕੇਸ ਚਲਣਾ ਅਤੇ ਜਿਸ ਬਹਾਦਰੀ ਨਾਲ ਉਨ੍ਹਾਂ ਆਪ ਫਾਂਸੀ ਦਾ ਰੱਸਾ ਗਲ ਪਾਇਆ, ਦਾ ਵਿਸਥਾਰ ਨਾਲ ਵਰਨਣ ਕੀਤਾ।

ਸ. ਮਲਕੀਤ ਸਿੰਘ ਕਿੰਗਰਾ ਨੇ ਲੋਕ ਕਵੀ ਸੰਤ ਰਾਮ ਉਦਾਸੀ ਦੀ ਕਵਿਤਾ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਅੱਜ ਦੇ ਭਾਰਤ ਵਿਚ ਹਰ ਦਿਨ ਵੱਧ ਰਹੀ ਫਿਰਕਾਪ੍ਰਸਤੀ ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਮਨਜੀਤ ਸਿੰਘ ਧਨੇਰ ਨੂੰ ਜੇਲ 'ਚੋਂ ਰਿਹਾ ਕਰਵਾਉਣ ਲਈ ਵਿੱਢੀ ਲੋਕ ਲਹਿਰ ਦੀ ਜਿੱਤ 'ਤੇ ਵਧਾਈ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਜੇ.ਐਨ.ਯੂ. ਦੇ ਵਿਦਿਆਰਥੀਆਂ ਦੀਆਂ ਵਧੀਆਂ ਫੀਸਾਂ ਲਈ ਸੰਘਰਸ਼ ਕਰਦੇ ਵਿਦਿਆਰਥੀਆਂ ਤੇ ਸਰਕਾਰ ਦੇ ਜੁਲਮ ਦੀ ਨਿਖੇਧੀ ਵੀ ਕੀਤੀ।

ਗਾਇਕਾ ਰਣਜੀਤ ਜੋਤ ਨੇ ਆਪਣੀ ਮਿੱਠੀ ਤੇ ਬੁਲੰਦ ਆਵਾਜ ਵਿਚ ਦੇਸ਼ ਭਗਤੀ ਦੇ ਗੀਤ ਗਾ ਕੇ ਖ਼ੂਬ ਵਾਹ ਵਾਹ ਖੱਟੀ। ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਦੀ ਟੀਮ ਨੇ ਭੰਗੜਾ ਪੇਸ਼ ਕੀਤਾ। ਮਾਸਟਰ ਸੋਹਣ ਲਾਲ ਨੇ ਇਕ ਕਵਿਤਾ ਸੁਣਾਈ। ਇੰਦਰਜੀਤ ਚੁਗਾਵਾਂ ਨੇ ਬਾਬੇ ਨਾਨਕ ਦੀ ਸੋਚ ਨੂੰ ਯਾਦ ਕਰਵਾਉਂਦੀ ਆਪਣੀ ਇਕ ਨਵੀਂ ਕਵਿਤਾ 'ਇਹ ਨਹੀਂ ਨਾਨਕ' ਪੜੀ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ। ਫੋਰਮ ਦੇ ਸਰਪਰਤ ਮੈਂਬਰ ਸ. ਗੁਰਦੀਪ ਸਿੰਘ ਅਣਖੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਨਾਲ ਫਾਂਸੀ ਚੜ੍ਹਣ ਵਾਲੇ ਸਾਰੇ ਸ਼ਹੀਦਾਂ ਦੇ ਨਾਮ ਲੈਂਦਿਆਂ ਉਨ੍ਹਾਂ ਦੀ ਮਹਾਨ

ਬਾਕੀ ਸਫ਼ਾ 28 'ਤੇ

# ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਦੇ ਮੈਂਬਰਾਂ ਦੀ ਮੀਟਿੰਗ

**ਫਰਿਜ਼ਨੋ/ਏ.ਟੀ. ਨਿਊਜ਼ :** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਦੇ ਮੈਂਬਰਾਂ ਅਤੇ ਹਮਦਰਦਾ ਦੀ ਇਕ ਇਕੱਤਰਤਾ ਹੋਈ ਜਿਸ ਵਿਚ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਡਾ ਹਰਸ਼ਿੰਦਰ ਕੌਰ ਉਚੇਚੇ ਤੌਰ ਦੇ ਸ਼ਾਮਲ ਹੋਏ। ਪ੍ਰੋਫੈਸਰ ਜਗਮੋਹਣ 17 ਨਵੰਬਰ ਨੂੰ ਵਲੋਂ ਸ਼ਹਿਰ ਵਿਚ ਗਦਰੀ ਬਾਬਿਆ ਨੂੰ ਸਮਰਪਤ ਇਕ ਸਮਾਗਮ ਵਿਚ ਮੁਖ ਬੁਲਾਰੇ ਵਜੋਂ ਸ਼ਾਮਲ ਹੋਣ ਲਈ ਭਾਰਤ ਤੋਂ ਆਏ ਹੋਏ ਹਨ ਅਤੇ ਕੱਲ਼ ਸ਼ਾਮ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸੱਦੇ 'ਤੇ ਫਰਿਜ਼ਨੋ ਪਹੁੰਚੇ। ਪ੍ਰੋਫੈਸਰ ਜਗਮੋਹਣ ਸਿੰਘ ਜਿਹੜੇ ਕੇ ਸ਼ਹੀਦ ਭਗਤ ਸਿੰਘ ਹੁਰਾਂ ਦੇ ਭਾਣਜੇ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਆਜ਼ਾਦੀ ਦੀ ਲੜਾਈ ਨਾਲ ਸਬੰਧਤ ਇਤਿਹਾਸਿਕ ਦਸਤਾਵੇਜ਼ਾ ਨੂੰ ਉਨਾਂ ਦੇ ਸਹੀ ਰੂਪ ਵਿਚ ਸਾਂਭਣ, ਛਪਵਾਉਣ ਅਤੇ ਲੋਕਾਂ ਤਾਈ ਪਹੁੰਚਾਉਣ ਲਈ ਵੱਡਮੁਲਾ ਯੋਗਦਾਨ ਪਾ ਰਹੇ ਹਨ। ਇਸੇ ਇਕੱਤਰਤਾ ਵਿਚ ਡਾ ਹਰਸ਼ਿੰਦਰ ਕੌਰ ਵੀ ਸ਼ਾਮਲ ਹੋਏ, ਜੋ ਕੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨਾਲ ਸਬੰਧਤ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਇਥੇ ਆਏ ਹੋਏ ਹਨ। ਡਾ ਹਰਸ਼ਿੰਦਰ ਕੌਰ ਭਾਂਵੇ ਆਪਣੇ ਕੰਮਾਂ ਕਰਕੇ ਹਰ ਥਾਂ ਜਾਣੇ ਜਾਂਦੇ ਹਨ ਪਰ ਇਕ ਇਤਿਹਾਸਿਕ ਪੱਖ ਇਹ ਵੀ ਹੈ ਕਿ ਉਹ ਪ੍ਰਸਿਧ ਸਿਖ ਸਕਾਲਰ ਪ੍ਰੋ ਸਾਹਿਬ ਸਿੰਘ ਜਿਨਾਂ ਨੇ ਗੁਰੁ ਗਰੰਥ ਸਾਹਿਬ ਦਾ ਅਗਰੇਜ਼ੀ ਵਿਚ ਟਰਾਂਸਲੇਸ਼ਨ ਕੀਤਾ ਹੈ ਦੇ ਦੋਹਤੀ ਅਤੇ ਪ੍ਰੋ ਪਰੀਤਮ ਸਿੰਘ ਜੀ ਬੇਟੀ ਵੀ ਹਨ। ਇਸ ਸਮੇਂ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਦੇ ਸਰਪ੍ਰਸਤ ਮੈਂਬਰ ਸ੍ਰ ਗੁਰਦੀਪ ਸਿੰਘ ਅਣਖੀ ਨੇ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਡਾ ਹਰਸ਼ਿੰਦਰ ਕੌਰ ਨੂੰ ਜੀ ਆਇਆਂ ਆਖਦਿਆ ਉਨਾਂ ਦੀ ਜਾਣ ਪਹਿਚਾਣ ਪਹੁੰਚੇ ਹੋਏ ਦੋਸਤਾਂ ਨਾਲ ਕਰਵਾਈ। ਇਸ ਇਕੱਤਰਤਾ ਵਿਚ ਫੋਰਮ ਦੇ ਸਮੂਹ ਮੈਂਬਰ ਸ਼ਾਮਲ ਸਨ ਅਤੇ ਕਈ ਮਸਲਿਆ ਤੇ ਖੁਲ ਕੇ ਵਿਚਾਰ ਚਰਚਾ ਹੋਈ। ਪ੍ਰੋਫੈਸਰ ਜਗਮੋਹਣ ਸਿੰਘ ਹੋਰਾਂ ਨੇ ਜਲਿਆ ਵਾਲੇ ਬਾਗ ਦੇ ਸਾਕੇ ਨਾਲ ਸਬੰਧਤ ਕਈ ਮਹੱਤਵ ਪੂਰਣ ਇਤਿਹਾਸਕ ਨੁਕਤੇ ਸਾਂਝੇ ਕੀਤੇ। ਉਨਾਂ ਕਿਹਾ ਕਿ ਉਸ ਸਮੇਂ ਹਿੰਦੂ, ਸਿਖਾਂ ਅਤੇ ਮੁਸਲਮਾਨਾ ਵਿਚ ਉਸਰ ਰਹੀ ਏਕਤਾ, ਜਿਸ ਦਾ ਸਬੂਤ ਰਾਮ ਨੌਮੀ ਦੇ ਤਿਉਹਾਰ ਨੂੰ ਵੱਡੇ ਪੱਧਰ ਤੇ ਰਲ ਮਿਲ ਕੇ ਮਨਾਉਣਾ ਸੀ, ਅਗਰੇਜ਼ ਹਾਕਮਾ ਨੂੰ ਭੈਭੀਤ ਕਰ ਰਹੀ ਸੀ ਅਤੇ ਇਸੇ ਏਕਤਾ ਨੂੰ ਤੋੜਣ ਅਤੇ ਲੋਕਾਂ ਨੂੰ ਸਬਕ ਸਿਖਾਉਣ ਲਈ ਜਨਰਲ ਡਾਇਰ ਨੇ ਮਨੁਖਤਾ ਦਾ ਘਾਣ ਕਰਨ ਵਾਲੇ ਸਾਕੇ ਤੱਕ ਦੇ ਆਦੇਸ ਦੇ ਦਿਤੇ। ਪ੍ਰੋਫੈਸਰ ਜਗਮੋਹਣ ਸਿੰਘ ਨੇ ਕੁਝ ਦੋਸਤਾਂ ਵਲੋਂ ਵੱਖ ਵੱਖ ਵਿਸ਼ਿਆ ਤੇ ਕੀਤੇ ਸਵਾਲਾਂ ਦੇ ਜਵਾਬ ਵੀ ਦਿਤੇ। ਡਾ ਹਰਸ਼ਿੰਦਰ ਕੌਰ ਨੇ ਇਹ ਫਿਕਰ ਜਾਹਰ ਕੀਤਾ ਕਿ ਅੱਜ ਪੰਜਾਬ ਦੇ ਸਕੂਲਾਂ ਕਾਲਜਾ ਦੇ ਵਿਦਿਆਰਥੀ ਆਪਣੇ ਗੌਰਵਮਈ, ਇੰਨਕਲਾਬੀ ਅਤੇ ਮਨੁੱਖਵਾਦੀ ਇਤਿਹਾਸ ਤੋਂ ਬਿਲਕੁਲ ਕੋਰੇ ਹੋ ਰਹੇ ਹਨ। ਸਿਖਾਂ ਦੇ ਮਹਾਨ ਇਤਿਹਾਸ ਅਤੇ ਆਜ਼ਾਦੀ ਦੀ ਲੜਾਈ ਦੇ ਨਾਇਕਾਂ ਦੀਆਂ ਕਹਾਣੀਆਂ ਹਰ ਤਰਾਂ ਦੇ ਸਕੂਲੀ ਸਿਲੇਬਸ ਵਿਚੋਂ ਗਾਇਬ ਹਨ। ਉਨਾਂ ਨੇ ਪੰਜਾਬ ਅਤੇ ਪੰਜਾਬੀਅਤ ਦੇ ਭਵਿਖ ਲਈ ਫਿਕਰਮੰਦ ਸਮੂਹ ਜੰਥੇਬੰਦੀਆਂ ਨੂੰ ਅਪੀਲ ਕੀਤੀ ਕੇ ਉਹ ਆਪਣਾ ਜੰਥੇਬੰਦਕ ਰਸੂਖ ਵਰਤ ਕੇ ਸਮੇਂ ਦੀਆਂ ਸਰਕਾਰਾਂ ਦਾ ਧਿਆਨ ਇਸ ਪਾਸੇ ਵਲ ਦਿਵਾਉਣ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਨਿਊਆਰਕ ’ਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ

## *ਗਵਰਨਰ ਮਰਫੀ ਨੇ ਪੱਗ ਬੰਨ ਕੇ ਭਾਸ਼ਨ ਦੀ ਸ਼ੁਰੂਆਤ ਕੀਤੀ*

**ਵਾਸ਼ਿੰਗਟਨ/ਰਾਜ ਗੋਗਨਾ :** ਬੀਤੇ ਦਿਨ ਅਮਰੀਕਾ ਦੇ ਸੂਬੇ ਨਿਊਜਰਸੀ ਦੇ ਸਿਟੀ ਨਿਊਆਰਕ ਦੇ ਆਰਟਸ ਸੈਂਟਰ ਵਿਖੇ ਦੁਪਹਿਰ 3 ਵਜੇ ਤੋਂ ਰਾਤ 7 ਵਜੇ ਤੱਕ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ’ਤੇ ਆਯੋਜਿਤ ਇਕ ਸ਼ਮਾਰੋਹ ’ਚ ਨਿਊਜਰਸੀ ਦੇ ਗਵਰਨਰ ਫਿਲ ਮਰਫੀ ਨੇ ਸੂਬੇ ਵਿੱਚ ਵਿਕਾਸ ਅਤੇ ਸੱਭਿਆਚਾਰਕ ਵਿਭਿੰਨਤਾ ਵਿਚ ਅਮਰੀਕੀ ਸਿੱਖਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਮੌਕੇ ਉਨ੍ਹਾਂ ਪੱਗ ਬੰਨ੍ਹ ਕੇ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਿਲਸਿਲੇ ਵਿਚ ਆਯੋਜਿਤ ਸਮਾਰੋਹ ਵਿਚ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ’ ਦੇ ਨਾਲ ਆਪਣੇ ਭਾਸ਼ਣ ਦੀ ਸ਼ੁਰੂਆਤ ਕੀਤੀ। ਅਮਰੀਕਾ ਦੇ ਇਤਿਹਾਸ ਵਿੱਚ ਪਹਿਲੇ ਸਿੱਖ-ਅਮਰੀਕੀ ਅਟਾਰਨੀ ਜਨਰਲ ਸ. ਗੁਰਬੀਰ ਸਿੰਘ ਗਰੇਵਾਲ ਨੇ ਟੈਕਸਾਸ ’ਚ ਮਾਰੇ ਗਏ ਮਰਹੂਮ ਭਾਰਤੀ ਅਮਰੀਕੀ ਪੁਲਿਸ ਅਧਿਕਾਰੀ ਸੰਦੀਪ ਸਿੰਘ ਧਾਲੀਵਾਲ ਦਾ ਹਵਾਲਾ ਦਿੰਦੇ ਹੋਏ ਸਿੱਖ ਭਾਈਚਾਰੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਯਾਦ ਰਹੇ ਕਿ ਧਾਲੀਵਾਲ ਦੀ ਸਤੰਬਰ ਵਿਚ ਟੈਕਸਾਸ ਵਿਚ ਡਿਊਟੀ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਧਾਲੀਵਾਲ ਨੇ ਆਪਣੇ ਭਾਈਚਾਰੇ ਦੀ ਰੱਖਿਆ ਕੀਤੀ ਅਤੇ ਦੂਜਿਆਂ ਦੀ ਸੇਵਾ ਵਿਚ ਆਪਣੀ ਜ਼ਿੰਦਗੀ ਕੁਰਬਾਨ ਕਰ ਦਿੱਤੀ। ਇਸ ਤ੍ਰਾਸਦੀ ਵਿੱਚ ਪੂਰੀ ਦੁਨੀਆ ਨੇ ਦੇਖਿਆ ਕਿ ਅਸੀਂ ਬਤੌਰ ਸਿੱਖ ਜਾਣਦੇ ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕੀ ਸਿਖਾਇਆ। ਇਸ ਸਮਾਰੋਹ ਵਿਚ ਪੰਜਾਬ ਮਿਲਕ ਫੂਡਜ਼ ਦੇ ਫਲੈਗਸ਼ਿਪ ਬ੍ਰਾਂਡ, ਨਾਨਕ ਫੂਡਜ਼ ਦੇ ਚੇਅਰਮੈਨ ਜਤਿੰਦਰ ਸਿੰਘ ਬਖਸ਼ੀ ਨੇ ਕਿਹਾ ਅਮਰੀਕਾ ਵਿਚ ਪੂਰਾ ਸਿੱਖ ਭਾਈਚਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਇਕੱਠਾ ਹੋਇਆ ਹੈ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀਂ ਆਪਣੀ ਜ਼ਿੰਦਗੀ ਵਿਚ ਇਹ ਮਹੱਤਵਪੂਰਨ ਤਿਉਹਾਰ ਮਨਾਇਆ ਹੈ। ਬਖਸ਼ੀ ਨੇ ਅੱਗੇ ਕਿਹਾ ਉਹ ਇਸ ਸਾਲ ਬਹੁਤ ਖੁਸ਼ ਹਨ ਕਿਉਂਕਿ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਸਹਿਯੋਗ ਨਾਲ ਕਰਤਾਰਪੁਰ ਲਾਂਘਾ ਖੁੱਲ੍ਹਿਆ ਹੈ। ਇਸ ਲਈ ਅਸੀਂ ਦੋਹਾਂ ਸਰਕਾਰਾਂ ਨੂੰ ਵਧਾਈ ਦੇਣਾ ਚਾਹੁੰਦੇ ਹਾਂ। ਅਸੀਂ ਅੱਗੇ ਪੰਜਾ ਸਾਹਿਬ, ਨਨਕਾਣਾ ਸਾਹਿਬ ਤੱਕ ਪਹੁੰਚ ਬਣਾਉਣ ਦੀ ਅਪੀਲ ਕਰਦੇ ਹਾਂ।

# ਫਰੀਮੌਂਟ ’ਚ ਅੱਠਵਾਂ ਰੰਗਾ ਰੰਗ ਪ੍ਰੋਗਰਾਮ ‘ਛਣਕਾਟਾ ਵੰਗਾਂ ਦਾ’ 5 ਜਨਵਰੀ ਨੂੰ

## *ਦੇਬੀ ਮਖਸੂਸਪੁਰੀ, ਅੰਮ੍ਰਿਤਾ ਵਿਰਕ ਤੇ ਭਜਨਾ ਅਮਲੀ ਲਾਉਣਗੇ ਨਵੇਂ ਸਾਲ ਦੇ ਇਸ ਪ੍ਰੋਗਰਾਮ ’ਚ ਰੌਣਕਾਂ : ਗਾਖਲ*

**ਫਰੀਮੌਂਟ/ਏ.ਟੀ. ਨਿਊਜ਼ :** ਇੱਕੀ ਇੰਟਰਨੈਸ਼ਨਲ ਇੰਟਰਟੇਨਮੈਂਟ ਇੰਕ ਵਲੋਂ ਸ. ਅਮੋਲਕ ਸਿੰਘ ਗਾਖ਼ਲ, ਰਾਮ ਮੂਰਤੀ ਸਰੋਏ ਅਤੇ ਐੱਸ.ਅਸ਼ੋਕ ਭੌਰਾ ਦੇ ਸਹਿਯੋਗ ਨਾਲ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦਾ ਅੱਠਵਾਂ ਰੰਗਾ ਰੰਗ ਪ੍ਰੋਗਰਾਮ ‘ਛਣਕਾਟਾ ਵੰਗਾਂ ਦਾ’ ਮਿਤੀ 5 ਜਨਵਰੀ ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਫਰੀਮੌਂਟ ਵਿਖੇ ਕਰਵਾਇਆ ਜਾਵੇਗਾ। ਅਜੇ ਭੰਗੜਾ ਅਕੈਡਮੀ, ਪੰਜਾਬੀ ਧੜਕਣ ਅਕੈਡਮੀ, ਡਾਂਸ ਕ੍ਰਿਸ਼ਮਾ ਅਕੈਡਮੀ ਦੇ ਕਲਾਕਾਰ ਗਿੱਧਾ ਭੰਗੜਾ ਅਤੇ ਹੋਰ ਰਵਾਇਤੀ ਲੋਕ







ਨਾਚਾਂ ਦੀ ਪੇਸ਼ਕਾਰੀ ਕਰਨਗੇ ਜਦੋਂਕਿ ਪੰਜਾਬ ਦੇ ਨਾਮੀ ਸ਼ਾਇਰ ਅਤੇ ਗਾਇਕ ਦੇਬੀ ਮਖਸੂਸਪੁਰੀ, ਗਾਇਕਾ ਅੰਮ੍ਰਿਤਾ ਵਿਰਕ ਤੇ ਸੱਤੀ ਪਾਬਲਾ ਆਪਣੀ ਗਾਇਕੀ ਨਾਲ ਇਸ ਨਵੇਂ ਵਰ੍ਹੇ ਦੀ ਆਮਦ ਨੂੰ ਗੀਤ ਸੰਗੀਤ ਨਾਲ ਗਹਿਗੱਚ ਕਰਨਗੇ। ਪ੍ਰੋਗਰਾਮ ਨੂੰ ਹਾਸਰਸ ਸੁਆਦ ਦੇਣ ਲਈ ਭਜਨਾ ਅਮਲੀ ਅਤੇ ਸੰਤੀ ਕਮੇਡੀ ਤੜਕਾ ਲਾਉਣਗੇ। ਇਹ ਪ੍ਰੋਗਰਾਮ ਸਹਾਇਤਾ ਸੰਸਥਾ ਦੇ ਲਈ ਹੋਵੇਗਾ ਜਿਸਦਾ ਉਦਘਾਟਨ ਰਾਮ ਮੂਰਤੀ ਸਰੋਏ ਅਤੇ ਬੋਪਾਰਾਏ ਬ੍ਰਦਰਜ਼ ਕਰਨਗੇ। ਸ਼ਮਾ ਰੌਸ਼ਨ ਦੀ ਰਸਮ ਡਾਇਮੰਡ ਟਰਾਂਸਰਪੋਰਟ ਦੇ ਗੁਲਵਿੰਦਰ ਗਾਖਲ, ਪਿੰਕੀ ਅਟਵਾਲ ਤੇ ਨੇਕੀ ਅਟਵਾਲ ਅਤੇ ਪ੍ਰਸਿੱਧ ਬਿਜ਼ਨਸਮੈਨ ਭਰਾ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਕਰਨਗੇ। ਇਸ ਵਾਰ ਦਾ ਇਹ ‘8ਵਾਂ ਛਣਕਾਟਾ ਵੰਗਾਂ ਦਾ’ ਪ੍ਰੋਗਰਾਮ ਪੰਜਾਬੀ ਗਾਇਕੀ ਦੀ ਇਕ ਵਿਲੱਖਣ ਅਵਾਜ਼ ਤੇ ਅੰਦਾਜ਼ ਮਰਹੂਮ ਪਦਮਸ੍ਰੀ ਆਸਾ ਸਿੰਘ ਮਸਤਾਨਾ ਨੂੰ ਸਮਰਪਿਤ ਹੋਵੇਗਾ। ਮੱਖਣ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਦੇ ਸਹਿਯੋਗ ਨਾਲ ਨੇਪਰੇ ਚੜ੍ਹਨ ਵਾਲੇ ਇਸ ਸੰਗੀਤਕ ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਕੁਲਦੀਪ ਸਿੰਘ ਘੁੰਮਣ, ਸੁਰਿੰਦਰ ਬਡਿਆਲ, ਨਛੱਤਰ ਸਿੰਘ ਗੋਸਲ ਅਤੇ ਅਵਤਾਰ ਸਿੰਘ ਤੋਂ ਇਲਾਵਾ ਅਮਰੀਕਾ ਅਤੇ ਕਨੇਡਾ ਤੋਂ ਵੱਖ ਵੱਖ ਸੰਗੀਤਕ ਹਸਤੀਆਂ ਸ਼ਾਮਿਲ ਹੋਣਗੀਆਂ। ਇਸ ਪ੍ਰੋਗਰਾਮ ਨੂੰ ਪਿਛਲੇ ਸਾਲਾਂ ਵਾਂਗ ਯੋਗ ਅਗਵਾਈ ਦੇਣ ਵਾਲੇ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਰੰਗਾਰੰਗ ਪ੍ਰੋਗਰਾਮ ਪੰਜਾਬੀ ਜ਼ੁਬਾਨ ਅਤੇ ਸਿਹਤਮੰਦ ਸੰਗੀਤ ਲਈ ਆਏ ਵਰ੍ਹੇ ਨਵੀਂ ਅੰਗੜਾਈ ਦਿੰਦਾ ਹੈ ਤੇ ਬੱਚਿਆਂ ਨੂੰ ਆਪਣੇ ਲੋਕ ਨਾਚ ਅਤੇ ਵਿਰਸੇ ਨਾਲ ਜੋੜਨ ਦਾ ਇੱਕ ਇੰਟਰਨੈਸ਼ਨਲ ਦਾ ਸਲਾਹੁਣਯੋਗ ਉਪਰਾਲਾ ਹੈ। ਐਂਟਰੀ ਮੁਫਤ ਹੋਵੇਗੀ ਅਤੇ ਮੰਚ ਸੰਚਾਲਨ ਸ਼ਕਤੀ ਮਾਣਕ ਕਰੇਗੀ। ਜਾਣਕਾਰੀ ਲਈ ਮਨਵੀਰ ਭੌਰਾ (510 695 4836) ਜਾਂ ਅਨਮੋਲ ਭੌਰਾ (510-512-3401) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਆਰਡੀਐਕਸ ਕੇਸ ਵਿਚੋਂ ਭਾਈ ਹਵਾਰਾ ਹੋਏ ਬਰੀ

**ਲੁਧਿਆਣਾ/ਏ.ਟੀ. ਨਿਊਜ਼ :** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਸਜ਼ਾ ਭੁਗਤ ਰਹੇ ਭਾਈ ਜਗਤਾਰ ਸਿੰਘ ਹਵਾਰਾ ਨੂੰ ਲੁਧਿਆਣਾ ਦੀ ਅਦਾਲਤ ਨੇ ਰਾਹਤ ਦਿੱਤੀ ਹੈ। ਜੱਜ ਅਰੁਨ ਵੀਰ ਨੇ ਹਵਾਰਾ ਨੂੰ 1995 ਦੇ ਆਰਡੀਐਕਸ ਕੇਸ ਵਿੱਚੋਂ ਬਰੀ ਕਰ ਦਿੱਤਾ ਹੈ। ਦਰਅਸਲ ਪੁਲਿਸ ਨੇ 1995 ਵਿੱਚ ਦਾਅਵਾ ਕੀਤਾ ਸੀ ਕਿ ਹਵਾਰਾ ਕੋਲੋਂ ਪੰਜ ਕਿੱਲੋ ਵਿਸਫੋਟਕ ਸਮੱਗਰੀ ਆਰਡੀਐਕਸ ਫੜੀ ਗਈ ਹੈ। ਪੁਲਿਸ ਨੇ ਹਵਾਰਾ ਖਿਲਾਫ ਕੇਸ ਦਰਜ ਕਰਕੇ ਚਲਾਨ ਪੇਸ਼ ਕੀਤਾ ਸੀ। ਮਾਮਲੇ ਦੀ ਸੁਣਵਾਈ ਦੌਰਾਨ ਪੁਲਿਸ ਸਾਬਤ ਨਹੀਂ ਕਰ ਸਕੀ ਕਿ ਹਵਾਰਾ ਕੋਲੋਂ ਆਰਡੀਐਕਸ ਫੜੀ ਗਈ ਸੀ। ਇਸ ਮਾਮਲੇ ਦਾ ਨਿਬੇੜਾ ਕਰਦਿਆਂ ਜੱਜ ਅਰੁਨ ਨੇ ਭਾਈ ਹਵਾਰਾ ਨੂੰ ਬਾਇੱਜ਼ਤ ਬਰੀ ਕਰ ਦਿੱਤਾ।



## *ਤਨਮਨਜੀਤ ਸਿੰਘ ਢੇਸੀ ਨਿਸ਼ਾਨੇ ’ਤੇ*

# ਭਾਜਪਾ ਅਤੇ ਆਰਐੱਸਐੱਸ ਬਰਤਾਨੀਆ ਵਿੱਚ ਵੀ ਕੱਢ ਰਹੀ ਹੈ ਸਿੱਖਾਂ ਨਾਲ ਦੁਸ਼ਮਣੀ

**ਲੰਡਨ/ਸੁਖਵਿੰਦਰ ਸਿੰਘ:** ਬਰਤਾਨੀਆ ਦੀ ਪਾਰਲੀਮੈਂਟ ਵਿੱਚ ਸਿੱਖ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਰਐੱਸਐੱਸ ਵੱਲੋਂ ਉਹਨਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਬਰਤਾਨੀਆ ਵਿੱਚ ਹੋਣ ਜਾ ਰਹੀਆਂ ਚੋਣਾਂ ਵਿੱਚ ਇਹ ਦੋਵੇਂ ਉਹਨਾਂ ਖਿਲਾਫ ਪ੍ਰਚਾਰ ਕਰ ਰਹੀਆਂ ਹਨ। ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਭਾਰਤ ਵਿੱਚ ਕਸ਼ਮੀਰੀਆਂ ਅਤੇ ਹੋਰ ਦਬਾਈਆਂ ਜਾ ਰਹੀਆਂ ਕੌਮਾਂ, ਭਾਈਚਾਰਿਆਂ ਦੇ ਹੱਕ ਵਿੱਚ ਉਹਨਾਂ ਵੱਲੋਂ ਅਵਾਜ਼ ਚੁੱਕਣ ਕਾਰਨ ਇਹ ਸਭ ਕੀਤਾ ਜਾ ਰਿਹਾ ਹੈ।




(ਖੱਬੇ) ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੁਲਦੀਪ ਸ਼ੇਖਾਵਤ; (ਸੱਜੇ) ਤਨਮਨਜੀਤ ਸਿੰਘ ਢੇਸੀ

ਦੱਸ ਦਈਏ ਕਿ ਤਨਮਨਜੀਤ ਸਿੰਘ ਢੇਸੀ ਬਰਤਾਨੀਆ ਦੀ ਪਾਰਲੀਮੈਂਟ ਦੇ ਪਹਿਲੇ ਦਸਤਾਰਧਾਰੀ ਮੈਂਬਰ ਬਣੇ ਸਨ ਜਦੋਂ ਤਿੰਨ ਸਾਲ ਪਹਿਲਾਂ ਉਹ ਲੇਬਰ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਜਿੱਤੇ ਸਨ। ਭਾਜਪਾ ਅਤੇ ਆਰਐੱਸਐੱਸ ਨਾਲ ਸਬੰਧਿਤ ਓਵਰਸੀਜ਼ ਫਰੈਂਡਸ ਆਫ ਬੀਜੇਪੀ ਸੰਸਥਾ ਵੱਲੋਂ ਤਨਮਨਜੀਤ ਸਿੰਘ ਢੇਸੀ ਨੂੰ ਹਰਾਉਣ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਢੇਸੀ ਤੋਂ ਇਲਾਵਾ ਇਸ ਸੰਸਥਾ ਉਹਨਾਂ 50 ਦੇ ਕਰੀਬ ਲੇਬਰ ਪਾਰਟੀ ਨਾਲ ਸਬੰਧਿਤ ਮੈਂਬਰਾਂ ਨੂੰ ਹਰਾਉਣ ਲਈ ਯਤਨਸ਼ੀਲ ਹੈ ਜਿਹਨਾਂ ਕਸ਼ਮੀਰੀ ਸੰਘਰਸ਼ ਦੀ ਹਮਾਇਤ ਕਰਦਿਆਂ ਕਸ਼ਮੀਰੀਆਂ ਲਈ ਸਵੈ-ਨਿਰਣੇ ਦੇ ਹੱਕ ਦੀ ਮੰਗ ਕੀਤੀ ਸੀ।

**ਢੇਸੀ ਨੂੰ ਹਰਾਉਣ ਲਈ ਹਿੰਦੂਆਂ ਨੂੰ ਕੀਤੀ ਜਾ ਰਹੀ ਹੈ ਅਪੀਲ**

ਭਾਜਪਾ ਅਤੇ ਆਰਐਸਐਸ ਵੱਲੋਂ ਢੇਸੀ ਦੇ ਹਲਕੇ ਸਲੋਹ ਵਿੱਚ ਪਰਚੇ ਵੰਡ ਕੇ ਹਿੰਦੂ ਵੋਟਰਾਂ ਨੂੰ ਢੇਸੀ ਦੇ ਖਿਲਾਫ ਵੋਟਾਂ ਪਾਉਣ ਲਈ ਕਿਹਾ ਜਾ ਰਿਹਾ ਹੈ। ਇਸ ਪਰਚੇ ਵਿੱਚ ਕਿਹਾ ਗਿਆ ਹੈ ਕਿ ਢੇਸੀ ਵੱਲੋਂ ਕਸ਼ਮੀਰ, ਫਲਸਤੀਨ ਅਤੇ ਮਿਆਂਮਾਰ ਵਿੱਚ ਮੁਸਲਮਾਨਾਂ ਦਾ ਸਮਰਥਨ ਕੀਤਾ ਗਿਆ। ਜੀਓ ਨਿਊਜ਼ ਵੱਲੋਂ ਛਾਪੀ ਖਬਰ ਵਿੱਚ ਢੇਸੀ ਨੇ ਕਿਹਾ ਕਿ ਭਾਰਤੀ ਕੱਟੜਪੰਥੀ ਸੰਸਥਾਵਾਂ ਆਰਐਸਐਸ ਅਤੇ ਭਾਜਪਾ ਨਾਲ ਸੰਬੰਧਿਤ ਬ੍ਰਿਟੇਨ ਵਿੱਚ ਮੌਜੂਦ ਭਾਰਤੀ ਕੱਟੜਪੰਥੀ ਲੇਬਰ ਪਾਰਟੀ ਦੇ ਸੰਸਦ ਮੈਂਬਰਾਂ ਖਿਲਾਫ ਨਫਰਤ ਅਤੇ ਸੰਪਰਦਾਇਕਤਾ ਫੈਲਾ ਰਹੇ ਹਨ।

ਉਹਨਾਂ ਕਿਹਾ, “ਆਰਐੱਸਐੱਸ ਨਹੀਂ ਚਾਹੁੰਦੀ ਕਿ ਮੈਂ ਬਰਤਾਨਵੀ ਪਾਰਲੀਮੈਂਟ ਵਿੱਚ ਜਾਵਾਂ ਕਿਉਂਕਿ ਮੈਂ ਮਨੁੱਖੀ ਹੱਕਾਂ ਲਈ ਨਿਡਰ ਹੋ ਕੇ ਬੋਲਦਾ ਹਾਂ।“

ਢੇਸੀ ਨੇ ਕਿਹਾ, “ਉਹ ਲੇਬਰ ਪਾਰਟੀ ਖਿਲਾਫ ਅਤੇ ਖਾਸ ਕਰਕੇ ਉਹਨਾਂ ਮੈਂਬਰਾਂ ਖਿਲਾਫ ਨਫਰਤ ਪੈਦਾ ਕਰ ਰਹੇ ਹਨ ਜਿਹਨਾਂ ਨੇ ਕਸ਼ਮੀਰ, ਫਲਸਤੀਨ, ਮਿਆਂਮਾਰ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਹੋ ਰਹੇ ਜ਼ੁਲਮਾਂ ਅਤੇ ਮਨੁੱਖੀ ਹੱਕਾਂ ਦੇ ਘਾਣ ਖਿਲਾਫ ਅਵਾਜ਼ ਚੁੱਕੀ।“

ਸਿੱਖ ਆਗੂ ਨੇ ਇਹਨਾਂ ਧਮਕੀਆਂ ਅੱਗੇ ਨਾ ਝੁਕਣ ਦਾ ਅਹਿਦ ਕਰਦਿਆਂ ਕਿਹਾ, “ਮੈਂ ਆਪਣੇ ਰਾਹ ‘ਤੇ ਨਿਡਰ ਹੋ ਕੇ ਤੁਰਦਾ ਰਹਾਂਗਾ। ਭਾਜਪਾ ਅਤੇ ਆਰਐੱਸਐੱਸ ਦੇ ਨਿਸ਼ਾਨਿਆਂ ਵਾਲੀ ਸੂਚੀ ਵਿੱਚ ਆਪਣਾ ਨਾਂ ਹੋਣ ਦੀ ਮੈਨੂੰ ਕੋਈ ਪ੍ਰਵਾਹ ਨਹੀਂ ਹੈ। ਮੈਂ ਸੱਚ ਲਈ ਹਮੇਸ਼ਾ ਅਵਾਜ਼ ਚੁੱਕਦਾ ਰਹਾਂਗਾ। ਕਸ਼ਮੀਰ, ਮਿਆਂਮਾਰ, ਫਲਸਤੀਨ ਦੇ ਲੋਕਾਂ ਲਈ ਬੋਲਣਾ ਸਾਡੀ ਜ਼ਿੰਮੇਵਾਰੀ ਹੈ।“

ਉਹਨਾਂ ਕਿਹਾ, “ਬੜੀ ਮੰਦਭਾਗੀ ਗੱਲ ਹੈ ਕਿ ਭਾਜਪਾ ਵਰਗੀ ਸੰਸਥਾ ਬਰਤਾਨੀਆ ਵਰਗੇ ਦੇਸ਼ਾਂ ਵਿੱਚ ਵੀ ਨਫਰਤ ਫੈਲਾ ਰਹੀ ਹੈ ਜਿੱਥੇ ਸਿਵਲ ਅਤੇ ਰਾਜਨੀਤਕ ਵਿਚਾਰ ਪ੍ਰਵਾਹ ਸਹਿਣਸ਼ੀਲਤਾ ਅਤੇ ਸਦਭਾਵਨਾ ਨਾਲ ਪ੍ਰਭਾਸ਼ਿਤ ਕੀਤੇ ਜਾਂਦੇ ਹਨ।“

ਉਹਨਾਂ ਕਿਹਾ ਕਿ ਅਜਿਹਾ ਪ੍ਰਤੀਤ ਹੋ ਰਿਹਾ ਹੈ ਜਿਵੇਂ ਭਾਜਪਾ ਅਤੇ ਆਰਐੱਸਐੱਸ ਇਹ ਨਫਰਤ ਭਰੀਆਂ ਕਾਰਵਾਈਆਂ ਕੰਜ਼ਰਵੇਟਿਵ ਪਾਰਟੀ ਦੀ ਮਦਦ ਨਾਲ ਕਰ ਰਹੀਆਂ ਹਨ।

# ਡਾ. ਗਿੱਲ ਨੇ ਕੀਤੀ ਬਾਦਲ ਦੀ ਰਿਹਾਇਸ਼ ’ਤੇ ਮੁਲਾਕਾਤ

## *ਪ੍ਰਕਾਸ਼ ਸਿੰਘ ਬਾਦਲ ਦੀ ਸਿਹਤਯਾਬੀ ਤੇ ਕਰਤਾਰਪੁਰ ਲਾਂਘੇ ਸੰਬੰਧੀ ਕੀਤੀਆਂ ਵਿਚਾਰਾਂ*

**ਮੁਕਤਸਰ/ਰਾਜ ਗੋਗਨਾ-** ਸਿੱਖਸ ਆਫ ਅਮਰੀਕਾ ਦੇ ਡਾਇਰੈਕਟਰ ਡਾ. ਸੁਰਿੰਦਰ ਸਿੰਘ ਗਿੱਲ ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਦੀ ਰਿਹਾਇਸ਼ ਤੇ ਉਨਾਂ ਦੀ ਸਿਹਤ ਦਾ ਪਤਾ ਲੈਣ ਗਏ, ਜਿੱਥੇ ਡਾ. ਗਿੱਲ ਨੇ ਉਨਾਂ ਦੀ ਚੜਦੀ ਕਲਾ ਅਤੇ ਸਿਹਤਯਾਬੀ ਦੀ ਕਾਮਨਾ ਕੀਤੀ, ਉੱਥੇ ਕਰਤਾਰਪੁਰ ਸਾਹਿਬ ਕੋਰੀਡੋਰ ਸਬੰਧੀ ਵੀ ਡੂੰਘੀਆਂ ਵਿਚਾਰਾਂ ਕੀਤੀਆਂ। ਕਰਤਾਰਪੁਰ ਕੋਰੀਡੋਰ ਰਾਹੀਂ ਨਾਨਕ ਨਾਮ ਲੇਵਾ ਸੰਗਤਾਂ ਦੀ ਗਿਣਤੀ ਵਧਾਉਣ ਸਬੰਧੀ ਜ਼ਿਕਰ ਵੀ ਕੀਤਾ। ਇਸ ਸਬੰਧੀ ਪ੍ਰਕਾਸ਼ ਸਿੰਘ ਬਾਦਲ ਨੇ ਤੁਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਕਿਹਾ ਕਿ ਉਹ ਹਰ ਰੋਜ਼ ਮੁਫਤ ਨਾਨਕ ਨਾਮ ਲੇਵਾ ਸੰਗਤਾਂ ਨੂੰ ਰਜਿਸਟ੍ਰੇਸ਼ਨ ਕਰਨ ਅਤੇ ਪੰਜਾਹ ਵਿਅਕਤੀਆਂ ਦੀ ਗਿਣਤੀ ਉਪਰੰਤ ਉਨਾਂ ਨੂੰ ਬੱਸ ਸੇਵਾ ਪ੍ਰਦਾਨ ਕਰਕੇ ਸੰਗਤਾਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਵਚਨਬੱਧ ਹੋਣ।



ਸਾਬਕਾ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨਾਲ ਵਿਚਾਰਾਂ ਕਰਦੇ ਹੋਏ ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਤੇ ਨਾਲ ਹਨ ਪ੍ਰਿੰ. ਐੱਸ. ਐੱਸ ਸੰਘਾ ਦਸਮੇਸ਼ ਗਰਲਜ ਕਾਲਜ਼ ਬਾਦਲ।

ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਹਰ ਰੋਜ਼ ਕਿੰਨੇ ਵਿਅਤਕੀ ਰਜਿਸਟਡ ਹੁੰਦੇ ਹਨ, ਉਨਾਂ ਦੇ ਵੇਰਵੇ ਦਰਜ ਕਰਕੇ ਹਰ ਰੋਜ਼ ਉਨਾਂ ਨੂੰ ਸੂਚਨਾ ਭੇਜਣ। ਉਨਾਂ ਕਿਹਾ ਕਿ ਹਰ ਰੋਜ਼ ਪੰਜ ਹਜ਼ਾਰ ਨਾਨਕ ਨਾਮ ਲੇਵਾ ਸੰਗਤ ਦਾ ਪ੍ਰਵੇਸ਼ ਕਰਤਾਰਪੁਰ ਲਾਂਘੇ ਰਾਹੀਂ ਯਕੀਨੀ ਬਣਾਉਣ। ਉਨਾਂ ਇਹ ਵੀ ਕਿਹਾ ਕਿ ਸੰਗਤਾਂ ਨੂੰ ਹਰ ਸਹੂਲਤ ਦਿੱਤੀ ਜਾਵੇ ਤਾਂ ਜੋ ਸੰਗਤਾਂ ਖੁਸ਼ੀ-ਖੁਸ਼ੀ ਦਰਸ਼ਨ ਕਰਕੇ ਬਾਬੇ ਨਾਨਕ ਦੀਆਂ ਰਹਿਮਤਾਂ ਪ੍ਰਾਪਤ ਕਰਨ।

ਬਾਦਲ ਸਾਹਿਬ ਨੇ ਕਿਹਾ ਕਿ ਸਿੱਖਸ ਆਫ ਅਮਰੀਕਾ ਜਸਦੀਪ ਸਿੰਘ ਜੱਸੀ ਚੇਅਰਮੈਨ ਦੀ ਅਗਵਾਈ ਵਿੱਚ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਮੇਰੀ ਦਿਲੀ ਇੱਛਾ ਹੈ ਕਿ ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਜਿੰਨਾ ਚਿਰ ਪੰਜਾਬ ਵਿੱਚ ਹਨ, ਉਹ ਸੁਪਰਵਾਈਜ਼ਰ ਦਾ ਕੰਮ ਕਰਨ ਅਤੇ ਦਮਦਮਾ ਸਾਹਿਬ ਤੋਂ ਜਾਣ ਵਾਲੀਆਂ ਸੰਗਤਾਂ ਦਾ ਰਿਕਾਡਰ ਰੋਜ਼ਾਨਾ ਤਰਤੀਬਵਾਰ ਤਿਆਰ ਕਰਨ ਤਾਂ ਜੋ ਦੂਸਰੇ ਕੇਂਦਰ ਕਰਤਾਰਪੁਰ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਜਾਣ ਅਤੇ ਪਾਕਿਸਤਾਨ ਵਲੋਂ ਉਸਾਰੇ ਸੰਸਾਰ ਦੇ ਇੱਕ ਨੰਬਰ ਅਸਥਾਨ ਦੇ ਦਰਸ਼ਨ ਕਰਕੇ ਜੀਵਨ ਸਫਲਾ ਕਰਨ।

ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਨੇ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ. ਪ੍ਰਕਾਸ਼ ਸਿੰਘ ਬਾਦਲ ਨਾਲ ਉਨਾਂ ਕੈਰੀਅਰ ਕੋਰਸਾਂ ਸੰਬੰਧੀ ਵੀ ਵਿਚਾਰਾਂ ਕੀਤੀਆਂ ਤਾਂ ਜੋ ਸਕੂਲੀ ਬੱਚੇ ਪੜਾਈ ਖਤਮ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ। ਬਾਕੀ ਦੀ ਪੜਾਈ ਉਹ ਆਨ-ਲਾਈਨ ਜਾਂ ਪ੍ਰਾਈਵੇਟ ਕਰਕੇ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਤੇ ਮਜ਼ਬੂਤ ਕਰਨ। ਇਸ ਸਮੇਂ ਉਨਾਂ ਨਾਲ ਪ੍ਰਿਸੀਪਲ ਐੱਸ. ਐੱਸ ਸੰਘਾ ਦਸਮੇਸ਼ ਗਰਲਜ਼ ਕਾਲਜ ਬਾਦਲ ਵੀ ਮੌਜੂਦ ਸਨ।

# ਬਚਿੱਤਰ ਸਿੰਘ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਸਸਕਾਰ ਪਹਿਲੀ ਦਸੰਬਰ ਨੂੰ

**ਲੋਡਾਈ/ਏ.ਟੀ. ਨਿਊਜ਼ :** ਕੈਲੀਫੋਰਨੀਆ ਵਿਚ ਰਹਿ ਰਹੇ ਸ. ਬਚਿੱਤਰ ਸਿੰਘ 23 ਨਵੰਬਰ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ, ਜਿਨ੍ਹਾਂ ਦਾ ਅੰਤਿਮ ਸਸਕਾਰ ਪਹਿਲੀ ਦਸੰਬਰ ਨੂੰ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਤੱਕ Funeral Home, Cherokee Memorial, 831 Industrial Way Lodi Ca 95241 ਵਿਖੇ ਹੋਵੇਗਾ ਅਤੇ ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ Dashmesh Darbar Lodi, 12098 West Ln Lodi Ca 95240 ਵਿਖੇ ਦੁਪਹਿਰ 2:00 ਵਜੇ ਹੋਵੇਗਾ।

ਸ. ਬਚਿੱਤਰ ਸਿੰਘ ਦਾ ਜਨਮ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਪਿਤਾ ਅਨਾਬ ਸਿੰਘ ਦੇ ਘਰ ਪਿੰਡ ਸ਼ਫ਼ੀਪੁਰ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਮੁਢਲੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਵਿਚੋਂ ਪ੍ਰਾਪਤ ਕੀਤੀ। ਪਿੰਡ ਦਾ ਪ੍ਰਾਇਮਰੀ ਸਕੂਲ ਆਪ ਜੀ ਦੇ ਪਿਤਾ ਜੀ ਨੇ ਆਪ ਜੀ ਦੀ ਪੜ੍ਹਾਈ ਲਈ ਮਨਜ਼ੂਰ ਕਰਵਾ ਕੇ ਪਿੰਡ ਵਿਚ ਬਣਵਾਇਆ। ਆਪ ਜੀ ਨੇ ਸਰਕਾਰੀ ਹਾਈ ਸਕੂਲ, ਤਰਨ ਤਾਰਨ ਵਿਖੇ ਹਾਇਰ ਸੈਕੰਡਰੀ ਦੀ ਪੜ੍ਹਾਈ ਕੀਤੀ। ਇਸੇ ਸਕੂਲ ਵਿਚ ਆਪ ਜੀ ਨੂੰ ਖੇਡਾਂ ਪ੍ਰਤੀ ਰੁਚੀ ਜਾਗੀ। ਉੱਚ ਵਿਦਿਆ ਲਈ ਆਪ ਜੀ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਦਾਖਲਾ ਲਿਆ, ਆਪ ਜੀ ਦੇ ਮਾਮਾ ਅਜੈਬ ਸਿੰਘ ਸੇਖੋਂ ਜੀ ਦੀ ਪ੍ਰੇਰਨਾ ਸਦਕਾ ਆਪ ਜੀ ਨੇ ਖੇਡਾਂ ਵਿਚ ਭਾਗ ਲਿਆ ਅਤੇ ਗਤਕੇ ਵਿਚ ਕਲਰ ਹਾਸਲ ਕੀਤਾ ਅਤੇ ਕੁਸ਼ਤੀ ਵੀ ਸ਼ੁਰੂ ਕੀਤੀ ਅਤੇ ਕਬੱਡੀ ਖੇਡ ਵਿਚ ਵੀ ਹਿੱਸਾ ਲਿਆ।



ਇਸ ਤੋਂ ਬਾਅਦ ਆਪ ਜੀ ਨੇ ਖਾਲਸਾ ਕਾਲਜ ਪਟਿਆਲਾ ਵਿਚ ਵੀ ਪੜ੍ਹਾਈ ਕੀਤੀ ਅਤੇ ਉਥੇ ਹੀ ਕੁਸ਼ਤੀ ਵਿਚ ਇੰਟਰ ਯੂਨੀਵਰਸਿਟੀ ਵਿਚ ਸੈਕਿੰਡ ਪੁਜੀਸ਼ਨ ਹਾਸਲ ਕੀਤੀ। ਕਬੱਡੀ ਦੀ ਇੰਡੀਆ ਟੀਮ ਵਿਚ ਵੀ ਹਿੱਸਾ ਲਿਆ। 30 ਜਨਵਰੀ 1969 ਨੂੰ ਹੋਏ ਇਕ ਕਤਲ ਵਿਚ ਇਨ੍ਹਾਂ ਨੂੰ ਫਸਾਇਆ ਗਿਆ, 21.4.1970 ਨੂੰ ਇਸੇ ਕੇਸ ਵਿਚ ਸਜ਼ਾ ਏ ਮੌਤ ਦੀ ਸਜ਼ਾ ਸੁਣਾਈ ਗਈ, ਆਪ ਜੀ ਨੂੰ 18 ਮਹੀਨੇ ਕਾਲ ਕੋਠੜੀ ਵਿਚ ਬੰਦ ਰੱਖਿਆ ਅਤੇ ਰਹਿਮ ਦੀ ਅਪੀਲ ਤੇ ਸਜ਼ਾ ਬਦਲੀ ਗਈ। ਆਪ ਜੀ ਇਸੇ ਕੇਸ ਦੇ ਸਬੰਧ ਵਿਚ ਸਾਢੇ ਬਾਰਾਂ ਸਾਲ ਜੇਲ੍ਹ ਵਿਚ ਬੰਦ ਰਹੇ। ਇਸੇ ਦੌਰਾਨ ਆਪ ਜੀ ਨੇ ਜੇਲ੍ਹ ਵਿਚ ਪੜ੍ਹਾਈ ਵਿਚ ਮੁਕਾਮ ਹਾਸਲ ਕੀਤਾ ਜੋ ਕਿ ਇਸ ਪ੍ਰਕਾਰ ਹੈ : ਗਿਆਨੀ, ਪ੍ਰਭਾਕਰ, ਬੀ.ਏ. ਅਤੇ ਐਮ.ਏ. ਦੀ ਡਿਗਰੀ ਹਾਸਲ ਕੀਤੀ। ਆਪ ਜੀ ਨੇ ਜੇਲ੍ਹ ਵਿਚ ਰਹਿੰਦਿਆਂ ਹੀ ਗੋਲਾ ਸੁੱਟਣ ਵਿਚ ਪਹਿਲਾਂ ਸਥਾਨ ਹਾਸਲ ਕੀਤਾ ਅਤੇ ਜੇਲ੍ਹ ਵਿਚ ਪੂਰੇ ਪੰਜਾਬ ਦਾ ਮੁਖੀ ਨਿਯੁਕਤ ਕੀਤਾ। ਖੇਡਾਂ ਪ੍ਰਤੀ ਉਤਸ਼ਾਹ ਨੂੰ ਵੇਖ ਕੇ ਉਸ ਸਮੇਂ ਦੇ ਮੌਜੂਦਾ ਮੁੱਖ ਮੰਤਰੀ ਨੇ ਜੇਲ੍ਹ ਅੰਦਰ ਸਨਮਾਨਤ ਕੀਤਾ। ਸਜ਼ਾ ਕੱਟਣ ਤੋਂ ਬਾਅਦ ਆਪ ਜੀ ਨੇ ਯੂ.ਪੀ. ਵਿਖੇ ਫਾਰਮ ਲੈ ਕੇ ਖੇਤੀਬਾੜੀ ਆਰੰਭ ਕੀਤੀ ਅਤੇ ਜੁਲਾਈ 1984 ਨੂੰ ਇੰਗਲੈਂਡ ਵਿਖੇ ਚਲੇ ਗਏ, 6 ਸਾਲ ਇੰਗਲੈਂਡ ਰਹਿਣ ਉਪਰੰਤ ਆਪ ਅਮਰੀਕਾ ਵਿਖੇ ਆ ਗਏ, ਉਸ ਬਾਰੇ ਆਪ ਜੀ ਬਿਹਤਰ ਜਾਣਦੇ ਹੋ।

## ਟਾਈਟਲਰ ਮਾਮਲੇ ਵਿਚ ਅਦਾਲਤ ਨੇ ਸੀਬੀਆਈ ਨੂੰ ਪਾਈਆਂ ਝਾੜਾਂ

**ਨਵੀਂ ਦਿੱਲੀ/ਏ.ਟੀ. ਨਿਊਜ਼ :** ਸਿੱਖ ਕਤਲੇਆਮ ਦੇ ਮਾਮਲੇ ਵਿਚ ਅਦਾਲਤ ਨੇ ਸ਼ਿਕਾਇਤਕਰਤਾ ਦੀ ਅਰਜ਼ੀ ’ਤੇ ਕਾਰਵਾਈ ਕਰਦੇ ਹੋਏ ਸੀਬੀਆਈ ਨੂੰ ਝਾੜਾਂ ਲਗਾਉਂਦਿਆਂ ਐੱਸਪੀ ਨੂੰ ਸਵਾਲ ਕੀਤਾ ਕਿ ਟਾਈਟਲਰ ਕੇਸ ਵਿਚ 164 ਗਵਾਹਾਂ ਦੇ ਬਿਆਨ ਦਰਜ ਕਿਉਂ ਨਹੀਂ ਹੋਏ। ਐੱਸਪੀ ਨੂੰ 15 ਦਿਨਾਂ ਅੰਦਰ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਦਿੱਲੀ ਕਮੇਟੀ ਵੱਲੋਂ ਅਦਾਲਤ ਵਿਚ ਅਪੀਲ ਕੀਤੀ ਗਈ ਸੀ ਕਿ ਸੀਬੀਆਈ ਵੱਲੋਂ ਕੇਸ ਵਿਚ ਢਿੱਲ ਵਰਤੀ ਜਾ ਰਹੀ ਹੈ। 35 ਸਾਲ ਹੋ ਗਏ ਹਨ ਤੇ ਕਈ ਗਵਾਹ ਹੁਣ ਇਸ ਦੁਨੀਆ ਵਿਚ ਵੀ ਨਹੀ ਰਹੇ। ਇਸ ਲਈ ਬਿਨਾਂ ਕਿਸੇ ਦੇਰੀ ਗਵਾਹਾਂ ਦੇ ਬਿਆਨ ਦਰਜ ਕਰਵਾਏ ਜਾਣ। ਅਦਾਲਤ ਦੇ ਆਦੇਸ਼ਾਂ ਦੇ ਬਾਵਜੂਦ ਸੀਬੀਆਈ ਨੂੰ 3 ਸਾਲ ਲੱਗ ਗਏ ਤੇ ਟਾਈਟਲਰ ਦੇ ਖ਼ਿਲਾਫ਼ ਗਵਾਹੀ ਦੇਣ ਵਾਲੇ ਅਭਿਸ਼ੇਕ ਵਰਮਾ ਦਾ ਪੋਲੀਗ੍ਰਾਫ਼ ਟੈਸਟ ਕਰਵਾਉਣ ਤੋਂ ਬਾਅਦ ਰਿਪੋਰਟ ਹਾਲੇ ਤੱਕ ਜਨਤਕ ਨਹੀਂ ਕੀਤੀ ਗਈ ਹੈ। ਸਿਰਸਾ ਨੇ ਦੱਸਿਆ ਕਿ ਦਿੱਲੀ ਕਮੇਟੀ ਦੇ ਲੀਗਲ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਵਿਚ ਕਮੇਟੀ ਵੱਲੋਂ ਐਡਵੋਕੇਟ ਗੁਰਬਖ਼ਸ਼ ਸਿੰਘ ਤੇ ਹਰਪ੍ਰੀਤ ਸਿੰਘ ਰਾਹੀਂ ਅਦਾਲਤੀ ਕਾਰਵਾਈ ਕੀਤੀ ਜਾ ਰਹੀ ਹੈ। ਕਮੇਟੀ ਦੀ ਲੀਗਲ ਟੀਮ ਨੇ ਅਦਾਲਤ ਤੋਂ ਬਿਆਨ ਦਰਜ ਕਰਵਾਉਣ ਦੀ ਅਪੀਲ ਦੇ ਨਾਲ-ਨਾਲ ਗਵਾਹਾਂ ਦੀ ਸੁਰੱਖਿਆ ਦੇ ਮੁੱਦੇ ’ਤੇ ਵੀ ਧਿਆਨ ਦੇਣ ਦੀ ਅਪੀਲ ਕੀਤੀ।

## ਅਮਰੀਕਾ ’ਚ 19 ਸਾਲਾ ਭਾਰਤੀ ਵਿਦਿਆਰਥਣ ਦਾ ਕਤਲ

**ਸ਼ਿਕਾਗੋ/ਏ.ਟੀ. ਨਿਊਜ਼ :** ਅਮਰੀਕਾ ’ਚ ਇੱਕ 19 ਸਾਲਾ ਭਾਰਤੀ ਵਿਦਿਆਰਥਣ ਦਾ ਜਿਨਸੀ ਸੋਸ਼ਣ ਕਰਨ ਤੋਂ ਬਾਅਦ ਗਲਾ ਘੁੱਟ ਕੇ ਕਤਲ ਕਰ ਦਿੱਤਾ ਗਿਆ। ਸ਼ਿਕਾਗੋ ਪੁਲਿਸ ਨੇ ਇਸ ਦੀ ਜਾਣਕਾਰੀ ਦਿੱਤੀ ਹੈ। ਜਿਸ ਭਾਰਤੀ ਵਿਦਿਆਰਥਣ ਦਾ ਕਤਲ ਹੋਇਆ ਹੈ, ਉਹ ਹੈਦਰਾਬਾਦ ਦੀ ਰਹਿਣ ਵਾਲੀ ਸੀ। ਉਹ ਇਲੀਨਾਇਸ ਯੂਨੀਵਰਸਿਟੀ ’ਚ ਆਨਰਸ ਦੀ ਪੜ੍ਹਾਈ ਕਰ ਰਹੀ ਸੀ। ਸ਼ਨੀਵਾਰ ਨੂੰ ਕੈਂਪਸ ਦੇ ਗੈਰੇਜ਼ ’ਚ ਉਸ ਦੀ ਕਾਰ ਦੀ ਪਿਛਲੀ ਸੀਟ ’ਤੇ ਲਾਸ਼ ਮਿਲੀ। ਵਿਦਿਆਰਥਣ ਦੇ ਕਤਲ ਦੇ ਇਲਜ਼ਾਮ ’ਚ 26 ਸਾਲਾ ਡੋਨਾਲਡ ਥੁਰਮਨ ਨੂੰ ਸ਼ਿਕਾਗੋ ਮੈਟਰੋ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਮੁਲਜ਼ਮ ਯੂਨੀਵਰਸਿਟੀ ਨਾਲ ਜੁੜਿਆ ਵਿਅਕਤੀ ਨਹੀਂ।

# ਪਿੰਡ ਬਾਗੜੀਆਂ ਵਿਖੇ ਅੰਤਰਰਾਸ਼ਟਰੀ ਪਾਵਰਲਿਫਟਰ ਅਜੇ ਗੋਗਨਾ ਭੁਲੱਥ ਦਾ ਮੋਟਰ-ਸਾਈਕਲ ਨਾਲ ਵਿਸ਼ੇਸ਼ ਸਨਮਾਨ

**ਕਪੂਰਥਲਾ/ਰਾਜ ਗੋਗਨਾ :** ਕਸਬਾ ਭੁਲੱਥ ਦਾ ਵੇਟਲਿਫਟਰ ਜੋ ਵੇਟ ਲਿਫ਼ਟਿੰਗ ਰਾਹੀਂ ਦੇਸ਼ ਵਿਦੇਸ਼ ‘ਚ ਨਾਂਅ ਰੌਸ਼ਨ ਕਰਨ ਵਾਲੇ ਅਜੇ ਗੋਗਨਾ ਸਪੁੱਤਰ ਪਰਵਾਸੀ ਪੱਤਰਕਾਰ ਰਾਜ ਗੋਗਨਾ ਦਾ ਭੁਲੱਥ ਲਾਗਲੇ ਪਿੰਡ ਬਾਗੜੀਆ ਦੇ 9ਵੇਂ ਵਿਸ਼ਾਲ ਕਬੱਡੀ ਕੱਪ ਵਿੱਚ ਇਕ ਮੋਟਰਸਾਈਕਲ ਤੇ ਇਕ ਲੱਖ ਰੁਪਏ ਨਾਲ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।



ਇਸ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਬਲਵਿੰਦਰ ਸਿੰਘ ਕਾਲਾ ਨੇ ਕਿਹਾ ਕਿ ਅਜੇ ਗੋਗਨਾ ਵਰਗੇ ਖਿਡਾਰੀਆਂ ਲਈ ਇਕ ਪ੍ਰੇਰਨਾ ਸਰੋਤ ਹਨ । ਉਨ੍ਹਾਂ ਕਿਹਾ ਕਿ ਅਜੋਕੇ ਯੁੱਗ ‘ਚ ਨੌਜਵਾਨ ਪੀੜੀ ਨਸ਼ਿਆਂ ਨਾਲ ਗਲਤਾਨ ਹੈ ਤੇ ਪਿੰਡਾਂ ਕਸਬਿਆਂ ‘ਚ ਵਿਰਲੇ ਵਿਰਲੇ ਖਿਡਾਰੀ ਪੈਦਾ ਹੋ ਰਹੇ ਹਨ । ਉਨ੍ਹਾਂ ਨੇ ਕਿਹਾ ਕਿ ਸਾਡੇ ਸੂਬੇ, ਦੇਸ਼ ਅਤੇ ਸਾਡੇ ਇਲਾਕੇਂ ਦਾ ਅਜੇ ਗੋਗਨਾ ਭੁਲੱਥ ਨਿਵਾਸੀ ਨੇ ਬੀਤੇ ਦਿਨੀ ਕੈਨੇਡਾ ‘ਚ ਵੇਟ ਲਿਫ਼ਟਿੰਗ ਮੁਕਾਬਲਾ ਜਿੱਤ ਕੇ ਦੇਸ਼ ਦਾ ਤਿਰੰਗਾ ਝੰਡਾ ਲਹਿਰਾਇਆ ਸੀ। ਉਨ੍ਹਾਂ ਕਿਹਾ ਜੋ ਨੌਜਵਾਨ ਖੇਡ ਖੇਡਣ ਦੀ ਭਾਵਨਾ ਰੱਖਦੇ ਹਨ ਉਹ ਉਨ੍ਹਾਂ ਨਾਲ ਸੰਪਰਕ ਕਰਕੇ ਲੋੜੀਂਦੀ ਕੋਚਿੰਗ ਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ । ਇਸ ਮੌਕੇ ਅਜੇ ਗੋਗਨਾ ਨੇ ਬਲਵਿੰਦਰ ਸਿੰਘ ਕਾਲਾ, ਕਬੱਡੀ ਕੋਚ ਅਜਾਇਬ ਸਿੰਘ ਤੇ ਚੰਨਾ ਧਾਲੀਵਾਲ ਕੈਨੇਡਾ ਨਿਵਾਸੀ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਗੈਂਗਸਟਰ ਸੁਖਪ੍ਰੀਤ ਬੁੱਢਾ ਗ੍ਰਿਫ਼ਤਾਰ

**ਚੰਡੀਗੜ੍ਹ/ਏ.ਟੀ. ਨਿਊਜ਼ :**

ਛੇ ਤੋਂ ਜ਼ਿਆਦਾ ਕਤਲ ਮਾਮਲਿਆਂ ਸਮੇਤ 22 ਕੇਸਾਂ ਵਿੱਚ ਲੋੜੀਂਦੇ ਗੈਂਗਸਟਰ ਸੁਖਪ੍ਰੀਤ ਸਿੰਘ ਬੁੱਢਾ ਨੂੰ ਅਰਮਾਨੀਆ ਨੇ ਪੰਜਾਬ ਪੁਲਿਸ ਨੂੰ ਸੌਂਪ ਦਿੱਤਾ ਹੈ। ਬੀਤੇ ਸ਼ਨੀਵਾਰ ਨੂੰ ਅਦਾਲਤ ਤੋਂ ਰਿਮਾਂਡ ਹਾਸਲ ਕਰਨ ਤੋਂ ਬਾਅਦ ਪੁਲਿਸ ਨੇ ਬੁੱਢਾ ਕੋਲੋਂ ਹੋਈ ਪੁੱਛਗਿੱਛ ਤੋਂ ਖੁਲਾਸਾ ਕੀਤਾ ਹੈ ਕਿ ਉਹ ਵਿਦੇਸ਼ਾਂ ਵਿੱਚ ਬੈਠੇ ਖਾਲਿਸਤਾਨੀ ਸੰਗਠਨਾਂ ਤੋਂ ਫੰਡ ਲੈਂਦਾ ਸੀ, ਜਿਸ ਰਾਹੀਂ ਉਹ ਕਈ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਹੈ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਹੁਣ ਤੱਕ ਉਸ ਨੇ ਕਿੰਨੇ ਲੋਕਾਂ ਨੇ ਫਿਰੌਤੀ ਲਈ ਹੈ। ਇਸ ਨੇ ਇੱਕ ਵੱਡੇ ਕੇਸ ਵਿੱਚ ਫਿਰੌਤੀ ਲਈ ਮਸ਼ਹੂਰ ਪੰਜਾਬੀ ਗਾਇਕ ਪਰਮੀਸ਼ ਵਰਮਾ ’ਤੇ ਵੀ ਹਮਲਾ ਕੀਤਾ ਸੀ। ਜਦੋਂ ਵਰਮਾ ’ਤੇ ਹਮਲਾ ਹੋਇਆ ਸੀ ਤਾਂ ਬੁੱਢਾ ਨੇ ਮੰਨਿਆ ਸੀ ਕਿ ਉਸ ਨੇ ਹੀ ਪਰਮੀਸ਼’ ਤੇ ਹਮਲਾ ਕਰਵਾਇਆ ਹੈ।

# ਸਿਆਸਤਦਾਨਾਂ ਤੇ ਪੁਲਸ ਅਫਸਰਾਂ ਤੋਂ ਦੁਖੀ ਪ੍ਰਵਾਸੀ ਪੰਜਾਬ ’ਚ ਬਿਜਨੈਸ ਕਰਨ ਤੋਂ ਡਰੇ

**ਬਠਿੰਡਾ/ਏ.ਟੀ. ਨਿਊਜ਼ :** ਲੱਠਮਾਰਾਂ ਅਤੇ ਸਿਆਸਤਦਾਨਾਂ ’ਤੇ ਆਧਾਰਿਤ ਲੈਂਡ ਮਾਫੀਆ ਨੇ ਪੰਜਾਬ ਨਾਲ ਸੰਬੰਧਤ ਗੈਰ ਨਿਵਾਸੀ ਭਾਰਤੀਆਂ ਨੂੰ ਇਸ ਕਦਰ ਦਹਿਸ਼ਤਜ਼ਦਾ ਕੀਤਾ ਹੋਇਐ ਕਿ ਕੌਡੀਆਂ ਦੇ ਭਾਅ ਜਾਇਦਾਦਾਂ ਵੇਚ ਕੇ ਉਹ ਆਪਣੇ ਪੁਰਖਿਆਂ ਦੀ ਧਰਤੀ ਨੂੰ ਆਖ਼ਰੀ ਫਤਹਿ ਬੁਲਾਉਣ ਲਈ ਮਜਬੂਰ ਹੋ ਰਹੇ ਹਨ।



ਮਾਮਲਾ ਕੁੱਝ ਇਸ ਤਰ੍ਹਾਂ ਹੈ ਕਿ 1984 ਤੋਂ ਇਟਲੀ ਦਾ ਪਰਵਾਸ ਹੰਢਾ ਰਹੇ ਇਸ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਨਾਲ ਸੰਬੰਧਤ ਹਰਨੇਕ ਸਿੰਘ ਨੇ ਥਾਣਾ ਨਥਾਣਾ ਤਹਿਤ ਪੈਂਦੇ ਪਿੰਡ ਕਲਿਆਣਾ ਸੱਦਾ ਵਿਖੇ 1992 ਤੋਂ 2002 ਦੇ ਸਮੇਂ ਦਰਮਿਆਨ ਸਾਢੇ ਸੋਲਾਂ ਏਕੜ ਜ਼ਮੀਨ ਖਰੀਦੀ ਸੀ। ਇਸ ਜਾਇਦਾਦ ਦੀ ਸਾਂਭ-ਸੰਭਾਲ ਲਈ ਉਸ ਨੇ ਆਪਣੇ ਵੱਡੇ ਭਰਾ ਬਲਦੇਵ ਸਿੰਘ ਨੂੰ 1996 ਵਿੱਚ ਮੁਖਤਾਰੇਆਮ ਨਿਯੁਕਤ ਕਰ ਦਿੱਤਾ ਸੀ, ਲੇਕਿਨ ਉਸ ਦੀ ਨੀਅਤ ’ਤੇ ਸ਼ੱਕ ਪੈਣ ਦੀ ਵਜ੍ਹਾ ਕਾਰਨ ਹਰਨੇਕ ਸਿੰਘ ਨੇ 2006 ਵਿੱਚ ਮੁਖਤਾਰਨਾਮਾ ਤੁੜਵਾ ਦਿੱਤਾ ਸੀ। ਭਰਾਵਾਂ ਦੀ ਫਿੱਕ ਪੈਣ ਦੀ ਭਿਣਕ ਲੱਗਣ ’ਤੇ ਮਾਲਵਾ ਖਿੱਤੇ ਵਿੱਚ ਸਰਗਰਮ ਕੁੱਝ ਲੱਠਮਾਰਾਂ, ਜਿਹਨਾਂ ਨੂੰ ਚਿੱਟੇ ਤੇ ਨੀਲੇ ਰੰਗ ਦੇ ਸਿਆਸਤਦਾਨਾਂ ਤੋਂ ਸਰਪ੍ਰਸਤੀ ਹਾਸਲ ਕਰਨ ਦੀ ਮੁਹਾਰਤ ਹੈ, ਨੇ ਬਲਦੇਵ ਸਿੰਘ ਤੋਂ ਰੱਦ ਹੋ ਚੁੱਕੇ ਮੁਖਤਾਰਨਾਮੇ ਦੀ ਫੋਟੋ ਸਟੈਟ ਕਾਪੀ ਦੇ ਜ਼ਰੀਏ ਸਾਰੀ ਜ਼ਮੀਨ ਦੀ ਰਜਿਸਟਰੀ 30 ਜੂਨ 2014 ਨੂੰ ਆਪਣੇ ਨਾਂ ਕਰਵਾ ਲਈ। ਦਿਲਚਸਪ ਤੱਥ ਇਹ ਹੈ ਕਿ 1 ਕਰੋੜ 64 ਲੱਖ 72 ਹਜ਼ਾਰ ਰੁਪਏ ਵਿੱਚ ਦਿਖਾਏ ਜ਼ਮੀਨ ਦੇ ਸੌਦੇ ਦੇ ਇਵਜ਼ ਵਜੋਂ ਮਾਫੀਆ ਸਰਗਣਿਆਂ ਨੇ ਸਟੇਟ ਬੈਂਕ ਆਫ ਇੰਡੀਆ ਦੀ ਭਦੌੜ ਬਰਾਂਚ ਨਾਲ ਸੰਬੰਧਤ 62 ਲੱਖ ਰੁਪਏ ਦੇ ਚੈੱਕ ਨਾਲ ਅਦਾਇਗੀ ਕਰਨ ਦਾ ਦਾਅਵਾ ਕੀਤਾ ਹੈ, ਉਸ ਖਾਤੇ ਵਿੱਚ ਚੈੱਕ ਕੱਟਣ ਵੇਲੇ ਸਿਰਫ਼ 144 ਰੁਪਏ ਦੀ ਰਕਮ ਜਮ੍ਹਾਂ ਸੀ। ਇਸ ਜ਼ਮੀਨ ’ਤੇ ਕਬਜ਼ੇ ਨੂੰ ਸੁਖਾਲਾ ਬਣਾਉਣ ਦੇ ਯਤਨ ਵਜੋਂ ਆਪਣੇ ਸਿਆਸੀ ਆਕਿਆਂ ਦੀ ਮਦਦ ਨਾਲ ਮਾਫ਼ੀਆ ਸਰਗਣਿਆਂ ਨੇ ਹਰਨੇਕ ਸਿੰਘ ਦੇ ਪੁੱਤਰ ਗੁਰਿੰਦਰ ਸਿੰਘ ਜੋ ਖ਼ੁਦ ਵੀ ਇਟਲੀ ਦਾ ਨਾਗਰਿਕ ਹੈ, ਦੇ ਖਿਲਾਫ 4 ਜੂਨ 2016 ਨੂੰ ਥਾਣਾ ਦਿਆਲਪੁਰਾ ਵਿਖੇ ਮੁਕੱਦਮਾ ਦਰਜ ਕਰ ਦਿੱਤਾ, ਨਜਾਇਜ਼ ਹੋਣ ਦੀ ਵਜ੍ਹਾ ਕਾਰਨ ਜਿਸ ਨੂੰ ਰਾਮਪੁਰਾ ਫੂਲ ਦੀ ਅਦਾਲਤ ਨੇ ਬਰੀ ਕਰ ਦਿੱਤਾ। ਬਾਵਜੂਦ ਇਸ ਦੇ ਕਿ ਜ਼ਮੀਨ ’ਤੇ ਹਰਨੇਕ ਸਿੰਘ ਦੇ ਪਰਵਾਰ ਦਾ ਹੀ ਕਬਜ਼ਾ ਬਰਕਰਾਰ ਰਿਹਾ ਤੇ ਹੈ, ਫਿਰ ਵੀ ਸਿਆਸਤਦਾਨਾਂ ਦੇ ਦਖ਼ਲ ਨਾਲ ਮਾਫ਼ੀਆ ਸਰਗਨੇ ਨੇ ਗਿਰਦਾਵਰੀ ਆਪਣੇ ਨਾਂਅ ਕਰਵਾ ਲਈ, ਜਿਸ ਨੂੰ ਲੰਬੀ ਕਾਨੂੰਨੀ ਲੜਾਈ ਲੜਨ ਉਪਰੰਤ ਹਰਨੇਕ ਵਗੈਰਾ ਨੇ ਰੱਦ ਕਰਵਾ ਦਿੱਤਾ। ਹਾਲਾਂਕਿ 2017 ਵਿੱਚ ਅਕਾਲੀ ਦਲ ਦੀ ਥਾਂ ’ਤੇ ਕਾਂਗਰਸੀ ਸਰਕਾਰ ਆ ਗਈ, ਮਾਫ਼ੀਆ ਸਰਗਣਿਆਂ ਨੇ ਨਵੇਂ ਸਿਆਸੀ ਹਾਕਮਾਂ ਦੀ ਸਰਪ੍ਰਸਤੀ ਹਾਸਲ ਕਰਦਿਆਂ ਹਰਨੇਕ ਸਿੰਘ, ਉਸ ਦੇ ਬੇਟੇ ਗੁਰਿੰਦਰ ਸਿੰਘ ਅਤੇ ਹੋਰਾਂ ਖਿਲਾਫ ਥਾਣਾ ਦਿਆਲਪੁਰਾ ਵਿਖੇ ਅਸਲਾ ਐਕਟ ਅਧੀਨ 21 ਅਕਤੂਬਰ 2018 ਨੂੰ ਮੁਕੱਦਮਾ ਦਰਜ ਕਰਵਾਉਣ ਉਪਰੰਤ ਦੋ ਦਿਨ ਬਾਅਦ ਭਾਵ 23 ਅਕਤੂਬਰ ਨੂੰ ਉਸ ਦੀ ਝੋਨੇ ਦੀ ਫ਼ਸਲ ਵੱਢ ਲਈ।

ਦਿਲਚਸਪ ਤੱਥ ਇਹ ਹੈ ਕਿ ਇਸ ਦਾਦਾਗਿਰੀ ਦੇ ਜ਼ਰੀਏ ਹੋਰ ਗੈਰ ਨਿਵਾਸੀ ਭਾਰਤੀਆਂ ਨੂੰ ਦਹਿਸ਼ਤਜ਼ਦਾ ਕਰਨ ਦੀ ਨੀਅਤ ਨਾਲ ਇਸ ਸਾਰੇ ਵਰਤਾਰੇ ਨੂੰ ਸੋਸ਼ਲ ਮੀਡੀਆ ’ਤੇ ਲਾਈਵ ਕਰ ਦਿੱਤਾ। ਆਪਣੇ ਖਿਲਾਫ ਦਰਜ ਮੁਕੱਦਮੇ ਨੂੰ ਰੱਦ ਕਰਵਾਉਣ ਲਈ ਇਹ ਐੱਨ ਆਰ ਆਈ ਪਰਿਵਾਰ ਦਰ-ਦਰ ਦੀਆਂ ਠੋਕਰਾਂ ਖਾਣ ਦੇ ਨਾਲ ਨਾਲ ਜਬਰੀ ਵੱਢੀ ਹੋਈ ਆਪਣੀ ਫ਼ਸਲ ਦੇ ਦੋਸ਼ੀਆਂ ਵਿਰੁੱਧ ਪਰਚਾ ਦਰਜ ਕਰਵਾਉਣ ਵਾਸਤੇ ਸਰਕਾਰੇ-ਦਰਬਾਰੇ ਤਰਲੇ-ਮਿੰਨਤਾਂ ਕਰਦਾ ਰਿਹਾ, ਪਰ ਕਿਸੇ ਨੇ ਨਾ ਸੁਣੀ।

ਲੰਬੀ ਚੌੜੀ ਪੜਤਾਲ ਕਰਨ ਉਪਰੰਤ ਪੰਜਾਬ ਪੁਲਸ ਦੇ ਐੱਨ ਆਰ ਆਈ ਵਿੰਗ ਦੇ ਉਸ ਵੇਲੇ ਦੇ ਏ ਡੀ ਜੀ ਪੀ ਨੇ ਮੁਕੱਦਮਾ ਦਰਜ ਕਰਨ ਲਈ ਆਈ ਜੀ ਬਠਿੰਡਾ ਨੂੰ 3 ਅਪਰੈਲ 2019 ਨੂੰ ਲਿਖਤੀ ਹਦਾਇਤ ਭੇਜ ਦਿੱਤੀ, ਜੋ ਉਹਨਾਂ ਐੱਸ ਐੱਸ ਪੀ ਬਠਿੰਡਾ ਨੂੰ ਮਾਰਕ ਕਰ ਦਿੱਤੀ। ਜ਼ਿਕਰਯੋਗ ਹੈ ਕਿ ਝੂਠੇ ਮੁਕੱਦਮੇ ਨੂੰ ਰੱਦ ਕਰਵਾਉਣ ਹਿੱਤ ਗੁਰਿੰਦਰ ਨੇ ਜੋ ਦਰਖਾਸਤ ਏ ਡੀ ਜੀ ਪੀ ਅਪਰਾਧ ਨੂੰ ਮਿਲ ਕੇ 3 ਅਪਰੈਲ 2019 ਨੂੰ ਦਿੱਤੀ ਸੀ, ਐੱਸ ਐੱਸ ਪੀ ਨੇ ਉਸ ਦੀ ਪੜਤਾਲ ਐੱਸ ਪੀ ਟਰੈਫਿਕ ਨੂੰ ਸੌਂਪ ਦਿੱਤੀ।

ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਜਬਰੀ ਫ਼ਸਲ ਵੱਢਣ ਸੰਬੰਧੀ ਕੇਸ ਰਜਿਸਟਰ ਕਰਨ ਲਈ ਜੋ ਹਦਾਇਤ ਏ ਡੀ ਜੀ ਪੀ ਨੇ ਆਈ ਜੀ ਨੂੰ ਭੇਜੀ ਸੀ, ਉਸ ’ਤੇ ਅਮਲ ਕਰਨ ਦੇ ਉਲਟ ਐੱਸ ਐੱਸ ਪੀ ਨੇ ਆਪਣੇ ਸੀਨੀਅਰ ਅਧਿਕਾਰੀ ਦੇ ਹੁਕਮ ਨੂੰ ਚੁਣੌਤੀ ਦਿੰਦਿਆਂ ਮੁੜ ਪੜਤਾਲ ਲਈ ਮਾਮਲਾ ਐੱਸ ਪੀ ਟਰੈਫਿਕ ਨੂੰ ਸੌਂਪ ਦਿੱਤਾ। ਸਿਤਮ ਜ਼ਰੀਫੀ ਇਹ ਕਿ ਐੱਸ ਪੀ ਟਰੈਫਿਕ ਵੱਲੋਂ ਕੀਤੀ ਪੜਤਾਲ ਦੇ ਅਧਾਰ ’ਤੇ ਬਣਦੀ ਕਾਰਵਾਈ ਕਰਨ ਦੇ ਬਜਾਏ ਐੱਸ ਐੱਸ ਪੀ ਨੇ ਮਹੀਨਿਆਂਬੱਧੀ ਉਕਤ ਰਿਪੋਰਟਾਂ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ। ਬੁਰੀ ਤਰ੍ਹਾਂ ਪਰੇਸ਼ਾਨ ਗੁਰਿੰਦਰ ਨੇ ਇਨਸਾਫ ਲਈ ਜਦ 29 ਅਕਤੂਬਰ 2019 ਨੂੰ ਐੱਨ ਆਰ ਆਈ ਕਮਿਸ਼ਨ ਪੰਜਾਬ ਦੇ ਦਰ ’ਤੇ ਜਾ ਦਸਤਕ ਦਿੱਤੀ ਤਾਂ ਕਮਿਸ਼ਨ ਨੇ ਏ ਡੀ ਜੀ ਪੀ ਐੱਨ ਆਰ ਆਈ ਅਤੇ ਐੱਸ ਐੱਸ ਪੀ ਬਠਿੰਡਾ ਤੋਂ 21 ਨਵੰਬਰ ਲਈ ਜੁਆਬ ਤਲਬ ਕਰ ਲਿਆ। ਨਤੀਜੇ ਵਜੋਂ ਆਪਣੇ-ਆਪ ਨੂੰ ਸੁਰੱਖਿਅਤ ਬਣਾਉਣ ਲਈ ਉਹਨਾਂ ਕੁੱਝ ਨਵੇਂ ਸੁਆਲ ਖੜੇ ਕਰਦਿਆਂ ਐੱਸ ਪੀ ਟਰੈਫਿਕ ਤੋਂ ਮੁੜ ਟਿੱਪਣੀਆਂ ਮੰਗ ਲਈਆਂ। 21 ਨਵੰਬਰ ਨੂੰ ਰਿਪੋਰਟ ਨਾ ਮਿਲਣ ’ਤੇ ਕਮਿਸ਼ਨ ਨੇ ਅਗਲੇ ਦਿਨ ਲਈ ਐੱਸ ਐੱਸ ਪੀ ਬਠਿੰਡਾ ਨੂੰ ਨਿੱਜੀ ਤੌਰ ’ਤੇ ਤਲਬ ਕਰ ਲਿਆ।

ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 29 ਨਵੰਬਰ ਨੂੰ ਹੋਵੇਗੀ। ਸੁਆਲਾਂ ਦਾ ਸੁਆਲ ਇਹ ਹੈ ਕਿ ਆਰਥਿਕ ਤੌਰ ’ਤੇ ਸਮਰੱਥ ਹੋਣ ਦੇ ਬਾਵਜੂਦ ਪੰਜਾਬ ਦੇ ਗੈਰ ਨਿਵਾਸੀ ਭਾਰਤੀ ਆਪਣੇ ਸੂਬੇ ਵਿੱਚ ਹੋਰ ਨਿਵੇਸ਼ ਕਿਉਂ ਕਰਨਗੇ ? ਜਦੋਂ ਉਹਨਾਂ ਦੀਆਂ ਜਾਇਦਾਦਾਂ ’ਤੇ ਲੱਠਮਾਰਾਂ, ਸਿਆਸਤਦਾਨਾਂ ਅਤੇ ਤਾਬਿਆਦਾਰ ਪੁਲਸ ਅਧਿਕਾਰੀਆਂ ਦੀ ਤਿੱਕੜੀ ਨੇ ਹੜੱਪਣ ਲਈ ਬਾਜ਼ ਅੱਖ ਰੱਖੀ ਹੋਈ ਹੈ।

# ਕੰਵਲ ਹੁਣ ਸਿਆਣਦਾ ਤਾਂ ਹੈ ਪਰ ਬੋਲਦਾ ਨਹੀਂ !

**ਪ੍ਰਿੰਸੀਪਲ ਸਰਵਣ ਸਿੰਘ**

ਜਸਵੰਤ ਸਿੰਘ ਕੰਵਲ ਦੀਆਂ ਦੋਵੇਂ ਤਸਵੀਰਾਂ 28 ਜਨਵਰੀ ਤੇ 8 ਨਵੰਬਰ 2019 ਦੀਆਂ ਹਨ। ਦਸਾਂ ਮਹੀਨਿਆਂ ਵਿਚ ਉਸ ਦੀ ਸਿਹਤ ਕਾਫ਼ੀ ਮੰਦੀ ਪੈ ਗਈ ਹੈ। ਵਜ਼ਨ ਘਟ ਗਿਆ ਹੈ। ਸੁਣਨਾ ਤੇ ਬੋਲਣਾ ਲਗਪਗ ਬੰਦ ਹੈ। ਹਾਲਤ ਗੂੰਗੇ-ਬੋਲੇ ਹੋ ਜਾਣ ਵਰਗੀ ਹੈ ਪਰ ਸੁਰਤ ਕੁਝ ਕਾਇਮ ਹੈ। ਅੱਖਰ ਪੜ੍ਹ ਲੈਂਦਾ ਹੈ। ਲਗਪਗ ਚਾਰ ਪੰਜ ਮਹੀਨਿਆਂ ਤੋਂ ਆਪ ਮੰਗ ਕੇ ਕੁਝ ਨਹੀਂ ਖਾਂਦਾ-ਪੀਂਦਾ। ਉਸ ਦਾ ਸਪੁੱਤਰ ਸਰਬਜੀਤ ਸਿੰਘ, ਨੂੰਹ ਗੁਰਪ੍ਰੀਤ ਕੌਰ ਤੇ ਘਰ ਦੇ ਹੋਰ ਜੀਅ ਹਰ ਵੇਲੇ ਉਹਦੀ ਸੇਵਾ-ਸੰਭਾਲ ਵਿਚ ਲੱਗੇ ਹੋਏ ਹਨ। ਏਨੀ ਚੰਗੀ ਸਾਂਭ-ਸੰਭਾਲ ਕਿਸੇ ਕਰਮਾਂ ਵਾਲੇ ਬਜ਼ੁਰਗ ਦੀ ਹੀ ਹੁੰਦੀ ਹੈ।

27 ਜੂਨ 2019 ਨੂੰ ਜਦੋਂ ਕੰਵਲ ਸੌ ਸਾਲਾਂ ਦਾ ਹੋਇਆ ਸੀ ਤਾਂ ਪੰਜਾਬ ਸਰਕਾਰ ਨੇ ਇਲਾਜ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਜਿਆ ਸੀ ਜੋ ਪਰਿਵਾਰ ਨੇ ਧੰਨਵਾਦ ਕਰਦਿਆਂ ਇਹ ਕਹਿ ਕੇ ਮੋੜ ਦਿੱਤਾ ਸੀ ਕਿ ਉਨ੍ਹਾਂ ਦੇ ਬਾਪੂ ਜੀ ਬਿਮਾਰ ਨਹੀਂ, ਬੁਢਾਪੇ ਕਾਰਨ ਕਮਜ਼ੋਰ ਹੋ ਰਹੇ ਹਨ ਅਤੇ ਅਸੀਂ ਸੇਵਾ-ਸੰਭਾਲ ਕਰਨ ਦੇ ਯੋਗ ਹਾਂ। ਇਹ ਪੈਸੇ ਕਿਸੇ ਲੋੜਵੰਦ ਪੰਜਾਬੀ ਲੇਖਕ ਨੂੰ ਦੇ ਦਿੱਤੇ ਜਾਣ ਜਾਂ ਪੰਜਾਬੀ ਭਾਸ਼ਾ ਦੇ ਲੇਖੇ ਲਾ ਦਿੱਤੇ ਜਾਣ। ਸਾਨੂੰ ਬਾਪੂ ਜੀ ਨੇ ਪਾਲਿਆ ਹੈ ਤੇ ਬੁਢਾਪੇ 'ਚ ਉਨ੍ਹਾਂ ਦੀ ਸੇਵਾ ਕਰਨੀ ਸਾਡਾ ਫ਼ਰਜ਼ ਹੈ।

8 ਨਵੰਬਰ 2019 ਨੂੰ ਕੈਨੇਡਾ ਤੋਂ ਪਿੰਡ ਪਹੁੰਚਣ ਸਾਰ ਮੈਂ ਸਿੱਧਾ ਕੰਵਲ ਕੋਲ ਗਿਆ। ਸਰਬਜੀਤ ਨੇ ਬਾਪ ਨੂੰ ਨੁਹਾ-ਧੁਆ ਕੇ ਨਵੇਂ ਕੱਪੜੇ ਪਾ ਕੇ ਅਤੇ ਪੱਗ ਬੰਨ੍ਹ ਕੇ ਬਿਸਤਰੇ 'ਤੇ ਪਾਇਆ ਹੋਇਆ ਸੀ। ਉਸ ਦੀਆਂ ਅੱਖਾਂ ਅੱਧਮੀਟੀਆਂ ਸਨ। ਅੱਖਾਂ ਪੁੱਟੀਆਂ ਤਾਂ ਉਸ ਨੇ ਟਿਕਟਿਕੀ ਲਗਾ ਕੇ ਮੇਰੇ ਵੱਲ ਵੇਖਿਆ। ਮੈਂ ਤਪਾਕ ਨਾਲ ਹੱਥ ਫੜੇ ਅਤੇ ਸਰਬਜੀਤ ਨੇ ਸਹਾਰੇ ਨਾਲ ਕੁਰਸੀ 'ਤੇ ਬਿਠਾਇਆ। ਫਿਰ ਮੈਂ ਆਪਣੀ ਕਿਤਾਬ ਉਹਦੀਆਂ ਅੱਖਾਂ ਅੱਗੇ ਕੀਤੀ ਤਾਂ ਕਿ ਮੇਰਾ ਨਾਂ ਪੜ੍ਹ ਕੇ ਮੈਨੂੰ ਪਛਾਣ ਲਵੇ। ਉਸ ਨੇ ਮੈਨੂੰ ਸਿਆਣ ਤਾਂ ਲਿਆ ਪਰ ਬੋਲ ਨਹੀਂ ਸਕਿਆ। ਅੱਖਾਂ ਵਿਚ ਕੁਝ ਖ਼ੁਸ਼ੀ ਦਿਸੀ ਅਤੇ ਰਤਾ ਕੁ ਤਰਾਵਟ ਵੀ। ਬੀਬੀ ਗੁਰਪ੍ਰੀਤ ਕੌਰ ਚਾਹ ਲੈ ਕੇ ਆਈ ਤਾਂ ਕੰਵਲ ਨੇ ਵੀ ਚਾਹ ਮੰਗ ਲਈ। ਉਹ ਹੈਰਾਨ ਹੋਈ ਕਿ ਬਾਪੂ ਜੀ ਨੇ ਚਾਰ-ਪੰਜ ਮਹੀਨਿਆਂ ਬਾਅਦ ਪਹਿਲੀ ਵਾਰ ਚਾਹ ਮੰਗੀ ਹੈ ! ਮੇਰੇ ਨਾਲ ਉਸ ਨੇ ਚਾਹ ਦਾ ਅੱਧਾ ਕੁ ਕੱਪ ਪੀ ਵੀ ਲਿਆ। ਪੰਜ ਮਹੀਨਿਆਂ ਤੋਂ ਉਹ ਬਾਹਰਲੀ ਕੋਠੀ ਵਿਚ ਹੀ ਹੈ ਅਤੇ ਅੰਦਰਲੇ ਘਰ ਵ੍ਹੀਲ ਚੇਅਰ 'ਤੇ ਇਕ ਵਾਰ ਹੀ ਜਾ ਸਕਿਆ ਹੈ। ਸੁੱਖ ਪੁੱਛਣ ਵਾਲੇ ਬਾਹਰਲੀ ਕੋਠੀ ਆ ਕੇ ਹੀ ਮਿਲਦੇ ਹਨ ਜਿੱਥੇ ਘਰ ਦਾ ਕੋਈ ਨਾ ਕੋਈ ਜੀਅ ਹਾਜ਼ਰ ਹੁੰਦਾ ਹੀ ਹੈ।



*ਕੰਵਲ ਨੇ ਅੱਸੀ ਸਾਲਾਂ ਤੋਂ ਲਿਖਦੇ ਰਹਿਣ ਅਤੇ ਸੌ ਸਾਲਾਂ ਤੋਂ ਵੱਧ ਜਿਊਂਦੇ ਰਹਿਣ ਦਾ ਰਿਕਾਰਡ ਬਣਾ ਦਿੱਤੈ। ਉਹਦੇ ਰੋਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸ ਨੇ ਹਜ਼ਾਰਾਂ ਸੰਵਾਦ ਰਚੇ ਜੋ ਨੌਜਵਾਨਾਂ ਦੀਆਂ ਡਾਇਰੀਆਂ 'ਤੇ ਚੜ੍ਹਦੇ ਰਹੇ। ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਮੇਰੇ ਵੱਲੋਂ ਉਹਦੇ ਸ਼ਤਾਬਦੀ ਜਨਮ ਦਿਵਸ 'ਤੇ ਤੁੱਛ ਜਿਹੀ ਭੇਟਾ ਸੀ ਜਿਸ ਦਾ ਪਹਿਲਾ ਐਡੀਸ਼ਨ ਚਹੁੰ ਮਹੀਨਿਆਂ 'ਚ ਮੁੱਕ ਚੁੱਕਾ ਹੈ।*

ਕੰਵਲ ਨੇ ਅੱਸੀ ਸਾਲਾਂ ਤੋਂ ਲਿਖਦੇ ਰਹਿਣ ਅਤੇ ਸੌ ਸਾਲਾਂ ਤੋਂ ਵੱਧ ਜਿਊਂਦੇ ਰਹਿਣ ਦਾ ਰਿਕਾਰਡ ਬਣਾ ਦਿੱਤੈ। ਉਹਦੇ ਰੋਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸ ਨੇ ਹਜ਼ਾਰਾਂ ਸੰਵਾਦ ਰਚੇ ਜੋ ਨੌਜਵਾਨਾਂ ਦੀਆਂ ਡਾਇਰੀਆਂ 'ਤੇ ਚੜ੍ਹਦੇ ਰਹੇ। ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਮੇਰੇ ਵੱਲੋਂ ਉਹਦੇ ਸ਼ਤਾਬਦੀ ਜਨਮ ਦਿਵਸ 'ਤੇ ਤੁੱਛ ਜਿਹੀ ਭੇਟਾ ਸੀ ਜਿਸ ਦਾ ਪਹਿਲਾ ਐਡੀਸ਼ਨ ਚਹੁੰ ਮਹੀਨਿਆਂ 'ਚ ਮੁੱਕ ਚੁੱਕਾ ਹੈ।

ਪੁਸਤਕ 'ਜੀਵਨ ਕਣੀਆਂ''ਤੋਂ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਅਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜਵਾਨੀ ਵਿਚ ਉਹ ਕਬੱਡੀ ਤੇ ਵਾਲੀਬਾਲ ਖੇਡਦਾ, ਹੀਰ ਗਾਉਂਦਾ, ਕਵਿਤਾ ਲਿਖਦਾ, ਸਾਧਾਂ-ਸੰਤਾਂ ਦੀ ਸੰਗਤ ਕਰਦਾ, ਵੈਲੀਆਂ-ਬਦਮਾਸ਼ਾਂ ਨਾਲ ਮੇਲ-ਜੋਲ ਵੀ ਰੱਖਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ-ਖੱਬੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਮਾਰਕਸਵਾਦ ਤੋਂ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮਰਥਨ ਕਰਦਾ, ਖਾੜਕੂਆਂ ਦਾ ਹਮਦਰਦ ਬਣ ਗਿਆ। ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ, ਪੰਥ-ਪੰਥ ਤੇ ਪੰਜਾਬ-ਪੰਜਾਬ ਕੂਕਣ ਲੱਗ ਪਿਆ। ਅਖ਼ੀਰ ਉਹ 'ਪੰਜਾਬ ਤੇਰਾ ਕੀ ਬਣੂੰ ?'' ਦੇ ਝੋਰੇ ਝੁਰਨ ਲੱਗ ਪਿਆ। ਮਾਰਚ 2019 ਵਿਚ ਕੈਨੇਡਾ ਮੁੜਨ ਵੇਲੇ ਮੈਂ ਉਸ ਨੂੰ ਜਾਂਦੀ ਵਾਰ ਮਿਲਣ ਗਿਆ ਤਾਂ ਉਹ ਇਹੋ ਸ਼ਿਅਰ ਦੁਹਰਾਈ ਗਿਆ ਸੀ :

"ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ, ਤੁਮ ਜੋ ਆਏ ਤੋ ਮੰਜ਼ਲੇਂ ਲਾਏਂ...।"

ਰਾਤ ਮੈਂ ਉਹਦੇ ਕੋਲ ਰਿਹਾ। ਸਵੇਰੇ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇਕ ਕਾਗਜ਼ ਮੇਜ਼ ਤੋਂ ਚੁੱਕ ਲਿਆ ਜੋ ਉਸ ਨੇ ਤਾਜ਼ਾ ਹੀ ਲਿਖਿਆ ਸੀ। ਮੈਂ ਤਹਿ ਕਰ ਕੇ ਬਟੂਏ 'ਚ ਪਾ ਲਿਆ। ਉਸ 'ਤੇ ਲਿਖੀ ਪਹਿਲੀ ਸਤਰ ਸੀ : 'ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ।' ਦੂਜੀ ਸਤਰ ਸੀ: 'ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ!' ਤੇ ਤੀਜੀ ਸਤਰ ਸੀ: 'ਸ਼ਕਤੀ ਬੰਦੇ ਨੂੰ ਲਲਕਾਰਦੀ ਹੈ; ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ ਵਿੰਗਾ ਨਾ ਹੋਵੇ।' ਕਾਗਜ਼ ਦੇ ਦੋਹੀਂ ਪਾਸੀਂ ਵੀਹ ਕੁ ਸਤਰਾਂ ਸਨ ਜਿਨ੍ਹਾਂ ਦਾ ਇਕ-ਦੂਜੀ ਨਾਲ ਕੋਈ ਤਾਲਮੇਲ ਨਹੀਂ ਸੀ।

ਉਸ ਨੂੰ ਲਿਖਣ ਦੀ ਪ੍ਰੇਰਨਾ ਗੁਰਬਾਣੀ, ਵਾਰਸ ਦੀ ਹੀਰ, ਸੂਫੀ ਕਵਿਤਾ ਤੇ ਲੋਕ ਗੀਤਾਂ ਤੋਂ ਮਿਲੀ ਸੀ। ਪ੍ਰੋ. ਪੂਰਨ ਸਿੰਘ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਆਦਿ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਹ ਭਾਵੇਂ ਦਸਵੀਂ 'ਚ ਅੜ ਗਿਆ ਸੀ ਪਰ ਲਿਖਣ 'ਚ ਏਨਾ ਅੱਗੇ ਵਧਿਆ ਕਿ ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਡੀ.ਲਿੱਟ ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖ਼ਿਤਾਬ ਦਿੱਤਾ। ਪੰਜਾਬੀ ਸਾਹਿਤ ਅਕੈਡਮੀ ਤੇ ਭਾਰਤੀ ਸਾਹਿਤ ਅਕੈਡਮੀ ਨੇ ਵੀ ਆਪੋ-ਆਪਣੇ ਐਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕੈਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਐਵਾਰਡ ਦਿੱਤਾ।

ਉਸ ਨੇ ਢੁੱਡੀਕੇ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਉਣ ਦਾ ਮੋਹਰੀ ਸੀ। ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਅਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਇਆ। ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟਰੱਸਟ ਢੁੱਡੀਕੇ ਤਾਂ ਹੈ ਹੀ ਉਹਦਾ ਜਿਸ ਨੇ ਸੌ ਕੁ ਲੇਖਕਾਂ ਨੂੰ ਐਵਾਰਡ ਦਿੱਤੇ ਹਨ।

## ਸਿਆਟਲ ਵਿਚ ਧਾਰਮਿਕ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਇਆ' ਦੀ ਪੇਸ਼ਕਾਰੀ



**ਸਿਆਟਲ/ ਗੁਰਚਰਨ ਸਿੰਘ ਢਿੱਲੋਂ :**
ਸਿੱਖ ਧਰਮ ਦੇ ਬਾਨੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਪੰਜਾਬ ਲੋਕ ਰੰਗ ਵਲੋਂ ਸੁਰਿੰਦਰ ਸਿੰਘ ਧਨੋਆ ਦੀ ਅਗਵਾਈ ਹੇਠ ਧਾਰਮਿਕ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਸਿਆਟਲ ਵਿਚ 16 ਮਾਹਰ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ ਜਿਸ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਸਮਾਗਮ ਦੇ ਸ਼ੁਰੂ ਵਿਚ ਪਾਲ ਸੰਧੂ ਵਲੋਂ ਸਮਾਜ ਸੇਵੀ ਸਵਰਗੀ ਡਿਪਟੀ ਸੰਦੀਪ ਸਿੰਘ ਧਾਲੀਵਾਲ ਸਬੰਧੀ ਡਾਕੂਮੈਂਟਰੀ ਵੀਡੀਓ ਦਿਖਾਈ ਅਤੇ ਸਿਆਟਲ ਨਿਵਾਸੀਆਂ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਧਾਰਮਿਕ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਦੂਰ ਦੂਰ ਤੋਂ ਪਹੁੰਚੇ ਦਰਸ਼ਕਾਂ ਨਾਲ ਭਰੇ ਹਾਲ ਵਿਚ 4 ਵਜੇ ਸ਼ੁਰੂ ਹੋਇਆ ਜਿਸ ਨੂੰ ਦਰਸ਼ਕਾਂ ਨੇ ਲਗਾਤਾਰ ਸ਼ਾਂਤਮਈ ਮਾਹੌਲ ਵਿਚ 2 ਘੰਟੇ 20 ਮਿੰਟ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਤੋਂ ਲੈ ਕੇ ਜੀਵਨ ਜਾਂਚ ਦੇ ਪਹਿਲੂਆਂ ਬਾਰੇ, ਗੁਰੂ ਜੀ ਦੀਆਂ ਸਿੱਖਿਆਵਾਂ, ਸਮਾਜਿਕ ਕੁਰੀਤੀਆਂ, ਚਾਰ ਉਦਾਸੀਆਂ, ਵਹਿਮਾਂ-ਭਰਮਾਂ ਨੂੰ ਛੱਡ ਕੇ ਕਿਰਤ ਕਰੋ-ਵੰਡ ਛਕੋ ਅਤੇ ਨਾਮ ਜਪਣ ਲਈ ਪ੍ਰੇਰਿਤ ਕੀਤਾ। ਬਾਬਾ ਜੀ ਦੇ ਗੁਰਬਾਣੀ ਦੇ ਸਿਧਾਂਤ ਤੇ ਚੱਲਣ ਲਈ ਉਤਸ਼ਾਹਤ ਕੀਤਾ। ਦਰਸ਼ਕਾਂ ਨੇ ਚੁੱਪ-ਚਾਪ ਰਹਿ ਕੇ ਨਾਟਕ ਦਾ ਆਨੰਦ ਮਾਣਿਆ ਅਤੇ ਇਹੋ ਜਿਹੇ ਮਿਆਰੀ ਪ੍ਰੋਗਰਾਮ ਕਰਵਾਉਣ ਲਈ ਸੁਝਾਅ ਦਿੱਤੇ। ਇਸ ਮੌਕੇ ਸੁਰਿੰਦਰ ਸਿੰਘ ਧਨੋਆ, ਪਾਲੀ ਧਨੌਲਾ, ਸਟੇਜ ਸੰਚਾਲਕ ਬੀਬੀ ਬਲਜਿੰਦਰ ਕੌਰ ਤੇ ਸਾਰੇ ਕਲਾਕਾਰਾਂ ਨੂੰ ਸਨਮਾਨਤ ਕੀਤਾ ਗਿਆ। ਸਿਆਟਲ ਖੇਡ ਕੈਂਪ ਦੇ ਸਪਾਂਸਰਾਂ ਨੂੰ ਗੁਰਸਿੱਖ ਭਾਈ ਗੁਰਦੇਵ ਸਿੰਘ ਸਮਰਾ ਦੇ ਕਰ ਕਮਲਾਂ ਰਾਹੀਂ ਸਨਮਾਨਤ ਕੀਤਾ ਗਿਆ। ਇਸ ਮੌਕੇ ਪਰਮਿੰਦਰ ਸਿੰਘ ਭੱਟੀ ਤੇ ਰਾਜਬੀਰ ਸਿੰਘ ਸ਼ਾਹੀ ਟਰੈਵਲ ਵਲੋਂ ਲੰਗਰਾਂ ਦੀ ਸੇਵਾ ਨਿਭਾਈ ਗਈ। ਸੇਮ ਵਿਰਕ ਵਲੋਂ ਮਹਾਰਾਜਾ ਪੈਲੇਸ ਕੈਂਟ ਵਿਚ ਕਲਾਕਾਰਾਂ, ਸਪਾਂਸਰਾਂ ਤੇ ਵਿਸ਼ੇਸ਼ ਮਹਿਮਾਨਾਂ ਨੂੰ ਰਾਤਰੀ ਭੋਜਨ ਛਕਾਇਆ। ਸਿਆਟਲ ਵਿਚ ਇਸ ਤਰ੍ਹਾਂ ਦੇ ਪ੍ਰੋਗਰਾਮ ਕਰਾਉਣ, ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਵਿਰਸੇ-ਸੱਭਿਆਚਾਰ ਨਾਲ ਜੋੜਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ।

## ਕੈਨੇਡਾ ਦੇ ਸਰੀ ਸ਼ਹਿਰ 'ਚ ਪੰਜਾਬੀ ਵਿਦਿਆਰਥਣ ਦਾ ਕਤਲ

**ਜਲੰਧਰ/ਏ.ਟੀ. ਨਿਊਜ਼ :**
ਕੈਨੇਡਾ ਦੇ ਸਰੀ ਸ਼ਹਿਰ ਵਿੱਚ ਪੰਜਾਬ ਦੀ 21 ਸਾਲਾ ਲੜਕੀ ਪ੍ਰਭਲੀਨ ਕੌਰ ਪੁੱਤਰੀ ਗੁਰਦਿਆਲ ਸਿੰਘ ਮਠਾੜੂ ਵਾਸੀ ਪਿੰਡ ਚਿੱਟੀ ਦਾ ਕਤਲ ਹੋ ਗਿਆ ਹੈ। ਕੈਨੇਡਾ ਤੋਂ ਪੁਲੀਸ ਅਨੁਸਾਰ ਪ੍ਰਭਲੀਨ ਨੂੰ ਘਰ ਦੇ ਅੰਦਰ ਹੀ ਕਤਲ ਕੀਤਾ ਗਿਆ। ਗੁਰਦਿਆਲ ਸਿੰਘ ਨੇ ਦੱਸਿਆ ਕਿ ਪ੍ਰਭਲੀਨ ਨਵੰਬਰ, 2016 ਵਿੱਚ ਪੜ੍ਹਾਈ ਵੀਜ਼ਾ 'ਤੇ ਕੈਨੇਡਾ ਗਈ ਸੀ। ਹੁਣ ਉੱਥੇ ਉਸ ਦੀ ਪੜ੍ਹਾਈ ਮੁਕੰਮਲ ਹੋ ਗਈ ਸੀ। ਉਸ ਨੂੰ ਵਰਕ ਪਰਮਿਟ ਮਿਲਿਆ ਹੋਇਆ ਸੀ ਤੇ ਉਹ ਕੰਮ ਕਰ ਰਹੀ ਸੀ।

## ਯੋਗ ਗੁਰੂ ਰਾਮਦੇਵ ਦੇ ਵਿਰੁੱਧ ਹੋਏ ਅੰਬੇਡਕਰੀ

**ਲੁਧਿਆਣਾ/ਏ.ਟੀ. ਨਿਊਜ਼ :**
ਯੋਗ ਗੁਰੂ ਰਾਮਦੇਵ ਵਿਰੁੱਧ ਲੁਧਿਆਣਾ ਨਗਰ ਨਿਗਮ ਦੇ ਸੈਨੇਟਰੀ ਸੁਪਰਵਾਈਜ਼ਰ ਰਾਜ ਕੁਮਾਰ ਨੇ ਕਥਿਤ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਇਕ ਫੌਜਦਾਰੀ ਸ਼ਿਕਾਇਤ ਦਾਖ਼ਲ ਕੀਤੀ ਹੈ। ਜੁਡੀਸ਼ੀਅਲ ਮਜਿਸਟ੍ਰੇਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 12 ਦਸੰਬਰ ਰੱਖਦੇ ਹੋਏ ਸ਼ਿਕਾਇਤਕਰਤਾ ਨੂੰ ਆਪਣੀਆਂ ਗਵਾਹੀਆਂ ਦੇਣ ਲਈ ਕਿਹਾ ਹੈ। ਸ਼ਿਕਾਇਤਕਰਤਾ ਅਨੁਸਾਰ ਰਾਮਦੇਵ ਨੇ ਅੰਬੇਡਕਰ ਤੇ ਦਲਿਤ ਸਮਾਜ ਵਿਰੁੱਧ ਇਤਰਾਜਯੋਗ ਟਿੱਪਣੀ ਕੀਤੀ ਹੈ।

## ਜਗਮੀਤ ਸਿੰਘ ਨੇ ਕੀਤੀਆਂ ਨਵੀਆਂ ਨਿਯੁਕਤੀਆਂ

**ਟੋਰਾਂਟੋ/ਏ.ਟੀ. ਨਿਊਜ਼ :** ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਨੇ ਬੀਤੇ ਦਿਨੀਂ ਪਾਰਟੀ ਵਿਚ ਨਵੀਆਂ ਨਿਯੁਕਤੀਆਂ ਕਰਦਿਆਂ ਪੀਟਰ ਜੂਲੀਅਨ ਨੂੰ ਐਨਡੀਪੀ ਦਾ ਹਾਊਸ ਲੀਡਰ ਤੇ ਰੇਚਲ ਬਲੇਨੀ ਨੂੰ ਵਿਪ ਨਾਮਜ਼ਦ ਕਰ ਦਿਤਾ। ਪੀਟਰ ਜੂਲੀਅਨ ਪੰਜਵੀਂ ਵਾਰ ਕੈਨੇਡਾ ਦੀ ਸੰਸਦ ਵਿਚ ਐਨਡੀਪੀ ਦੇ ਹਾਊਸ ਲੀਡਰ ਵਜੋਂ ਸੇਵਾ ਨਿਭਾਉਣਗੇ।



ਜਗਮੀਤ ਸਿੰਘ ਨੇ ਨਵੀਆਂ ਨਿਯੁਕਤੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਮੁਲਕ ਦੀ ਵਾਗਡੋਰ ਘੱਟ ਗਿਣਤੀ ਸਰਕਾਰ ਦੇ ਹੱਥਾਂ ਵਿਚ ਹੈ ਤੇ ਸਾਡੀ ਪਾਰਟੀ ਕੈਨੇਡੀਅਨ ਲੋਕਾਂ ਦੀ ਆਵਾਜ਼ ਬਣ ਕੇ ਸੰਸਦ ਵਿਚ ਆਪਣੀ ਭੂਮਿਕਾ ਬਾਖ਼ੂਬੀ ਅਦਾ ਕਰੇਗੀ। ਦੱਸ ਦੇਈਏ ਕਿ ਪੀਟਰ ਜੂਲੀਅਨ, ਨਿਊ ਵੈਸਟਮਿੰਸਟਰ-ਬਰਨਬੀ ਰਾਈਡਿੰਗ ਤੋਂ ਐਮ.ਪੀ. ਚੁਣੇ ਗਏ ਸਨ ਜਦਕਿ ਰੇਚਲ ਬਲੇਨੀ ਨੇ ਨੌਰਥ ਆਇਲੈਂਡ ਅਤੇ ਪੌਵਲ ਰਿਵਰ ਪਾਰਲੀਮਾਨੀ ਰਾਈਡਿੰਗ ਤੋਂ ਜਿੱਤ ਹਾਸਲ ਕੀਤੀ ਸੀ। ਵਿਕਟੋਰੀਆ ਵਿਖੇ ਐਨ.ਡੀ.ਪੀ. ਦੀ ਕਨਵੈਨਸ਼ਨ ਦੌਰਾਨ ਸੰਬੋਧਨ ਕਰਦਿਆਂ ਜਗਮੀਤ ਸਿੰਘ ਨੇ ਕਿਹਾ ਕਿ ਪਾਰਟੀ ਦੀ ਸ਼ੈਡੋਅ ਕੈਬਨਿਟ ਦੇ ਹੋਰਨਾਂ ਮੈਂਬਰਾਂ ਦਾ ਐਲਾਨ ਆਉਣ ਵਾਲੇ ਦਿਨਾਂ ਵਿਚ ਕੀਤਾ ਜਾਵੇਗਾ।

## ਸਿੱਖ ਵਿਰਾਸਤ ਨਾਲ ਜੁੜੇ 90 ਫ਼ੀਸਦੀ ਸਥਾਨ ਪਾਕਿਸਤਾਨ ਵਿਚ

**ਪਿਸ਼ਾਵਰ/ਏ.ਟੀ. ਨਿਊਜ਼ :**
ਭਾਰਤੀ ਮੂਲ ਦੇ ਬਰਤਾਨਵੀ ਇਤਿਹਾਸਕਾਰ ਤੇ ਲੇਖਕ ਬੌਬੀ ਸਿੰਘ ਬਾਂਸਲ ਨੇ ਦਾਅਵਾ ਕੀਤਾ ਹੈ ਕਿ ਵਿਰਾਸਤ ਨਾਲ ਜੁੜੀਆਂ 90 ਫ਼ੀਸਦੀ ਸਿੱਖ ਥਾਵਾਂ ਪਾਕਿਸਤਾਨ ਵਿਚ ਹਨ। ਬੌਬੀ ਨੇ ਕਿਹਾ ਕਿ ਜ਼ਿਆਦਾਤਰ ਥਾਵਾਂ ਖ਼ੈਬਰ ਪਖ਼ਤੂਨਖ਼ਵਾ ਸੂਬੇ ਵਿਚ ਹਨ। ਉਨ੍ਹਾਂ ਨਾਲ ਹੀ ਇਨ੍ਹਾਂ ਥਾਵਾਂ ਨੂੰ ਧਾਰਮਿਕ ਸੈਰ-ਸਪਾਟੇ ਲਈ ਵਿਕਸਿਤ ਕਰਨ ਦੇ ਪੱਖ ਤੋਂ ਵੀ ਗੱਲ ਕੀਤੀ ਤੇ ਇਸ ਦੇ ਮਹੱਤਵ ਨੂੰ ਉਭਾਰਿਆ। ਪਿਸ਼ਾਵਰ ਮਿਊਜ਼ੀਅਮ ਦੇ ਵਿਕਟੋਰੀਆ ਯਾਦਗਾਰੀ ਹਾਲ ਵਿਚ 'ਫਰੌਮ ਕਰਤਾਰਪੁਰ ਟੂ ਖ਼ੈਬਰ ਪਾਸ' ਵਿਸ਼ੇ 'ਤੇ ਵਿਚਾਰ ਰੱਖਦਿਆਂ ਯੂਕੇ ਦੇ ਇਤਿਹਾਸਕਾਰ ਨੇ ਸਰੋਤਿਆਂ ਨੂੰ ਸਿੱਖ ਵਿਰਾਸਤ ਨਾਲ ਜੁੜੇ ਕਈ ਕਿਲਿਆਂ, ਯੁੱਧ ਭੂਮੀਆਂ, ਦਰਗਾਹਾਂ, ਮਜ਼ਾਰਾਂ, ਗੁਰਦੁਆਰਿਆਂ ਤੇ ਹਵੇਲੀਆਂ ਬਾਰੇ ਜਾਣਕਾਰੀ ਦਿੱਤੀ। ਬਾਂਸਲ ਫ਼ਿਲਮਸਾਜ਼ ਵੀ ਹਨ। ਉਨ੍ਹਾਂ ਖ਼ੈਬਰ ਨਾਲ ਜੁੜੀਆਂ ਸਿੱਖ ਸ਼ਖ਼ਸੀਅਤਾਂ- ਜਨਰਲ ਹਰੀ ਸਿੰਘ ਨਲਵਾ ਤੇ ਅਕਾਲੀ ਫੂਲਾ ਸਿੰਘ ਬਾਰੇ ਵੀ ਗੱਲ ਕੀਤੀ ਤੇ ਦੱਸਿਆ ਕਿ ਇਨ੍ਹਾਂ ਦੀ ਮੌਤ ਖ਼ੈਬਰ ਵਿਚ ਹੀ ਹੋਈ ਸੀ ਤੇ ਉੱਥੇ ਦੋਵਾਂ ਦੀਆਂ ਮਜ਼ਾਰਾਂ ਹਨ। 'ਜਮਰੂਦ ਕਿਲਾ' ਵਿਸ਼ੇਸ਼ ਖਿੱਚ ਦਾ ਕੇਂਦਰ ਹੈ ਕਿਉਂਕਿ ਇੱਥੇ ਨਲਵਾ ਦੀ ਮਜ਼ਾਰ ਹੈ। ਉਹ ਸਿੱਖ ਰਾਜ ਦੀ ਫ਼ੌਜ ਦੇ ਕਮਾਂਡਰ ਸਨ। ਬੌਬੀ ਨੇ ਕਿਹਾ ਕਿ ਲੋਕ ਉਨ੍ਹਾਂ ਦਾ ਬੇਹੱਦ ਸਤਿਕਾਰ ਕਰਦੇ ਹਨ ਤੇ ਇਸ ਥਾਂ ਨੂੰ ਵੀ ਵਿਕਸਿਤ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਅਕਾਲੀ ਫੂਲਾ ਸਿੰਘ ਦੀ ਮਜ਼ਾਰ ਨੌਸ਼ਹਿਰਾ ਵਿਚ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES
27 ਨਵੰਬਰ 2019 ਤੋਂ 03 ਦਸੰਬਰ 2019

# ਪੰਜਾਬ ਦਾ ਆਰਥਿਕ ਸੰਕਟ

## *ਕੇਂਦਰ ਸਰਕਾਰ ਵੱਲ ਸੂਬੇ ਦਾ 4100 ਕਰੋੜ ਰੁਪਏ ਬਕਾਇਆ*

ਗੈਰ-ਭਾਜਪਾ ਸ਼ਾਸਤ 5 ਰਾਜਾਂ ਨੇ ਕੇਂਦਰ ਸਰਕਾਰ ਵੱਲੋਂ ਉਨ੍ਹਾਂ ਦਾ ਬਣਦਾ ਜੀ ਐੱਸ ਟੀ ਦਾ ਬਕਾਇਆ ਨਾ ਦੇਣ ਉੱਤੇ ਸਖ਼ਤ ਗੁੱਸੇ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਰਾਜਾਂ ਵਿੱਚ ਪੰਜਾਬ, ਕੇਰਲਾ, ਦਿੱਲੀ, ਰਾਜਸਥਾਨ ਤੇ ਪੱਛਮੀ ਬੰਗਾਲ ਸ਼ਾਮਲ ਹਨ। ਬੀਤੇ ਦਿਨੀਂ ਦਿੱਲੀ ਵਿੱਚ ਵੱਖ-ਵੱਖ ਰਾਜਾਂ ਦੇ ਵਿੱਤ ਮੰਤਰੀਆਂ ਉੱਤੇ ਆਧਾਰਿਤ ਉੱਚ ਤਾਕਤੀ ਕਮੇਟੀ ਦੀ ਮੀਟਿੰਗ ਤੋਂ ਬਾਅਦ ਇਨ੍ਹਾਂ ਰਾਜਾਂ ਦੇ ਵਿੱਤ ਮੰਤਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਜੀ ਐੱਸ ਟੀ ਲਾਗੂ ਕਰਨ ਸਮੇਂ ਆਪਣੀ ਵਿੱਤੀ ਖ਼ੁਦਮੁਖਤਿਆਰੀ ਕੇਂਦਰ ਨੂੰ ਦੇਣ ਲਈ ਇਸੇ ਸ਼ਰਤ ਉੱਤੇ ਸਹਿਮਤੀ ਦਿੱਤੀ ਸੀ ਕਿ ਕੇਂਦਰ ਸਰਕਾਰ ਘਾਟੇ ਦੀ ਪੂਰਤੀ ਸਮੇਂ ਸਿਰ ਕਰਦੀ ਰਹੇਗੀ। ਜੀ ਐੱਸ ਟੀ ਦੀ ਮੱਦ ਮੁਤਾਬਕ ਜੀ ਐੱਸ ਟੀ ਲਾਗੂ ਹੋਣ ਤੋਂ ਪਹਿਲਾਂ ਰਾਜ ਸਰਕਾਰਾਂ ਨੂੰ ਜਿੰਨੀ ਆਮਦਨ ਵੈਟ ਤੋਂ ਹੁੰਦੀ ਸੀ, ਜੇਕਰ ਉਹ ਘਟਦੀ ਹੈ ਤਾਂ ਕੇਂਦਰ ਸਰਕਾਰ 14 ਫ਼ੀਸਦੀ ਸਾਲਾਨਾ ਦੀ ਦਰ ਨਾਲ ਨੁਕਸਾਨ ਦੀ ਪੂਰਤੀ ਕਰੇਗੀ। ਇਸ ਮੱਦ ਅਧੀਨ ਪੰਜਾਬ ਦਾ ਅਗਸਤ-ਸਤੰਬਰ ਮਹੀਨੇ ਦਾ 4100 ਕਰੋੜ, ਦਿੱਲੀ ਦਾ 2355 ਕਰੋੜ ਅਤੇ ਪੱਛਮੀ ਬੰਗਾਲ ਦਾ 1500 ਕਰੋੜ ਰੁਪਏ ਬਕਾਇਆ ਕੇਂਦਰ ਵੱਲ ਨਿਕਲਦਾ ਹੈ। ਇਹ ਰਕਮ ਸੰਬੰਧਤ ਰਾਜਾਂ ਨੂੰ ਅਕਤੂਬਰ ਵਿੱਚ ਮਿਲ ਜਾਣੀ ਚਾਹੀਦੀ ਸੀ, ਪਰ ਹੁਣ ਨਵੰਬਰ ਮਹੀਨਾ ਵੀ ਗੁਜ਼ਰਨ ਵਾਲਾ ਹੈ ਤੇ ਕੇਂਦਰ ਸਰਕਾਰ ਚੁੱਪ ਵੱਟੀ ਬੈਠੀ ਹੈ। ਇਹ ਸਿੱਧੇ ਤੌਰ ਉੱਤੇ ਉਨ੍ਹਾਂ ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਹੈ।

ਪੰਜਾਂ ਰਾਜਾਂ ਦੇ ਵਿੱਤ ਮੰਤਰੀਆਂ ਨੇ ਸਾਂਝੇ ਬਿਆਨ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਤੋਂ ਮੰਗ ਕੀਤੀ ਹੈ ਕਿ ਉਹ ਵਿੱਤ ਮੰਤਰਾਲੇ ਨੂੰ ਕਹਿਣ ਕਿ ਰਾਜਾਂ ਦਾ ਜੀ ਐੱਸ ਟੀ ਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ। ਇਸ ਦੇ ਨਾਲ ਹੀ ਇਨ੍ਹਾਂ ਵਿੱਤ ਮੰਤਰੀਆਂ ਨੇ ਸੀਤਾਰਮਨ ਤੋਂ ਮੰਗ ਕੀਤੀ ਹੈ ਕਿ ਇਸ ਮੱਸਲੇ ਨੂੰ ਨਜਿੱਠਣ ਲਈ ਜੀ ਐਸ ਟੀ ਕੌਂਸਲ ਦੀ ਤੁਰੰਤ ਮੀਟਿੰਗ ਸੱਦੀ ਜਾਵੇ।

ਕੇਂਦਰ ਸਰਕਾਰ ਦੇ ਇਸ ਪੱਖਪਾਤੀ ਰਵੱਈਏ ਨੇ ਇਨ੍ਹਾਂ ਰਾਜਾਂ ਵਿੱਚ ਵਿੱਤੀ ਸੰਕਟ ਖੜ੍ਹਾ ਕੀਤਾ ਹੋਇਆ ਹੈ। ਰਾਜਾਂ ਦੀ ਆਮਦਨ ਦਾ 60 ਫੀਸਦੀ ਹਿੱਸਾ ਜੀ ਐਸ ਟੀ ਤੋਂ ਆਉਂਦਾ ਹੈ। ਪੰਜਾਬ ਦੀ ਵਿੱਤੀ ਹਾਲਤ ਇਸ ਸਮੇਂ ਬਹੁਤ ਹੀ ਖਰਾਬ ਹੋ ਚੁੱਕੀ ਹੈ। ਵਿੱਤ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਮੁਤਾਬਕ ਜੀ ਐੱਸ ਟੀ ਦਾ ਬਕਾਇਆ ਨਾ ਮਿਲਣ ਕਾਰਨ ਖ਼ਜ਼ਾਨੇ ਵਿੱਚ ਸਰਕਾਰ ਦੇ 5 ਹਜ਼ਾਰ ਕਰੋੜ ਦੇ ਬਿੱਲ ਫਸੇ ਹੋਏ ਹਨ। ਇਸ ਵਿੱਚ ਬਿਜਲੀ ਸਬਸਿਡੀ ਤੇ ਕਈ ਹੋਰ ਮਹਿਕਮਿਆਂ ਦੇ ਵੀ ਬਿੱਲ ਹਨ। ਜੇ ਹਾਲਤ ਇਹੋ ਰਹੀ ਤਾਂ ਸਰਕਾਰ ਲਈ ਓਵਰ ਡਰਾਫਟ ਦੀ ਨੌਬਤ ਆ ਸਕਦੀ ਹੈ। ਆਰ ਬੀ ਆਈ ਨੇ ਪੰਜਾਬ ਦੀ ਕਰਜ਼ਾ ਹੱਦ 925 ਕਰੋੜ ਤੈਅ ਕੀਤੀ ਹੈ। ਇਸ ਤੋਂ ਉੱਪਰ ਰਕਮ ਲੈਣ, ਜਿਸ ਨੂੰ ਓਵਰ ਡਰਾਫਟ ਕਹਿੰਦੇ ਹਨ, ਦੀ ਸਹੂਲਤ ਇੱਕ ਤਿਮਾਹੀ ਵਿੱਚ 36 ਦਿਨ ਹੁੰਦੀ ਹੈ, ਉਸ ਤੋਂ ਬਾਅਦ ਰਾਜ ਨੂੰ ਲਈ ਰਕਮ ਉੱਤੇ ਵਿਆਜ ਦੇਣਾ ਪੈਂਦਾ ਹੈ। ਪੰਜਾਬ ਸਰਕਾਰ ਇਸ ਵੇਲੇ ਗੰਭੀਰ ਵਿੱਤੀ ਸੰਕਟ ਵਿੱਚੋਂ ਲੰਘ ਰਹੀ ਹੈ। ਸਰਕਾਰ ਸਿਰ ਇਸ ਵਿੱਤੀ ਸਾਲ ਦੇ ਅੰਤ ਭਾਵ 31 ਮਾਰਚ 2020 ਤੱਕ 2 ਲੱਖ 29 ਹਜ਼ਾਰ 611 ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਸਰਕਾਰ ਦੇ ਬੱਝਵੇਂ ਖਰਚਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ 26,978 ਕਰੋੜ ਰੁਪਏ ਤਨਖਾਹਾਂ, 10,875 ਕਰੋੜ ਰੁਪਏ ਪੈਨਸ਼ਨਾਂ 'ਤੇ ਖਰਚ ਹੁੰਦੇ ਹਨ। ਬਿਜਲੀ ਸਬਸਿਡੀ ਦੇ ਰੂਪ ਵਿੱਚ ਸਰਕਾਰ ਨੇ ਪਾਵਰਕੌਮ ਨੂੰ 12,393 ਕਰੋੜ ਰੁਪਏ ਦੀ ਅਦਾਇਗੀ ਇਸ ਸਾਲ ਕਰਨੀ ਹੈ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਸੂਬਾ ਬਹੁਤ ਦੀ ਮਾੜੇ ਮਾਲੀ ਸੰਕਟ ਵਿਚੋਂ ਲੰਘ ਰਿਹਾ ਹੈ ਤੇ ਇਸ 'ਤੇ ਤੁਰੰਤ ਕੋਈ ਕਾਰਵਾਈ ਕਰਨੀ ਚਾਹੀਦੀ ਹੈ। ਵਿੱਤ ਮੰਤਰੀ ਨੇ ਕਿਹਾ ਹੈ ਕਿ ਇਹ ਹਾਲਾਤ ਕੇਂਦਰ ਸਰਕਾਰ ਵੱਲੋਂ ਅਕਤੂਬਰ ਤੱਕ ਜਾਰੀ ਕੀਤੀ ਜਾਣ ਵਾਲੇ ਜੁਲਾਈ-ਅਗਸਤ ਦੇ 2100 ਕਰੋੜ ਰੁਪਏ ਦੇ ਜੀਐੱਸਟੀ ਦੇ ਬਕਾਏ ਵਿਚ ਹੋ ਰਹੀ ਦੇਰੀ ਕਾਰਨ ਪੈਦਾ ਹੋਏ ਹਨ। ਹੁਣ ਨਵੰਬਰ ਵੀ ਖ਼ਤਮ ਹੋਣ ਵਾਲਾ ਹੈ ਤੇ ਇਹ ਇੱਕ ਮਹੀਨੇ ਦੀ ਪਹਿਲਾਂ ਹੀ ਦੇਰੀ ਹੋ ਗਈ, ਜਿਸ ਕਾਰਨ ਸਾਡੇ ਹਾਲਾਤ ਮਾੜੇ ਹੋ ਗਏ ਹਨ। ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਬੀਤੇ ਤਿੰਨ ਮਹੀਨਿਆਂ ਦਾ ਕੇਂਦਰ ਸਰਕਾਰ ਨੇ ਸਾਡਾ ਬਕਾਇਆ ਰੋਕਿਆ ਹੋਇਆ ਹੈ।

ਪੰਜਾਬ ਦੇ ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਹ ਭੁਗਤਾਨ ਰੋਕੇ ਜਾਣ ਕਾਰਨ ਸਰਕਾਰ ਅਕਤੂਬਰ ਮਹੀਨੇ ਦੀ ਤਨਖ਼ਾਹ, ਜੋ ਨਵੰਬਰ ਵਿਚ ਦੇਣੀ ਸੀ, ਦੇਰੀ ਨਾਲ ਦੇ ਸਕੀ ਸੀ ਤੇ ਜੇਕਰ ਆਉਂਦੇ ਦਿਨਾਂ ਦੌਰਾਨ ਕੇਂਦਰ ਤੋਂ ਪੈਸਾ ਨਾ ਮਿਲਿਆ ਤਾਂ ਨਵੰਬਰ ਦੀਆਂ ਤਨਖ਼ਾਹਾਂ ਦਾ ਭੁਗਤਾਨ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਸੰਕਟ ਕਾਰਨ 5,200 ਕਰੋੜ ਰੁਪਏ ਦਾ ਭੁਗਤਾਨ ਰੁਕਿਆ ਪਿਆ ਹੈ। ਵਿੱਤ ਵਿਭਾਗ ਮੁਤਾਬਕ ਅਕਤੂਬਰ ਮਹੀਨੇ ਦੌਰਾਨ ਸਿਰਫ਼ ਤਨਖਾਹਾਂ, ਪੈਨਸ਼ਨਾਂ ਦਾ ਭੁਗਤਾਨ ਅਤੇ ਪਹਿਲਾਂ ਹੀ ਸਿਰ ਚੜ੍ਹੇ ਕਰਜ਼ੇ ਦੀਆਂ ਕਿਸ਼ਤਾਂ ਅਤੇ ਕਰਜ਼ੇ ਦੇ ਵਿਆਜ ਦਾ ਭੁਗਤਾਨ ਕੀਤਾ ਜਾ ਸਕਿਆ ਹੈ। ਸਰਕਾਰ ਵੱਲੋਂ ਅਕਤੂਬਰ ਮਹੀਨੇ ਤੋਂ ਬਾਅਦ ਕੋਈ ਵੀ ਭੁਗਤਾਨ ਨਹੀਂ ਕੀਤਾ ਗਿਆ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਹਾਲ ਹੀ ਵਿੱਚ ਵਿੱਤ ਮੰਤਰੀਆਂ ਦੀ ਮੀਟਿੰਗ ਦੌਰਾਨ ਵੀ ਇਹ ਮੁੱਦਾ ਚੁੱਕਿਆ ਸੀ ਪਰ ਕੇਂਦਰ ਸਰਕਾਰ ਨੇ ਇਸ ਸਬੰਧੀ ਕੋਈ ਹੁੰਗਾਰਾ ਨਹੀਂ ਭਰਿਆ। ਭਾਰਤੀ ਜਨਤਾ ਪਾਰਟੀ ਅਤੇ ਇਸ ਨੂੰ ਸਿਧਾਂਤਕ ਸੇਧ ਦੇਣ ਵਾਲੀ ਆਰ ਐਸ ਐਸ ਨੇ ਸਿਆਸੀ, ਸੱਭਿਆਚਾਰਕ ਅਤੇ ਧਾਰਮਿਕ ਖੇਤਰ ਵਿਚ ਦਖ਼ਲ ਤੋਂ ਬਾਅਦ ਹੁਣ ਆਰਥਿਕ ਖੇਤਰ ਵਿਚ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਹੈ। ਭਾਰਤ ਦੇ ਬਹੁਲਤਾ ਵਾਲੇ ਅਨੇਕ ਪੱਖੀ ਸੱਭਿਆਚਾਰ ਨੂੰ ਸਿਰਫ਼ ਹਿੰਦੂ ਅਤੇ ਗਊ ਤੱਕ ਸੀਮਤ ਕਰਨ ਮਗਰੋਂ ਬੀਜੇਪੀ ਨੇ ਇਹ ਗੱਲ ਵੀ ਸਮਝ ਲਈ ਹੈ ਕਿ ਭਾਰਤ ਉਪਰ ਹਕੂਮਤ ਕਰਨ ਲਈ ਸੂਬਿਆਂ ਨੂੰ ਵੱਧ ਤੋਂ ਵੱਧ ਕੇਂਦਰ ਉਪਰ ਨਿਰਭਰ ਕਰ ਦਿੱਤਾ ਜਾਵੇ। ਇਹ ਸਰਕਾਰ ਹੁਣ ਨਹਿਰੂ, ਇੰਦਰਾ ਦੀਆਂ ਕੇਂਦਰੀਕਰਨ ਦੀਆਂ ਨੀਤੀਆਂ ਤੋਂ ਵੀ ਹੋਰ ਅੱਗੇ ਚਲੀ ਗਈ ਹੈ। ਇਹੋ ਕਾਰਨ ਹੈ ਕਿ ਇਕ ਭਾਰਤ, ਇਕ ਨਿਸ਼ਾਨ, ਇਕ ਝੰਡਾ ਅਤੇ ਇਕ ਸੰਵਿਧਾਨ ਵਰਗੇ ਦਕਿਆਨੂਸੀ ਨਾਹਰੇ ਦੇਣ ਦੇ ਨਾਲ ਨਾਲ ਇਸ ਨੇ ਉਨ੍ਹਾਂ ਸੂਬਿਆਂ ਨੂੰ ਆਰਥਿਕ ਅਤੇ ਮਾਲੀ ਸਹੂਲਤਾਂ ਤੋਂ ਸੱਖਣਾ ਰੱਖਿਆ ਹੈ ਜਿੱਥੇ ਬੀਜੇਪੀ ਦੀਆਂ ਸਰਕਾਰਾਂ ਨਹੀਂ ਹਨ।

ਬਾਹਰੋਂ ਵੇਖਣ ਨੂੰ ਭਾਵੇਂ ਇਹ ਮੁੱਦਾ ਮਹਿਜ ਕਾਗਜ਼ੀ ਕਾਰਵਾਈ ਜਾਂ ਨੌਕਰਸ਼ਾਹੀ ਦੇ ਪੱਧਰ ਦਾ ਜਾਪਦਾ ਹੈ ਪਰ ਇਸ ਦੇ ਪਿੱਛੇ ਕੇਂਦਰ ਦੀ ਬੀਜੇਪੀ ਸਰਕਾਰ ਦੀ ਕੇਂਦਰੀਕਰਨ ਦੀ ਨੀਤੀ ਕੰਮ ਕਰ ਰਹੀ ਹੈ। ਇਹ ਕਾਰਨ ਹੈ ਕਿ ਦੇਸ਼ ਵਿਚ ਉਨ੍ਹਾਂ ਕੁਦਰਤੀ ਵਸੀਲਿਆਂ ਉਪਰ ਧਿਆਨ ਕੇਂਦਰਤ ਨਹੀਂ ਕੀਤਾ ਜਾ ਰਿਹਾ ਜਿਥੋਂ ਸੂਬਿਆਂ ਦੀ ਆਮਦਨ ਵਿਚ ਵਾਧਾ ਹੋ ਸਕਦੇ। ਪੰਜਾਬ ਵਰਗੇ ਸੂਬੇ ਵਿਚ ਹੁਣ ਖੇਤੀ ਦੇ ਧੰਦੇ ਵਿਚ ਖੜੋਤ ਆ ਚੁੱਕੀ ਹੈ, ਜਿੱਥੋਂ ਹੋਰ ਕਮਾਈ ਦੀ ਗੁੰਜਾਇਸ਼ ਨਹੀਂ ਹੈ। ਇਥੋਂ ਦੀ ਸਨਅੱਤ ਪਹਿਲਾਂ ਹੀ ਬਾਹਰ ਚਲੀ ਗਈ ਹੈ। ਇਥੋਂ ਦੇ ਮਨੁੱਖੀ ਵਸੀਲੇ (ਨੌਜਵਾਨ) ਲਗਾਤਾਰ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ ਅਤੇ ਆਪਣੇ ਨਾਲ ਪੈਸਾ ਵੀ ਲਿਜਾ ਰਹੇ ਹਨ। ਅਜਿਹਾ ਵਰਤਾਰਾ ਕੇਂਦਰ ਨੂੰ ਸੂਤ ਬੈਠਦਾ ਹੈ ਕਿਉਂਕਿ ਪੰਜਾਬ ਵਿਚ ਉਤਰ ਪ੍ਰਦੇਸ਼, ਬਿਹਾਰ ਅਤੇ ਹੋਰ ਸੂਬਿਆਂ ਤੋਂ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਵਿਚ ਵਾਧਾ ਹੋ ਰਿਹਾ ਹੈ ਜਿਸ ਦਾ ਪੰਜਾਬ ਦੀ ਮੂਲ ਆਬਾਦੀ ਉਪਰ ਮਾੜਾ ਅਸਰ ਪੈ ਰਿਹਾ ਹੈ। ਇਸ ਤਰ੍ਹਾਂ ਸੂਬੇ ਨੂੰ ਮਾਲੀ ਸੰਕਟ ਵਿਚ ਪਾ ਕੇ ਨਵੀਂ ਪੀੜ੍ਹੀ ਵਿਚ ਇਕ ਹਊਆ ਪੈਦਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਹੁਣ ਰਹਿਣ ਦੇ ਯੋਗ ਨਹੀਂ ਹੈ ਜੋ ਕਿ ਖਤਰਨਾਕ ਰੁਝਾਨ ਹੈ। ਰਾਜ ਸਰਕਾਰ ਵੀ ਸਿਰਫ਼ ਅੰਕੜਿਆਂ ਦੀ ਖੇਡ ਵਿਚ ਫਸੀ ਹੋਈ ਹੈ, ਇਸ ਸੰਕਟ ਦੇ ਦੂਰ ਰਸ ਸਿੱਟਿਆਂ ਵੱਲ ਸੰਜੀਦਾ ਨਹੀਂ ਹੈ।

# ਗੁਰੂ ਨਾਨਕ ਸਾਹਿਬ ਦਾ ਗੁਰੂ ਤੇ ਰਾਧਾ ਸੁਆਮੀ ਮਤ

**ਬਾਬਾ ਸਰਬਜੋਤ ਸਿੰਘ ਬੇਦੀ**

ਪਿਛਲੇ ਦਿਨੀਂ ਰਾਧਾ ਸੁਆਮੀ ਸਤਿਸੰਗ ਬਿਆਸ ਦੁਆਰਾ ਪ੍ਰਕਾਸ਼ਿਤ ਮੈਂ ਪ੍ਰੋ. ਜੇ ਆਰ ਪੁਰੀ ਰਚਿਤ 'ਗੁਰੂ ਨਾਨਕ ਦਾ ਰੂਹਾਨੀ ਉਪਦੇਸ਼' ਨਾਂ ਦੀ



ਜੋ ਪੁਸਤਕ ਪੜ੍ਹੀ ਸੀ, ਉਸ ਵਿਚ ਵਿਦਵਾਨ ਲੇਖਕ ਨੇ ਗੁਰੂ ਨਾਨਕ ਸਾਹਿਬ ਸੰਬੰਧੀ ਵਾਦ ਵਿਵਾਦ ਵਿਚ ਪੈ ਕੇ ਅਤੇ ਗੁਰਬਾਣੀ ਦੀ ਮਨਮੁਖੀ ਵਿਆਖਿਆ ਕਰ ਕੇ ਸਰੀਰਕ ਗੁਰੂ ਨੂੰ ਅਹਿਮੀਅਤ ਪ੍ਰਦਾਨ ਕਰਕੇ ਕੁਫਰ ਤੋਲਿਆ ਹੈ। ਅਸੀਂ ਗੁਰੂ ਨਾਨਕ ਦੇ ਪੈਰੋਕਾਰ ਹਾਂ, ਇਸ ਲਈ ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਜਿਹੇ ਮਨਮੁਖ ਵਿਦਵਾਨ ਨੂੰ ਗੁਰਬਾਣੀ ਦੇ ਚਾਨਣ ਰਾਹੀਂ ਸਮਝਾਈਏ ਕਿ ਗੁਰੂ ਨਾਨਕ ਦੇਵ ਜੀ ਦਾ ਗੁਰੂ ਕੋਈ ਸਰੀਰਕ ਗੁਰੂ ਨਹੀਂ ਸੀ। ਉਹਨਾਂ ਦਾ ਗੁਰੂ ਸ਼ਬਦ ਅਥਵਾ ਅਕਾਲ ਪੁਰਖ ਸੀ। ਗੁਰੂ ਰਾਮਦਾਸ ਜੀ ਅਜਿਹੇ ਕੁਫਰ ਤੋਲਣ ਵਾਲੇ ਲੋਕਾਂ ਸੰਬੰਧੀ ਫੁਰਮਾਉਂਦੇ ਹਨ ਕਿ ਜਿਨ੍ਹਾਂ ਦੀ ਮਾਨਸਿਕਤਾ ਝੂਠ ਨਾਲ ਜੁੜੀ ਹੋਵੇ, ਉਹ ਸੱਚ ਨੂੰ ਜਾਣਦੇ ਹੋਏ ਵੀ ਸੱਚ ਨੂੰ ਸਵੀਕਾਰ ਨਹੀਂ ਕਰਦੇ। ਅਜਿਹੇ ਲੋਕ ਅਗਿਆਨਤਾ ਦੇ ਹਨੇਰੇ ਵਿਚ ਵੀ ਭਟਕ ਰਹੇ ਹੁੰਦੇ ਹਨ :

ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ॥
ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ॥
ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥
(ਗੁਰੂ ਗ੍ਰੰਥ ਸਾਹਿਬ, ਅੰਗ 646)

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਪ੍ਰੋ. ਜਨਕ ਰਾਜਪੁਰੀ ਵੱਲੋਂ ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਸੰਬੰਧੀ ਵਾਦ ਵਿਵਾਦ ਖੜਾ ਕਰਨ ਦਾ ਮਨੋਰਥ ਕੀ ਹੈ? ਜੇਕਰ ਪ੍ਰੋ. ਜਨਕ ਰਾਜਪੁਰੀ ਦੀ ਪੁਸਤਕ ਨੂੰ ਦੀਰਘ ਦ੍ਰਿਸ਼ਟੀ ਤੋਂ ਘੋਖਿਆ ਜਾਵੇ ਤਾਂ ਉਸ ਦਾ ਮਨੋਰਥ ਇਕ ਦਮ ਸਾਹਮਣੇ ਆ ਜਾਂਦਾ ਹੈ ਕਿ ਉਹ ਸਿੱਖ ਮਾਨਸਿਕਤਾ ਨੂੰ ਸ਼ਬਦ ਗੁਰੂ ਸਿਧਾਂਤ ਨਾਲੋਂ ਤੋੜ ਕੇ ਆਪਣੇ ਰਾਧਾ ਸਵਾਮੀ ਗੁਰੂ ਦੀ ਦੇਹ ਪੂਜਾ ਵਲ ਪ੍ਰੇਰਣਾ ਚਾਹੁੰਦਾ ਹੈ ਅਤੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਧੁੰਦਲਾ ਕਰਨ ਵਲ ਵੀ ਰੁਚਿਤ ਹੈ। ਲੇਖਕ ਨੇ ਗੁਰੂ ਨਾਨਕ ਸਾਹਿਬ ਦੇ ਗੁਰੂ ਸੰਬੰਧੀ ਤਿੰਨ ਨਾਵਾਂ ਦਾ ਉਲੇਖ ਕੀਤਾ ਹੈ, ਜਿਹਨਾਂ ਵਿਚ ਸੱਯਦ ਹਸਨ ਅਤੇ ਮੁਰਾਦ ਨਾਂ ਦੇ ਦੋ ਮੁਸਲਮਾਨ ਸਨ ਅਤੇ ਤੀਸਰੇ ਭਗਤ ਕਬੀਰ ਜੀ। ਉਹ ਗੁਲਾਮ ਸੀਅਰੁਲ ਮੁਤਾਖ ਰੀਨ (ਫਾਰਸੀ ਗ੍ਰੰਥ) ਦੇ ਹਵਾਲੇ ਨਾਲ ਸੱਯਦ ਹਸਨ ਬਾਰੇ ਗੁਰੂ ਨਾਨਕ ਸਾਹਿਬ ਦੇ ਗੁਰੂ ਹੋਣ ਦਾ ਸ਼ੱਕ ਪੈਦਾ ਕਰਦਾ ਹੈ। ਪਰ ਡਾ. ਗੰਡਾ ਸਿੰਘ 'ਦੀ ਪੰਜਾਬ ਪਾਸਟ ਐਂਡ ਪਰੈਜੈਨਟ ਵਾਲੀਅਮ 3, ਪੰਨਾ 19 ਵਿਚ ਗੁਲਾਮ ਹੁਸੈਨ ਦੇ ਇਸ ਖਿਆਲ ਨੂੰ ਪਹਿਲਾਂ ਹੀ ਰੱਦ ਕਰ ਚੁੱਕਿਆ ਹੈ। ਇਸ ਤੋਂ ਬਾਅਦ ਪ੍ਰੋ. ਜੇ. ਆਰ. ਪੁਰੀ ਇੰਦੂ ਭੂਸ਼ਨ ਬੈਨਰਜੀ ਦਾ ਹਵਾਲਾ ਦੇ ਕੇ ਇਹ ਸ਼ੱਕ ਪੈਦਾ ਕਰਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਮੁਰਾਦ ਸੀ। ਜੇ. ਆਰ ਪੁਰੀ ਇਸ ਤੋਂ ਬਾਅਦ ਪ੍ਰਿੰਸੀਪਲ ਜੋਧ ਸਿੰਘ ਅਤੇ ਡਾ. ਗੰਡਾ ਸਿੰਘ ਆਦਿ ਦਾ ਹਵਾਲਾ ਦੇ ਕੇ ਆਖਦਾ ਹੈ ਕਿ ਇਹ ਵਿਦਵਾਨ ਪ੍ਰਵਾਨ ਨਹੀਂ ਕਰਦੇ ਕਿ ਗੁਰੂ ਨਾਨਕ ਸਾਹਿਬ ਜੀ ਦਾ ਕੋਈ ਗੁਰੂ ਸੀ। ਪ੍ਰੋ. ਪੁਰੀ ਨੇ ਗੁਰੂ ਨਾਨਕ ਸਾਹਿਬ ਦੇ ਗੁਰੂ ਬਾਰੇ ਉਲੇਖ ਕਰਦਿਆਂ ਤੀਜਾ ਨਾਂ ਭਗਤ ਕਬੀਰ ਦਾ ਵੀ ਲਿਆ ਹੈ। ਇਸ ਸੰਬੰਧ ਵਿਚ ਉਸ ਨੇ ਜੀ. ਐਚ. ਵੈਸਟਕਾਟ, ਏ. ਐਸ ਗਾਰਡਨ ਜੀਐਨ ਫਰਕੂਅਰ ਆਦਿ ਦੇ ਹਵਾਲੇ ਦਿੱਤੇ ਹਨ। ਇਤਿਹਾਸਕ ਤੱਥਾਂ ਅਨੁਸਾਰ ਤਾਂ ਭਗਤ ਕਬੀਰ 1494 ਈ. ਨੂੰ ਸੁਰਗਵਾਸ ਹੋ ਗਏ ਸਨ ਅਤੇ ਉਸ ਸਮੇਂ ਗੁਰੂ ਨਾਨਕ ਸਾਹਿਬ ਸੁਲਤਾਨਪੁਰ ਲੋਧੀ ਵਿਚ ਸਨ। ਇਸ ਸਮੇਂ ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਦਾ ਸਿਲਸਿਲਾ ਅਜੇ ਸ਼ੁਰੂ ਨਹੀਂ ਸੀ ਕੀਤਾ ਤੇ ਨਾ ਹੀ ਉਹ ਇਸ ਸਮੇਂ ਦੌਰਾਨ ਕਦੇ ਪੰਜਾਬ ਤੋਂ ਬਾਹਰ ਗਏ ਸਨ। ਕਿਸੇ ਇਤਿਹਾਸਕਾਰ ਨੇ ਅੱਜ ਤੱਕ ਨਹੀਂ ਲਿਖਿਆ ਕਿ ਭਗਤ ਕਬੀਰ ਜੀ ਕਦੇ ਪੰਜਾਬ ਆਏ ਸਨ। ਇਸ ਤਰ੍ਹਾਂ ਇਹ ਸਿਧ ਨਹੀਂ ਕੀਤਾ ਜਾ ਸਕਦਾ ਕਿ ਭਗਤ ਕਬੀਰ ਜੀ ਦਾ ਕਦੇ ਗੁਰੂ ਨਾਨਕ ਸਾਹਿਬ ਨਾਲ ਮੇਲ ਹੋਇਆ ਸੀ। ਸੋ ਭਗਤ ਕਬੀਰ ਜੀ ਗੁਰੂ ਨਾਨਕ ਸਾਹਿਬ ਦੇ ਗੁਰੂ ਕਿੰਝ ਹੋਏ?

ਸਿੱਖ ਇਤਿਹਾਸ ਦੇ ਸੋਮਿਆਂ ਤੋਂ ਇਸ ਗਲ ਦੀ ਪੁਸ਼ਟੀ ਹੁੰਦੀ ਹੈ ਕਿ ਭਗਤ ਕਬੀਰ ਜਾਂ ਕੋਈ ਹੋਰ ਗੁਰੂ ਨਾਨਕ ਸਾਹਿਬ ਦਾ ਗੁਰੂ ਨਹੀਂ ਸੀ ਅਤੇ ਨਾ ਹੀ ਇਹਨਾਂ ਵਿਚੋਂ ਕਿਸੇ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਗੁਰਗੱਦੀ ਸੌਂਪੀ ਸੀ। ਸਿੱਖ ਗੁਰੂ ਪਰੰਪਰਾ ਤਾਂ ਗੁਰੂ ਨਾਨਕ ਸਾਹਿਬ ਜੀ ਤੋਂ ਸ਼ੁਰੂ ਹੁੰਦੀ ਹੈ। ਗੁਰੂ ਪਰੰਪਰਾ ਸੰਬੰਧੀ ਜ਼ਿਕਰ ਕਰਦਿਆਂ ਭਾਈ ਗੁਰਦਾਸ, ਸੱਤਾ ਬਲਵੰਡ ਜਾਂ ਕਿਸੇ ਵੀ ਭਟ ਨੇ ਇਹ ਗਵਾਹੀ ਨਹੀਂ ਦਿੱਤੀ ਕਿ ਗੁਰੂ ਨਾਨਕ ਸਾਹਿਬ ਨੂੰ ਗੁਰੂ ਜੋਤਿ ਦੀ ਅਥਾਰਟੀ ਅਕਾਲ ਪੁਰਖ ਤੋਂ ਪ੍ਰਾਪਤ ਹੋਈ ਸੀ। ਭਾਈ ਗੁਰਦਾਸ ਅਤੇ ਭੱਟਾਂ ਦੀਆਂ ਰਚਨਾਵਾਂ ਵਿਚ ਗੁਰੂ ਸਾਹਿਬਾਨਾਂ ਦੀ ਬੇਅੰਤ ਮਹਿਮਾ ਦਾ ਜ਼ਿਕਰ ਤਾਂ ਮਿਲਦਾ ਹੈ ਪਰ ਭਗਤ ਕਬੀਰ, ਸੱਯਦ ਹਸਨ ਜਾਂ ਮੁਰਾਦ ਗੁਰੂ ਨਾਨਕ ਸਾਹਿਬ ਦੇ ਗੁਰੂ ਹੁੰਦੇ ਤਾਂ ਉਹ ਸਾਫ ਲਿਖਦੇ ਕਿ ਮੇਰੇ ਗੁਰੂ ਭਗਤ ਕਬੀਰ, ਸੱਯਦ, ਹਸਨ ਜਾਂ ਮੁਰਾਦ ਹਨ।

ਸ਼ਰਾਰਤੀ ਲੋਕ ਹਮੇਸ਼ਾ ਚੜ੍ਹਦੀ ਕਲਾ ਵਾਲੇ ਸਿੱਖ ਧਰਮ ਨੂੰ ਢਾਹ ਲਾਉਣ ਦੀਆਂ ਸਾਜ਼ਿਸਾਂ ਬੁਣਦੇ ਰਹਿੰਦੇ ਹਨ। ਇਹਨਾਂ ਦੀਆਂ ਸਾਜ਼ਿਸ਼ਾਂ ਦੇ ਜਾਲ ਨੂੰ ਤਾਂ ਹੀ ਤੋੜਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੇ ਸਿਧਾਂਤ ਤੇ ਗੁਰੂ ਨਾਲ ਜੁੜੀਏ। ਗੁਰਬਾਣੀ ਦੇ ਆਸਰੇ ਤੋਂ ਬਿਨਾਂ ਨਾ ਸਾਡੀ ਕੋਈ ਹੋਂਦ ਹੈ ਅਤੇ ਨਾ ਹੀ ਸਾਡੇ ਕੋਲ ਕੋਈ ਮਾਰਗ ਹੈ। ਗੁਰਬਾਣੀ ਦੀ ਸਾਡੇ ਲਈ ਚਾਨਣ ਮੁਨਾਰਾ ਹੈ, ਜਿਸ ਦੇ ਨਾਲ ਅਸੀਂ ਆਪਣੇ ਧਰਮ ਨੂੰ ਵਿਸ਼ਵ ਪੱਧਰ ਤੱਕ ਚਮਕਾ ਸਕਦੇ ਹਾਂ। ਗੁਰੂ ਅਮਰਦਾਸ ਜੀ ਗੁਰਬਾਣੀ ਨੂੰ ਮਨੁੱਖ ਅਥਵਾ ਸੰਸਾਰ ਲਈ ਚਾਨਣ ਮੁਨਾਰਾ ਆਖਦੇ ਹਨ :

ਗੁਰਬਾਣੀ ਇਸ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥
(ਗੁਰੂ ਗਰੰਥ ਸਾਹਿਬ, ਅੰਗ 67)

ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸ਼ਬਦਾਂ ਨੂੰ ਜ਼ਰੂਰ ਯਾਦ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਸਿੱਖੀ ਮਾਰਗ ਤੋਂ ਭਟਕ ਨਾ ਜਾਈਏ। ਭਾਈ ਮਨੀ ਸਿੰਘ ਨੇ ਗੁਰੂ ਗੋਬਿੰਦ ਸਿੰਘ ਵਲੋਂ ਅੰਤਮ ਸਮੇਂ ਕਹੇ ਸ਼ਬਦਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ, 'ਤੁਸੀਂ ਸ਼ਬਦ ਤੇ ਗੁਰੂ ਨੂੰ ਇਕੋ ਰੂਪ ਜਾਣਨਾ....ਸਤਿਗੁਰੂ ਤੇ ਪਰਮੇਸ਼ਵਰ ਵਿਚ ਭੇਦ ਨਹੀਂ ਜਾਣਨਾ, ਸਰੀਰ ਮੇਰਾ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ, ਜੇ ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ। ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।'

(ਭਾਈ ਮਨੀ ਸਿੰਘ, ਸਿਖਾਂ ਦੀ ਭਗਤਮਾਲਾ, ਪੰਨ 31-32)

ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਸ਼ਬਦਾਂ ਵਿਚ ਸਿੱਖਾਂ ਦੀ ਮੁਕਤੀ ਦਾ ਮਾਰਗ ਗੁਰੂ ਗ੍ਰੰਥ ਸਾਹਿਬ ਵਿਚ ਨਿਸ਼ਠਾ ਪ੍ਰਗਟਾਉਣ ਤੇ ਗੁਰਮਤਿ ਸਿਧਾਂਤਾਂ ਤੇ ਅਮਲ ਕਰਨਾ ਦੱਸਿਆ ਹੈ। ਜੇਕਰ ਅਸੀਂ ਗੁਰੂ ਸਾਹਿਬ ਦੇ ਬਚਨਾਂ ਨੂੰ ਮਨ ਵਿਚ ਬਿਠਾ ਲਈਏ ਤਾਂ ਅਸੀਂ ਗੁਰੂ ਘਰ ਦੇ ਵਿਰੋਧੀਆਂ ਦੀ ਹਰੇਕ ਗੱਲ ਦਾ ਜੁਆਬ ਦੇਣ ਦੇ ਸਮਰੱਥ ਹੋ ਜਾਵਾਂਗੇ।

ਸਾਡੇ ਲਈ ਇਹ ਘੋਖਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਗੁਰੂ ਕੌਣ ਸੀ? ਇਸ ਦਾ ਜੁਆਬ ਨਾ ਆਮ ਲੇਖਕਾਂ ਦੀਆਂ ਪੁਸਤਕਾਂ ਵਿਚੋਂ ਮਿਲ ਸਕਦਾ ਹੈ ਤੇ ਨਾ ਹੀ ਕੋਈ ਆਮ ਮਨੁੱਖ ਕਿਆਸ ਲਾ ਕੇ ਦੇ ਸਕਦਾ ਹੈ। ਇਸ ਦਾ ਜੁਆਬ ਤਾਂ ਸਾਡੇ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਹੀ ਦੇ ਸਕਦੇ ਹਨ। ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਸੰਬੰਧੀ ਸਿਧ ਗੋਸ਼ਟਿ ਵਿਚ ਜ਼ਿਕਰ ਮਿਲ ਜਾਂਦਾ ਹੈ। ਜਦੋਂ ਗੁਰੂ ਨਾਨਕ ਸਾਹਿਬ ਜੀ ਦੀ ਸਿਧ ਮੰਡਲੀ ਨਾਲ ਗੋਸ਼ਟੀ ਜਾਂ ਵਿਚਾਰ ਵਟਾਂਦਰਾ ਹੁੰਦਾ ਹੈ ਤਾਂ ਸਿੱਧ ਇਹ ਪ੍ਰਸ਼ਨ ਪੁਛਦੇ ਹਨ, 'ਆਪ ਦਾ ਗੁਰੂ ਕਿਹੜਾ ਹੈ?' ਸਵਾਲ ਇਹ ਸੀ :

ਕਵਣ ਮੂਲ ਕਵਣ ਮਤਿ ਵੇਲਾ
ਤੇਰਾ ਕਵਣੁ ਗੁਰੂ ਜਿਸ ਤੂ ਚੇਲਾ॥
(ਗੁਰੂ ਗਰੰਥ ਸਾਹਿਬ, ਅੰਗ 942)

ਸਤਿਗੁਰੂ ਨਾਨਕ ਦੇਵ ਜੀ ਇਸ ਪ੍ਰਸ਼ਨ ਦਾ ਉਤਰ ਬੜੀ ਗੰਭੀਰਤਾ ਨਾਲ ਦਿੰਦੇ ਹਨ :

ਪਵਨ ਅਰੰਭ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
(ਮ: 1, ਸਿਧ ਗੋਸਟਿ, ਪੰਨਾ 942).

ਗੁਰੂ ਸਾਹਿਬ ਦਾ ਉਤਰ ਬਿਲਕੁਲ ਸਪੱਸ਼ਟ ਹੈ ਕਿ ਸ਼ਬਦ ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ ਉਸ ਸ਼ਬਦ ਦੀ ਧੁਨੀ ਦਾ ਚੇਲਾ ਹੈ। ਰਾਧਾ ਸਵਾਮੀਆਂ ਦੇ ਧਾਰਮਿਕ ਆਗੂ ਬਾਬਾ ਸਾਵਨ ਸਿੰਘ ਗੁਰਮਤਿ ਸਿਧਾਂਤ (ਭਾਗ ਪਹਿਲਾ) ਪੰਨਾ 699 ਵਿਚ ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਬਾਰੇ ਆਖਦੇ ਹਨ ਕਿ ਉਹਨਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਸੀ, ਪਰ ਪਤਾ ਨਹੀਂ ਉਹਨਾਂ ਦਾ ਸ਼ਰਧਾਲੂ ਪ੍ਰੋ. ਪੁਰੀ ਗੁਰੂ ਨਾਨਕ ਸਾਹਿਬ ਜੀ ਦੇ ਗੁਰੂ ਸੰਬੰਧੀ ਸ਼ੰਕੇ ਕਿਉਂ ਪੈਦਾ ਕਰ ਰਹੇ ਹਨ ਅਤੇ ਇਸ ਪਿੱਛੇ ਉਹਨਾਂ ਦਾ ਕੀ ਮਨੋਰਥ ਹੈ। ਇਹ ਤਾਂ ਪ੍ਰੋ. ਪੁਰੀ ਆਪ ਹੀ ਦਸ ਸਕਦੇ ਹਨ ਜਾਂ ਉਹ ਦਸ ਸਕਦੇ ਹਨ ਕਿ ਜਿਹਨਾਂ ਨੇ 'ਗਰੂ ਨਾਨਕ ਦਾ ਰੂਹਾਨੀ ਉਪਦੇਸ਼' ਪੁਸਤਕ ਪ੍ਰਕਾਸ਼ਿਤ ਕਰਵਾਈ ਹੈ।

ਸਿੱਖ ਸੰਗਤਾਂ ਨੂੰ ਗੁਰੂ ਘਰ ਵਿਰੋਧੀ ਲੋਕਾਂ ਦੀਆਂ ਨੀਤੀਆਂ ਨੂੰ ਪਛਾਨਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਉਹ ਸਾਹਿਤ ਤੇ ਇਤਿਹਾਸ ਪੜ੍ਹਨਾ ਚਾਹੀਦਾ ਹੈ ਜੋ ਗੁਰਮਤਿ ਅਨੁਕੂਲ ਹੋਵੇ।

ਪ੍ਰੋ. ਜੇ ਆਰ ਪੁਰੀ ਵਲੋਂ ਸ਼ਬਦ ਗੁਰੂ ਦੀ ਵਿਰੋਧਤਾ

ਪ੍ਰੋ. ਜੇ ਆਰ ਪੁਰੀ ਨੇ ਆਪਣੀ ਪੁਸਤਕ 'ਗੁਰੂ ਨਾਨਕ ਦਾ ਰੂਹਾਨੀ ਉਪਦੇਸ਼' ਵਿਚ ਸ਼ਬਦ ਗੁਰੂ ਦੀ ਵਿਰੋਧਤਾ ਕਰ ਕੇ ਦੇਹਧਾਰੀ ਗੁਰੂ ਦੀ ਉੱਚਤਾ ਤੇ ਬਲ ਦੇ ਕੇ ਗੁਰਬਾਣੀ ਦੀ ਮਨਮੁਖੀ ਵਿਆਖਿਆ ਕੀਤੀ ਹੈ। ਉਸ ਦਾ ਵਿਚਾਰ ਹੈ ਕਿ ਸ਼ਬਦ ਮਨੁੱਖ ਦੀ ਅਗਵਾਈ ਨਹੀਂ ਕਰ ਸਕਦਾ ਅਤੇ ਨਾ ਹੀ ਉਹ ਮਹਾਂਪੁਰਖ ਮਨੁੱਖ ਦੀ ਅਗਵਾਈ ਕਰ ਸਕਦੇ ਹਨ ਜੋ ਸੱਚਖੰਡ ਜਾ ਚੁੱਕੇ ਹਨ। ਕਿਉਂਕਿ ਉਹਨਾਂ ਦੀ ਅਗਵਾਈ ਲਈ ਮਨੁੱਖ ਨੂੰ ਆਪ ਸੱਚਖੰਡ ਵਿਚ ਜਾਣਾ ਪਵੇਗਾ। ਜੇਕਰ ਅਸੀਂ ਸੱਚਖੰਡ ਜਾਣ ਦੇ ਸਮਰੱਥ ਹੁੰਦੇ ਤਾਂ ਸਾਨੂੰ ਨਾ ਅੱਜ ਅਤੇ ਨਾ ਕਦੇ ਪਹਿਲੋਂ ਕਿਸੇ ਸਤਿਗੁਰੂ ਦੀ ਲੋੜ ਹੁੰਦੀ ਹੈ।

ਪ੍ਰੋ. ਪੁਰੀ ਦਾ ਇਸ ਕਥਨ ਪਿਛੇ ਅਪਰੋਖ ਰੂਪ ਵਿਚ ਮਨੋਰਥ ਇਹੀ ਹੈ ਕਿ ਸਿੱਖ ਸੱਚਖੰਡ ਵਿਚ ਜਾ ਚੁੱਕੇ ਗੁਰੂਆਂ ਦੇ ਉਪਦੇਸ਼ਾਂ ਅਤੇ ਬਾਣੀ ਨੂੰ ਭੁਲਾ ਦੇਣ ਕਿਉਂਕਿ ਉਹ ਹੁਣ ਲੋਕਾਈ ਨੂੰ ਮੁਕਤੀ ਦਾ ਮਾਰਗ ਪ੍ਰਦਾਨ ਕਰਨ ਲਈ ਸਮਰੱਥ ਨਹੀਂ।

ਪ੍ਰੋ. ਪੁਰੀ ਸਤਿਗੁਰੂ ਦੇ ਲਫਜ਼ ਦਾ ਅਰਥ ਜਿੰਦਾ ਸਤਿਗੁਰੂ ਅਥਵਾ ਦੇਹਧਾਰੀ ਗੁਰੂ ਮੰਨਦੇ ਹਨ। ਉਹ ਦੇਹਧਾਰੀ ਗੁਰੂ ਦੀ ਲੋੜ ਬਾਰੇ ਵਿਸਥਾਰ ਪੂਰਵਕ ਚਰਚਾ ਕਰਦੇ ਹੋਏ ਆਖਦੇ ਹਨ ਕਿ ਮਨੁੱਖ ਉਸ ਗੁਰੂ ਕੋਲੋਂ ਹੀ ਲਾਭ ਉਠਾ ਸਕਦਾ ਹੈ ਜੇ ਜਿਉਂਦਾ ਹੋਵੇ।

ਇਸ ਵਿਚਾਰ ਤੋਂ ਇਹੀ ਅਰਥ ਨਿਕਲਦਾ ਹੈ ਕਿ ਸਿੱਖ ਗੁਰੂ ਗਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਣ ਤੋਂ ਇਨਕਾਰ ਕਰ ਦੇਣ। ਪ੍ਰੋ. ਪੁਰੀ ਜੇਕਰ ਦੇਹਧਾਰੀ ਗੁਰੂ ਦੀ ਉੱਚਤਾ ਬਾਰੇ ਗੁਰਬਾਣੀ ਦੇ ਹਵਾਲਿਆਂ ਤੋਂ ਬਿਨਾਂ ਵਿਆਖਿਆ ਕਰਦੇ ਤਾਂ ਸਿੱਖ ਜਗਤ ਨੂੰ ਇਹ ਗੱਲ ਚੁਭਣੀ ਨਹੀਂ ਸੀ। ਪਰ ਉਹਨਾਂ ਨੇ ਆਪਣੇ ਝੂਠ ਨੂੰ ਸੱਚ ਬਨਾਉਣ ਲਈ ਗੁਰਬਾਣੀ ਦਾ ਸਹਾਰਾ ਲਿਆ ਹੈ ਜੋ ਮਨਮੁਖਤਾ ਦੀ ਨਿਸ਼ਾਨੀ ਹੈ ਅਤੇ ਅਕਾਦਮਿਕ ਤੇ ਧਾਰਮਿਕ ਅਪਰਾਧ ਹੈ।

ਸਿੱਖ ਜਗਤ ਲਈ ਗੁਰਬਾਣੀ ਤੋਂ ਬਿਨਾਂ ਕੋਈ ਸੋਮਾ ਜਾਂ ਵਿਚਾਰ ਸੱਚ ਨਹੀਂ ਹੈ। ਗੁਰਬਾਣੀ ਦਾ ਝੂਠ ਅਤੇ ਮਿਥਿਆ ਨਾਲ ਸਖ਼ਤ ਵਿਰੋਧ ਹੈ। ਜੋ ਮਨੁੱਖ ਗੁਰਬਾਣੀ ਨੂੰ ਝੂਠ ਅਤੇ ਮਿਥਿਆ ਮੰਨਦਾ ਹੈ, ਉਹ ਆਪ ਆਧਾਰਹੀਣ ਖੋਟਾ ਅਤੇ ਮਨਮੁਖ ਹੈ। ਗੁਰੂ ਨਾਨਕ ਸਾਹਿਬ ਜੀ ਅਜਿਹੇ ਮਨਮੁਖਾਂ

**ਬਾਕੀ ਸਫ਼ਾ 28 'ਤੇ**

# ਨਾਨਕ ਮੱਠ ਤੇ ਮੰਗੂ ਮੱਠ ਨੂੰ ਸੰਭਾਲਣ ਲਈ ਸ਼੍ਰੋਮਣੀ ਕਮੇਟੀ ਭੂਮਿਕਾ ਨਿਭਾਏ

**ਰਜਿੰਦਰ ਸਿੰਘ**





ਬੜੀ ਦੁੱਖ ਦੀ ਗੱਲ ਹੈ ਕਿ ਭਾਰਤ ਵਿਚ ਵੀ ਗੁਰਧਾਮਾਂ ਉੱਪਰ ਮੁਤੱਸਬੀ ਲੋਕਾਂ ਵਲੋਂ ਸਰਕਾਰ ਦੀ ਸਹਾਇਤਾ ਨਾਲ ਕਬਜ਼ੇ ਕੀਤੇ ਜਾ ਰਹੇ ਹਨ ਤੇ ਨਾਮੋ ਨਿਸ਼ਾਨ ਮਿਟਾਏ ਜਾ ਰਹੇ ਹਨ। ਓਡੀਸ਼ਾ ਦੇ ਜਗਨਨਾਥ ਪੁਰੀ ਸਥਿਤ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਨਾਨਕ ਮੱਠ ਤੇ ਮੰਗੂ ਮੱਠ ਢਾਹੇ ਜਾਣ ਦੇ ਚਰਚਿਆਂ ਨੇ 550ਵਾਂ ਪ੍ਰਕਾਸ਼ ਪੁਰਬ ਮਨਾ ਰਹੇ ਸਿੱਖ ਜਗਤ ਨੂੰ ਨਿਰਾਸ਼ ਕਰ ਦਿੱਤਾ ਸੀ ਪਰ ਹੁਣ ਖ਼ਬਰ ਆ ਰਹੀ ਹੈ ਕਿ ਮੱਠ ਸੁਰੱਖਿਅਤ ਰਹਿਣਗੇ।

ਗੁਰੂ ਨਾਨਕ ਸਾਹਿਬ ਨੇ ਉਦਾਸੀਆਂ ਰਾਹੀਂ ਸਾਰੇ ਜਗਤ, ਸਾਰੇ ਧਰਮਾਂ ਨੂੰ ਏਕਤਾ ਨਾਲ ਜੋੜ ਕੇ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਸੀ। ਓਡੀਸ਼ਾ ਸਰਕਾਰ ਵੱਲੋਂ ਪੁਰਾਤਨ ਵਿਰਾਸਤ ਨੂੰ ਸੰਭਾਲਣ ਦਾ ਫ਼ੈਸਲਾ ਸ਼ਲਾਘਾਯੋਗ ਹੈ। ਇੱਥੇ ਜ਼ਿਕਰਯੋਗ ਹੈ ਕਿ ਇਸ ਇਤਿਹਾਸਕ ਅਸਥਾਨ ਨੂੰ ਢਾਹੁਣ ਦੀਆਂ ਖ਼ਬਰਾਂ ਪਹਿਲੀ ਵਾਰ ਸਤੰਬਰ ਵਿਚ ਆਈਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਉੱਥੇ ਜਾ ਕੇ ਦਾਅਵਾ ਕੀਤਾ ਸੀ ਕਿ ਓਡੀਸ਼ਾ ਸਰਕਾਰ ਨੇ ਉਸ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਨਾਨਕ ਮੱਠ ਤੇ ਮੰਗੂ ਮੱਠ 'ਤੇ ਨਹੀਂ ਬਲਕਿ ਉਸ ਦੇ ਆਲੇ-ਦੁਆਲੇ ਦੀਆਂ ਗ਼ੈਰ-ਕਾਨੂੰਨੀ ਇਮਾਰਤਾਂ 'ਤੇ ਕਾਰਵਾਈ ਕਰ ਰਹੀ ਹੈ। ਨਾਲ ਹੀ ਵਫ਼ਦ ਦੇ ਮੈਂਬਰ ਹਰਜਾਪ ਸਿੰਘ ਨੇ ਇਹ ਕਹਿ ਦਿੱਤਾ ਸੀ ਕਿ ਉਨ੍ਹਾਂ ਨੂੰ ਅਜਿਹੇ ਕੋਈ ਸਬੂਤ ਪ੍ਰਾਪਤ ਨਹੀਂ ਹੋਏ, ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਗੁਰੂ ਨਾਨਕ ਸਾਹਿਬ ਕਦੇ ਮੰਗੂ ਮੱਠ ਗਏ ਸਨ। ਇਸ ਤੋਂ ਤੁਰੰਤ ਬਾਅਦ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਹਰਜਾਪ ਸਿੰਘ ਦੇ ਦਾਅਵੇ ਦਾ ਖੰਡਨ ਕਰਦਿਆਂ ਕਿਹਾ ਸੀ ਕਿ ਉਪਰੋਕਤ ਮੱਠਾਂ ਦੇ ਸਿੱਖ ਇਤਿਹਾਸ ਨਾਲ ਸਬੰਧਤ ਹੋਣ ਦੇ ਪ੍ਰਤੱਖ ਇਤਿਹਾਸਕ ਦਸਤਾਵੇਜ਼ ਮੌਜੂਦ ਹਨ। ਕਿਹਾ ਜਾ ਰਿਹਾ ਹੈ ਕਿ ਹਰਜਾਪ ਸਿੰਘ ਦੇ ਇਸ ਬਿਆਨ ਨੂੰ ਕੋਰਟ ਵਿਚ ਪੇਸ਼ ਕੀਤਾ ਗਿਆ ਹੈ। ਇਹ ਅਤਿਅੰਤ ਖਤਰਨਾਕ ਹੈ ਕਿ ਸ਼੍ਰੋਮਣੀ ਕਮੇਟੀ ਤੋਂ ਬਿਨਾਂ ਹਰਜਾਪ ਸਿੰਘ ਮਨਮਰਜ਼ੀਆਂ ਕਿਵੇਂ ਕਰ ਰਿਹਾ ਹੈ? ਇਸ ਗੱਲ ਦਾ ਬੁਰਾ ਸਿੱਖ ਜਗਤ ਵਿਚ ਮਨਾਇਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ ਅਧਿਕਾਰਾਂ ਤੇ ਪੰਥ ਪ੍ਰਤੀ ਵਚਨਬੱਧਤਾ ਪ੍ਰਤੀ ਸੁਹਿਰਦਤ ਨਹੀਂ। ਮੰਗੂ ਮੱਠ ਨਾਲ ਸਬੰਧਤ ਓਡੀਸ਼ਾ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਰਿਲੀਜੀਅਸ ਐਂਡ ਚੈਰੀਟੇਬਲ ਸੰਸਥਾ ਦੇ ਅਹੁਦੇਦਾਰਾਂ ਤੇ ਸਿੱਖ ਇਤਿਹਾਸਕਾਰਾਂ ਗੁਰਤੇਜ ਸਿੰਘ ਆਈਏਐਸ, ਗੁਰਦਰਸ਼ਨ ਸਿੰਘ ਢਿੱਲੋਂ ਨੇ ਇਸ ਬਿਆਨ ਦੀ ਨਿਖੇਧੀ ਕੀਤੀ ਸੀ। ਪੁਰੀ ਦੇ ਜ਼ਿਲ੍ਹਾ ਕਲੈਕਟਰ ਬਲਵੰਤ ਸਿੰਘ ਦਾ ਕਹਿਣਾ ਸੀ ਕਿ ਅਸੀਂ ਸਿਰਫ਼ ਦੁਕਾਨਾਂ ਅਤੇ ਕਮਰਸ਼ੀਅਲ ਅਦਾਰਿਆਂ 'ਤੇ ਕਾਰਵਾਈ ਕਰ ਰਹੇ ਹਾਂ।

ਇਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਪਹੁੰਚ ਗਿਆ। ਚਾਰ ਅਕਤੂਬਰ ਨੂੰ ਸੁਪਰੀਮ ਕੋਰਟ ਨੇ ਅਜਮੇਰ ਸਿੰਘ ਰੰਧਾਵਾ ਦੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੁਰਾਣੇ ਢਾਂਚੇ 'ਤੇ ਸਬੰਧਤ ਧਿਰਾਂ ਨਾਲ ਗੱਲ ਕਰ ਕੇ ਹੀ ਕਾਰਵਾਈ ਕਰਨ ਤੇ ਵਿਰਾਸਤੀ ਇਮਾਰਤਾਂ ਨੂੰ ਸੁਰੱਖਿਅਤ ਰੱਖਣ ਲਈ ਕਿਹਾ ਸੀ। ਇੱਥੇ ਵਰਨਣਯੋਗ ਹੈ ਕਿ ਕਈ ਇਤਿਹਾਸਕ ਦਸਤਾਵੇਜ਼ਾਂ ਮੁਤਾਬਕ ਸਿੱਖ ਧਰਮ ਅਤੇ ਜਗਨਨਾਥ ਮੰਦਰ ਵਿਚਾਲੇ ਸਬੰਧ ਲਗਪਗ 500 ਵਰ੍ਹੇ ਪੁਰਾਣੇ ਹਨ ਜਦੋਂ ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਤਹਿਤ ਉੱਥੇ ਗਏ ਸਨ। ਇਹ ਮੱਠ ਮੰਦਰ ਦੇ ਨੇੜੇ ਸਥਿਤ ਹਨ ਅਤੇ ਇਨ੍ਹਾਂ ਵਿਚ ਬੈਠ ਕੇ ਹੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਰਤੀ ਉਚਾਰਨ ਕੀਤਾ ਸੀ ਤੇ ਲੋਕਾਂ ਨੂੰ ਅਕਾਲ ਪੁਰਖ ਦੀ ਬਣਾਈ ਕੁਦਰਤ ਦੇ ਨਾਲ ਜੋੜ ਕੇ ਕਰਮਕਾਂਡ ਤੇ ਵਹਿਮ ਭਰਮ ਦੂਰ ਕੀਤੇ ਸਨ।

ਸਿੱਖ ਪ੍ਰਚਾਰਕ ਭਾਈ ਅਲਮਸਤ ਉਦਾਸੀ ਨੇ ਗੁਰੂ ਨਾਨਕ ਸਾਹਿਬ ਦੀ ਯਾਦਗਾਰ ਮੰਗੂ ਮੱਠ ਦੀ ਸਥਾਪਨਾ 1615 ਈਸਵੀ ਦੌਰਾਨ ਕੀਤੀ ਸੀ। ਭਾਈ ਅਲਮਸਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਪੁੱਤਰ ਭਾਈ ਗੁਰਦਿੱਤਾ ਰਾਹੀਂ ਗੁਰੂ ਘਰ ਦੇ ਲੜ ਲੱਗੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਅਲਮਸਤ ਨੂੰ ਨੂੰ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਹੋਰ ਪੂਰਬੀ ਰਾਜਾਂ ਵਿਚ ਪ੍ਰਚਾਰਨ ਦੀ ਅਹਿਮ ਜ਼ਿੰਮੇਵਾਰੀ ਦਿੱਤੀ ਸੀ। ਇਹ ਮੱਠ ਨਾਨਕ ਪੰਥੀਆਂ ਦੇ ਪ੍ਰਚਾਰ ਦਾ ਕੇਂਦਰ ਸੀ। ਓਡੀਸ਼ਾ ਸਰਕਾਰ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਗੁਰੂ ਨਾਨਕ ਸਾਹਿਬ ਨਾਲ ਜੁੜੇ ਅਸਥਾਨਾਂ ਨੂੰ ਸੁਰੱਖਿਅਤ ਰੱਖ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰੇ ਜਿਵੇਂ ਕਿ ਪਾਕਿਸਤਾਨ ਸਰਕਾਰ ਨੇ ਗੁਰਦੁਆਰੇ ਮੁਲਾਣਿਆਂ ਕੋਲੋਂ ਛੁਡਵਾ ਕੇ ਸਿੱਖ ਧਰਮ ਨਾਲ ਇਨਸਾਫ ਕੀਤਾ ਹੈ।

ਯਾਦ ਰੱਖਣ ਵਾਲੀ ਗੱਲ ਹੈ ਕਿ ਇਸ ਦਾ ਹਿੰਦੂ ਧਾਰਮਿਕ ਸਥਾਨਾਂ ਨਾਲ ਕੋਈ ਵਾਸਤਾ ਨਹੀਂ ਹੈ। ਇਹ ਸਿੱਖ ਪ੍ਰਚਾਰ ਦੇ ਕੇਂਦਰ ਹਨ, ਜਿਸ ਉੱਪਰ ਸਾਜ਼ਿਸ਼ ਤਹਿਤ ਕਬਜ਼ੇ ਕੀਤੇ ਜਾ ਰਹੇ ਹਨ। ਸਮੂਹ ਸਿੱਖ ਜਗਤ ਨੂੰ ਇਨ੍ਹਾਂ ਕੇਂਦਰਾਂ ਦੀ ਰੱਖਿਆ ਦੇ ਲਈ ਜਿੱਥੇ ਸਰਕਾਰ ਨਾਲ ਸੰਪਰਕ ਕਰਨੇ ਪੈਣਗੇ, ਉੱਥੇ ਲੀਗਲ ਪੱਖ ਤੋਂ ਵੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਇਸ ਪੱਖੋਂ ਅਹਿਮ ਭੂਮਿਕਾ ਬਣਦੀ ਹੈ ਕਿ ਉਹ ਗੁਰੂ ਨਾਨਕ ਸਾਹਿਬ ਦੇ ਧਾਰਮਿਕ ਸਥਾਨ ਜੋ ਪੰਜਾਬ ਤੋਂ ਬਾਹਰ ਹਨ, ਉਨ੍ਹਾਂ ਦਾ ਪ੍ਰਬੰਧ ਖੁਦ ਸੰਭਾਲੇ।

## ਪਾਕਿ ਵਿਰੁਧ ਗਲਤ ਪ੍ਰਚਾਰ ਕਰਦੇ ਭਾਰਤ ਦੇ ਫਰਜ਼ੀ ਮੀਡੀਆ ਦੇ ਭੇਦ ਖੁੱਲ੍ਹੇ

*ਵਿਦੇਸ਼ੀਆਂ ਨੂੰ ਗੁੰਮਰਾਹ ਕਰਨ ਅਤੇ ਪਾਕਿ ਨੂੰ ਨੀਂਵਾ ਦਿਖਾਉਣ ਦਾ ਯਤਨ*

### 265 ਫਰਜ਼ੀ ਨਿਊਜ਼ ਸਾਈਟਾਂ ਵਿਚੋਂ 14 ਕੈਨੇਡਾ ਵਿਚ

**ਵੈਨਕੂਵਰ/ਏ.ਟੀ. ਨਿਊਜ਼ :** ਕੈਨੇਡਾ ਦੇ ਪ੍ਰਮੁੱਖ ਮੀਡੀਆ ਅਦਾਰੇ ਸੀਬੀਸੀ ਨੇ ਭਾਰਤ ਵਲੋਂ ਆਪਣੀ ਬੱਲੇ ਬੱਲੇ ਕਰਾਉਣ ਵਾਲੀਆਂ ਫਰਜ਼ੀ ਖ਼ਬਰਾਂ ਵਾਲੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਉਸ ਨੇ ਖ਼ੁਲਾਸਾ ਕੀਤਾ ਹੈ ਕਿ ਕਿਸੇ ਸ੍ਰੀਵਾਸਤਵ ਗਰੁੱਪ ਵਲੋਂ ਵਿਦੇਸ਼ਾਂ ਵਿਚਲੇ ਆਈਪੀ ਸਟੇਸ਼ਨਾਂ ਤੋਂ ਉਥੋਂ ਦੇ ਵੱਖ ਵੱਖ ਅਖ਼ਬਾਰਾਂ ਨਾਲ ਮਿਲਦੇ-ਜੁਲਦੇ ਨਾਵਾਂ ਵਾਲੇ ਖਾਤੇ ਬਣਾ ਕੇ ਫਰਜ਼ੀ ਖ਼ਬਰਾਂ ਪਾਈਆਂ ਜਾ ਰਹੀਆਂ ਹਨ। ਅਦਾਰੇ ਨੇ ਲੇਖ ਪ੍ਰਕਾਸ਼ਿਤ ਕਰਕੇ ਉਨ੍ਹਾਂ ਲੇਖਕਾਂ ਦੇ ਨਾਮ ਛਾਪੇ ਹਨ ਜਿਨ੍ਹਾਂ ਨੂੰ ਲਿਖਤ ਬਦਲੇ ਅਦਾਇਗੀ ਕੀਤੀ ਗਈ। ਇਨ੍ਹਾਂ ਵਿਚ 'ਟੋਰਾਂਟੋ ਸੰਨ' ਲਈ ਕੰਮ ਕਰਦੇ ਤਾਰਿਕ ਫ਼ਤਿਹ ਦਾ ਜ਼ਿਕਰ ਹੈ, ਜਿਸ ਨੇ ਮੰਨਿਆ ਹੈ ਕਿ ਉਸ ਨੂੰ ਕਿਸੇ ਖਾਸ ਲੇਖ ਦੇ ਪ੍ਰਕਾਸ਼ਨ ਲਈ ਅਦਾਇਗੀ ਕੀਤੀ ਗਈ ਸੀ।

ਅਖ਼ਬਾਰ ਨੇ ਯੂਰਪੀ ਖੋਜ ਸੰਗਠਨ ਡਿਸਇਨਫੋਲੈਬ ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਵਲੋਂ ਕੌਮਾਂਤਰੀ ਪੱਧਰ 'ਤੇ ਆਪਣੀ ਬੱਲੇ ਬੱਲੇ ਕਰਾਉਣ ਅਤੇ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਵਜੋਂ ਪ੍ਰਚਾਰਨ ਵਾਸਤੇ 65 ਦੇਸ਼ਾਂ ਵਿਚ 265 ਫਰਜ਼ੀ ਨਿਊਜ਼ ਸਾਈਟਾਂ ਬਣਾ ਕੇ ਉਨ੍ਹਾਂ 'ਤੇ ਫਰਜ਼ੀ ਖਬਰਾਂ ਤੇ ਫੋਟੋਆਂ ਪਾ ਕੇ ਵਿਦੇਸ਼ੀ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸੀਬੀਸੀ ਦਾ ਦਾਅਵਾ ਹੈ ਕਿ ਇਨ੍ਹਾਂ ਫਰਜ਼ੀ ਖਾਤਿਆਂ ਵਿਚੋਂ 12 ਖਾਤੇ ਕੈਨੇਡਾ ਦੀ ਪਹਿਚਾਣ ਵਾਲੇ ਹਨ ਜੋ ਦਿੱਲੀ ਦੇ ਕਿਸੇ ਸ੍ਰੀਵਾਸਤਵ ਗਰੁੱਪ ਵਲੋਂ ਐਡਮੰਟਨ ਦੇ ਪਤੇ ਹੇਠ ਚਲਾਏ ਜਾ ਰਹੇ ਹਨ। ਇਨ੍ਹਾਂ ਖਾਤਿਆਂ ਦੇ ਨਾਮ ਕੈਨੇਡਾ ਦੇ ਮਸ਼ਹੂਰ ਮੀਡੀਆ ਅਦਾਰਿਆਂ ਨਾਲ ਮਿਲਦੇ-ਜੁਲਦੇ ਰੱਖੇ ਗਏ ਹਨ, ਜਿਵੇਂ ਟੋਰਾਂਟੋ ਈਵਨਿੰਗ ਟੈਲੀਗਰਾਮ, ਟੋਰਾਂਟੋ ਮੇਲ, ਕਿਊਬਕ ਟੈਲੀਗਰਾਫ ਅਤੇ ਟਾਈਮਜ਼ ਆਫ਼ ਨਿਊ ਬਰੰਜ਼ਵਿਕ ਆਦਿ। ਸੀਬੀਸੀ ਮੁਤਾਬਕ ਅਕਸਰ ਹਰ ਨੈੱਟਵਰਕ ਖਾਤੇ ਵਿਚੋਂ ਇਸ਼ਤਿਹਾਰਾਂ ਰਾਹੀਂ ਕਮਾਈ ਕੀਤੀ ਜਾਂਦੀ ਹੈ ਪਰ ਉਕਤ ਸਾਰੇ ਖਾਤਿਆਂ ਵਿਚ ਕੋਈ ਇਸ਼ਤਿਹਾਰ ਸ਼ਾਇਦ ਇਸ ਕਰਕੇ ਨਹੀਂ ਪਾਇਆ ਗਿਆ ਤਾਂ ਜੋ ਲੋਕ ਸਿਰਫ਼ ਖਬਰਾਂ ਵੱਲ ਧਿਆਨ ਦੇਣ।

ਖੋਜ ਅਦਾਰੇ ਦੇ ਕਾਰਜਕਾਰੀ ਨਿਰਦੇਸ਼ਕ ਅਲੈੱਗਜ਼ੈਂਡਰ ਅਲਾਫਿਲਪ ਨੇ ਕਿਹਾ ਕਿ ਅਜਿਹੇ ਖਾਤੇ 2010 ਤੋਂ ਬਣਨੇ ਸ਼ੁਰੂ ਹੋਏ ਜਿਨ੍ਹਾਂ ਦਾ ਉਦੇਸ਼ ਆਪਣੀ ਬੱਲੇ ਬੱਲੇ ਕਰਾਉਣਾ ਅਤੇ ਗੁਆਂਢੀ ਦੇਸ਼ ਪਾਕਿਸਤਾਨ ਨੂੰ ਭੰਡਣਾ ਹੈ। ਅਖਬਾਰ ਅਨੁਸਾਰ ਇਹ ਉਹੀ ਸ੍ਰੀਵਾਸਤਵ ਗਰੁੱਪ ਹੈ, ਜਿਸ ਨੇ ਪਿਛਲੇ ਮਹੀਨੇ ਯੂਰੋਪ ਦੇ ਸੱਜੇ ਪੱਖੀ ਸੰਸਦ ਮੈਂਬਰਾਂ ਦੇ ਗਰੁੱਪ ਦੇ ਕਸ਼ਮੀਰ ਦੌਰੇ ਦਾ ਪ੍ਰਬੰਧ ਕਰਵਾਇਆ ਅਤੇ ਉਨ੍ਹਾਂ ਦੀ ਪ੍ਰਧਾਨ ਮੰਤਰੀ ਨਾਲ ਮੀਟਿੰਗ ਕਰਵਾਈ ਸੀ।

ਦੱਖਣ ਏਸ਼ਿਆਈ ਰਾਜਨੀਤਿਕ ਮਾਮਲਿਆਂ ਦੇ ਵਿਸ਼ਲੇਸ਼ਕ ਤੇ ਕੌਂਕਡੀਆ ਯੂਨੀਵਰਸਿਟੀ ਮੌਂਟਰੀਆਲ ਦੇ ਪ੍ਰੋਫੈਸਰ ਯੂਨੀਆ ਸਕੋਫੀਲਡ ਨੇ ਕਿਹਾ ਕਿ ਜਿਨ੍ਹਾਂ ਦੋ ਸੰਗਠਨਾਂ ਨੇ ਯੂਰੋਪੀ ਸੰਸਦ ਮੈਂਬਰਾਂ ਦੇ ਦੌਰੇ ਸਬੰਧੀ ਵਿੱਤੀ ਤੇ ਹੋਰ ਪ੍ਰਬੰਧ ਕੀਤੇ ਸਨ, ਉਹ ਦੋਵੇਂ ਹੀ ਸ੍ਰੀਵਾਸਤਵ ਗਰੁੱਪ ਦੇ ਅੰਕਿਤ ਸ੍ਰੀਵਾਸਤਵ ਤੇ ਉਸ ਵਲੋਂ ਚਲਾਏ ਜਾਂਦੇ ਪੇਪਰ 'ਨਿਊ ਦਿੱਲੀ ਟਾਈਮਜ਼' ਨਾਲ ਸਬੰਧਤ ਹਨ।

ਸੀਬੀਸੀ ਦੇ ਪੱਤਰਕਾਰਾਂ ਮੁਤਾਬਕ ਉਨ੍ਹਾਂ ਜਦੋਂ ਭਾਰਤ ਦੇ ਕਈ ਉੱਘੇ ਮੀਡੀਆ ਕਰਮੀਆਂ ਨੂੰ ਉਕਤ ਅਖਬਾਰ ਬਾਰੇ ਪੁੱਛਿਆ ਜਾਣਕਾਰੀ ਮੰਗੀ ਤਾਂ ਸਾਰਿਆਂ ਨੇ ਅਗਿਆਨਤਾ ਪ੍ਰਗਟ ਕੀਤੀ ਕਿ ਅਜਿਹਾ ਕੋਈ ਅਖਬਾਰ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ। ਨੈੱਟਵਰਕ ਵਲੋਂ ਸਹਿਯੋਗੀ ਵਜੋਂ ਘੜੀਸੇ ਗਏ ਲਿਬਰਲ ਦੇ ਸਾਬਕਾ ਐੱਮਪੀ ਮਾਰੀਓ ਸਿਲਵਾ ਨੇ ਅੰਕਿਤ ਸ੍ਰੀਵਾਸਤਵ ਨਾਲ ਜਾਣ-ਪਛਾਣ ਤੋਂ ਇਨਕਾਰ ਕੀਤਾ। ਸੀਬੀਸੀ ਨੇ ਅੰਕਿਤ ਦਾ ਪੱਖ ਜਾਨਣ ਲਈ ਕਈ ਵਾਰ ਫੋਨ ਕੀਤੇ, ਜੋ ਸੁਣੇ ਨਹੀਂ ਗਏ ਅਤੇ ਨਾ ਹੀ ਵੈੱਬਸਾਈਟ 'ਤੇ ਦਰਸਾਈਆਂ ਈ-ਮੇਲਜ਼ ਦਾ ਕੋਈ ਉੱਤਰ ਦਿੱਤਾ ਗਿਆ।

# ਮੋਦੀ ਸ਼ਾਹ ਜੋੜੀ ਵਲੋਂ ਮਹਾਰਾਸ਼ਟਰ ਵਿਚ ਜਮਹੂਰੀਅਤ ਦਾ ਕਤਲ

**-ਸਿਧਾਰਥ ਵਰਦਰਾਜਨ**



ਮਹਾਰਾਸ਼ਟਰ ਦੀਆਂ ਸਿਆਸੀ ਘਟਨਾਵਾਂ ਨੇ ਪੂਰੇ ਮੁਲਕ ਦੇ ਲੋਕਾਂ ਦਾ ਹੀ ਨਹੀਂ ਸਗੋਂ ਦੁਨੀਆ ਦੇ ਸਿਆਸੀ ਸੋਚ ਰੱਖਣ ਵਾਲੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਕਦੇ ਵੀ ਇਹ ਨਹੀਂ ਚਾਹੁੰਦੇ ਸਨ ਕਿ ਮਹਾਰਾਸ਼ਟਰ ਉਨ੍ਹਾਂ ਦੇ ਹੱਥਾਂ ਵਿਚੋਂ ਚਲਿਆ ਜਾਵੇ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਰਵਾਇਤੀ ਸਹਿਯੋਗੀ ਪਾਰਟੀ ਸ਼ਿਵ ਸੇਨਾ ਨੂੰ ਸਪੱਸ਼ਟ ਬਹੁਮਤ ਮਿਲਣ ਦੇ ਬਾਵਜੂਦ ਵੀ ਮਹਾਰਾਸ਼ਟਰ ਵਿਚ ਦਵੇਂਦਰ ਫੜਨਵੀਸ ਦਾ ਦੁਬਾਰਾ ਮੁੱਖ ਮੰਤਰੀ ਨਾ ਬਣ ਸਕਣਾ ਪ੍ਰਧਾਨ ਮੰਤਰੀ ਅਤੇ ਬੀਜੇਪੀ ਦੀ ਲੀਡਰਸ਼ਿਪ ਨੂੰ ਬਰਦਾਸਤ ਨਹੀਂ ਹੋ ਰਿਹਾ। ਮੋਦੀ ਸ਼ਾਹ ਦੀ ਜੋੜੀ ਨੂੰ ਇਹ ਚਿਤ ਚੇਤਾ ਵੀ ਨਹੀਂ ਸੀ ਕਿ ਸ਼ਿਵ ਸੈਨਾ ਮਹਾਰਾਸ਼ਟਰ ਸਰਕਾਰ ਵਿਚ ਬਰਾਬਰ ਦੀ ਹਿੱਸੇਦਾਰੀ ਮੰਗੇਗੀ ਅਤੇ ਇਸ ਦਾ ਨੇਤਾ ਊਧਵ ਠਾਕਰੇ ਮੁੱਖ ਮੰਤਰੀ ਬਣਨ ਦੀ ਇੱਛਾ ਰੱਖੇਗਾ, ਇਸ ਲਈ ਇਨ੍ਹਾਂ ਨੇ ਚੋਣਾਂ ਤੋਂ ਪਹਿਲਾਂ ਹੀ ਬੀਜੇਪੀ ਦੀ ਸਰਕਾਰ ਬਣਾਉਣ ਲਈ ਰਾਹ ਪੱਧਰਾ ਕਰਨਾ ਸ਼ੁਰੂ ਕਰ ਦਿੱਤਾ ਸੀ। ਭਾਰਤ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਪੜਾਅਵਾਰ ਤਰੀਕੇ ਨਾਲ ਬੀਜੇਪੀ ਸਰਕਾਰ ਦੇ ਗਠਨ ਲਈ ਕੰਮ ਕੀਤਾ। ਕੇਂਦਰ ਦੀ ਮੋਦੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਲਈ ਚੋਣ ਮੁਹਿੰਮ ਤੋਂ ਪਹਿਲਾਂ ਹੀ ਕੇਂਦਰੀ ਏਜੰਸੀਆਂ ਰਾਹੀਂ ਮਹਾਰਾਸ਼ਟਰ ਵਿਚ ਐਨਸੀਪੀ ਨੇਤਾਵਾਂ ਅਜੀਤ ਪਵਾਰ, ਸ਼ਰਦ ਪਵਾਰ ਅਤੇ ਪ੍ਰਫੁੱਲ ਪਟੇਲ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਜਾਂਚ ਪੜਤਾਲ ਸ਼ੁਰੂ ਕਰਵਾ ਦਿੱਤੀ ਸੀ। ਅਜੀਤ ਪਵਾਰ ਅਤੇ ਸ਼ਰਦ ਪਵਾਰ ਨੂੰ ਮਹਾਰਾਸ਼ਟਰ ਸਹਿਕਾਰੀ ਬੈਂਕ ਦੇ 25000 ਕਰੋੜ ਰੁਪਏ ਦੇ ਘੁਟਾਲੇ ਵਿਚ ਉਲਝਾਇਆ ਗਿਆ। ਅਜੀਤ ਪਵਾਰ ਖਿਲਾਫ਼ ਸਿੰਚਾਈ ਘੁਟਾਲੇ ਦੀ ਵੱਖਰੀ ਜਾਂਚ ਸ਼ੁਰੂ ਕੀਤੀ ਗਈ।

ਜਦ ਚੋਣਾਂ ਦੇ ਨਤੀਜੇ ਆਏ ਤਾਂ ਸਪੱਸ਼ਟ ਹੋ ਗਿਆ ਕਿ ਬੀਜੇਪੀ 105 ਸੀਟਾਂ ਤੇ ਸੁੰਗੜ ਕੇ ਰਹਿ ਗਈ ਹੈ ਅਤੇ ਇਹ ਇਕੱਲਿਆਂ ਸਰਕਾਰ ਨਹੀਂ ਬਣਾ ਸਕਦੀ। ਇੱਥੇ ਹੀ ਇਸ ਦੀ ਸਹਿਯੋਗੀ ਪਾਰਟੀ ਸ਼ਿਵ ਸੈਨਾ ਨਾਲ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਰੇੜਕਾ ਸ਼ੁਰੂ ਹੋ ਗਿਆ। ਪਰ ਮਹਾਰਾਸ਼ਟਰ ਰਾਜ ਭਵਨ ਵਿਚ ਬੈਠੇ ਬੀਜੇਪੀ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਜਾਣਬੁੱਝ ਕੇ ਸਰਕਾਰ ਦੇ ਗਠਨ ਦੀ ਪ੍ਰਕਿਰਿਆ ਲਟਕਾ ਦਿੱਤੀ।

ਕੋਸ਼ਿਆਈ ਨੇ ਪਹਿਲਾਂ 9 ਨਵੰਬਰ ਨੂੰ ਬੀਜੇਪੀ ਦੇ ਨੇਤਾ ਦਵੇਂਦਰ ਫੜਨਵੀਸ ਨੂੰ ਸਰਕਾਰ ਬਣਾਉਣ ਲਈ 48 ਘੰਟਿਆਂ ਦਾ ਸਮਾਂ ਦਿੱਤਾ, ਜਦ ਗੱਲ ਨਾ ਬਣੀ ਫਿਰ ਸ਼ਿਵ ਸੈਨਾ ਨੂੰ 24 ਘੰਟੇ ਦਾ ਸਮਾਂ ਦਿੱਤਾ ਗਿਆ ਅਤੇ ਇਸ ਤੋਂ ਬਾਅਦ ਐਨਸੀਪੀ ਨੂੰ ਵੀ 24 ਘੰਟੇ ਦਾ ਸਮਾਂ ਦਿੱਤਾ ਗਿਆ। ਇਸ ਤੋਂ ਬਾਅਦ ਗਵਰਨਰ ਨੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰ ਦਿੱਤੀ ਜੋ ਕਿ ਸੁਪਰੀਮ ਕੋਰਟ ਦੇ ਬੋਮਈ ਫੈਸਲੇ ਦੀ ਉਲੰਘਣਾ ਸੀ।

ਇਸ ਤੋਂ ਬਾਅਦ ਕੇਂਦਰੀ ਮੰਤਰੀ ਮੰਡਲ ਨੇ ਇਸ ਸਿਫਾਰਸ਼ ਤੇ ਮੋਹਰ ਲਾ ਦਿੱਤੀ ਅਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਇਸ ਸਮੇਂ ਦੌਰਾਨ ਬੀਜੇਪੀ ਨੇ ਹੋਰਨਾਂ ਪਾਰਟੀਆਂ ਨਾਲ ਅੰਦਰ ਖਾਤੇ ਗੱਲਬਾਤ ਸ਼ੁਰੂ ਕਰ ਦਿੱਤੀ। ਜਦ ਇਹ ਸਪੱਸ਼ਟ ਹੋ ਗਿਆ ਕਿ ਐਨਸੀਪੀ ਅਤੇ ਕਾਂਗਰਸ ਨੇ ਆਪਣਾ ਸਿਆਸੀ ਸਟੈਂਡ ਛੱਡ ਕੇ ਸ਼ਿਵ ਸੈਨਾ ਨੂੰ ਸਰਕਾਰ ਬਣਾਉਣ ਲਈ ਬਾਹਰੋਂ ਹਮਾਇਤ ਦੇਣ ਦਾ ਫੈਸਲਾ ਕਰ ਲਿਆ ਹੈ ਤਾਂ ਮੋਦੀ ਅਤੇ ਸ਼ਾਹ ਜੋੜੀ ਨੂੰ ਹੱਥਾਂ ਪੈਰਾਂ ਦੀ ਪੈ ਗਈ ਕਿ ਇਹ ਕੁਲੀਸ਼ਨ ਸਰਕਾਰ ਨਹੀਂ ਬਣਨੀ ਚਾਹੀਦੀ। ਇਸ ਤੋਂ ਬਾਅਦ ਸੂਬੇ ਵਿਚ ਖਰੀਦੋ ਫਰੋਖਤ ਸ਼ੁਰੂ ਹੋ ਗਈ ਅਤੇ ਬੀਜੇਪੀ ਨੇ ਐਨਸੀਪੀ ਦੇ ਅਜੀਤ ਪਵਾਰ ਨੂੰ ਸਾਂਝੀ ਸਰਕਾਰ ਲਈ ਮਨਾ ਲਿਆ। ਅਜੀਤ ਪਵਾਰ ਜਿਸ ਖਿਲਾਫ਼ ਸਤੰਬਰ ਮਹੀਨੇ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਬੈਂਕ ਘੁਟਾਲੇ ਦੀ ਜਾਂਚ ਸ਼ੁਰੂ ਕੀਤੀ ਸੀ, ਦਵੇਂਦਰ ਫੜਨਵੀਸ ਨੂੰ ਹਮਾਇਤ ਦੇਣ ਲਈ ਰਾਜ਼ੀ ਹੋ ਗਿਆ।

ਅਜੀਤ ਪਵਾਰ ਨੇ ਇਕ ਕਾਗਜ਼ ਤੇ ਆਪਣੇ ਵਿਧਾਇਕਾਂ ਦੇ ਦਸਤਖਤ ਕਰਵਾਏ ਜਿਸ ਬਾਰੇ ਇਹ ਵੀ ਕਿਹਾ ਗਿਆ ਕਿ ਇਨ੍ਹਾਂ ਵਿਚੋਂ ਕੁਝ ਦਸਤਖਤ ਜਾਅਲੀ ਹਨ ਪਰ ਕਾਹਲੀ ਵਿਚ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਦਵੇਂਦਰ ਫੜਨਵੀਸ ਨੂੰ ਮੁੱਖ ਮੰਤਰੀ ਅਤੇ ਅਜੀਤ ਪਵਾਰ ਨੂੰ ਉਪ ਮੁੱਖ ਮੰਤਰੀ ਦੀ ਸਹੁੰ ਚੁਕਾ ਦਿੱਤੀ ਅਤੇ ਇਹ ਵੀ ਤਸਦੀਕ ਨਹੀਂ ਕੀਤਾ ਕਿ ਅਜੀਤ ਪਵਾਰ ਨਾਲ ਕਿੰਨੇ ਐਨਸੀਪੀ ਵਿਧਾਇਕ ਹਨ। ਸੁਪਰੀਮ ਕੋਰਟ ਨੇ ਜਦ ਮੁੱਖ ਮੰਤਰੀ ਨੂੰ 24 ਘੰਟਿਆਂ ਦੇ ਅੰਦਰ ਅੰਦਰ ਮਹਾਰਾਸ਼ਟਰ ਵਿਧਾਨ ਸਭਾ ਦੇ ਸਦਨ ਵਿਚ ਬਹੁਮਤ ਸਾਬਤ ਕਰਨ ਲਈ ਕਹਿ ਦਿੱਤਾ ਤਾਂ ਮੋਦੀ ਸ਼ਾਹ ਜੋੜੀ ਦੇ ਮਨਸੂਬੇ ਧਰੇ ਧਰਾਏ ਰਹਿ ਗਏ ਪਰ ਇਨ੍ਹਾਂ ਘਟਨਾਵਾਂ ਨੇ ਭਾਰਤੀ ਲੋਕ ਰਾਜ ਦੀਆਂ ਕਦਰਾਂ ਕੀਮਤਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ।


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲੱਬਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ ਦੀਆਂ ਝਲਕੀਆਂ





















ਫੋਟੋਆਂ ਤੇ ਵਰਵਾ : ਮੱਖਣ ਸਿੰਘ ਕਲੇਰ

# ਮੈਸਾਚਿਊਸਿਸ ਐਸੰਬਲੀ 'ਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਵਿਸ਼ਵ ਸਮਾਨਤਾ ਦਿਵਸ ਐਲਾਨਿਆ





**ਮੈਸਾਚਿਊਸਿਸ/ਰਾਜ ਗੋਗਨਾ-** ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਵੇਂ ਪ੍ਰਕਾਸ਼ ਦਿਵਸ ਦੇ ਸਨਮਾਨ ਵਿੱਚ ਬੀਤੇਂ ਦਿਨ ਮੈਸਾਚਿਊਸਿਸ ਅਸੈਂਬਲੀ ਨੇ 'ਵਿਸ਼ਵ ਸਮਾਨਤਾ ਦਿਵਸ' ਬਿੱਲ ਪੇਸ਼ ਕੀਤਾ ਜਿਸ ਵਿੱਚ ਸਿੱਖ ਧਰਮ ਦਾ ਸਿਧਾਂਤ ਹੈ ਕਿ ਹਰੇਕ ਵਿਅਕਤੀ ਜਾਤ, ਲਿੰਗ ਜਾਂ ਧਰਮ ਦੇ ਬਾਵਜੂਦ ਬਰਾਬਰ ਹੈ। ਸਟੇਟ ਅਸੈਂਬਲੀ ਦੇ ਮੈਂਬਰ ਪ੍ਰਤੀਨਿਧ ਐਰੋਨ ਵੇਗਾ, ਹੈਮਡਨ, ਕ੍ਰਿਸਟੀਨ, ਸਦਨ ਦੇ ਸਪੀਕਰ ਨਾਲ ਮੌਜੂਦ ਸਨ, ਪ੍ਰਤੀਨਿਧੀ ਰਾਬਰਟ ਏ. ਡੀਲੀਓ ਅਤੇ ਵਿਧਾਨ ਅਤੇ ਨੀਤੀ ਦੀ ਮਾਹਰ ਪੈਟਰੀਸੀਆ ਡਫੀਯੰਡ ਨੇ ਇਸ ਬਿੱਲ ਨੂੰ ਬੋਸਟਨ ਦੇ ਮੈਸਾਚਿਊਸਿਸ ਸਟੇਟ ਅਸੈਂਬਲੀ ਹਾਊਸ ਵਿੱਚ ਪੇਸ਼ ਕੀਤਾ। ਸਮਾਗਮ ਦੀ ਸ਼ੁਰੂਆਤ ਸਰਬੱਤ ਦੇ ਭਲੇ ਦੀ ਸਿੱਖ ਅਰਦਾਸ ਨਾਲ ਗਿਆਨੀ ਬਲਵਿੰਦਰ ਸਿੰਘ ਵੱਲੋਂ ਕੀਤੀ ਗਈ। ਵਿਧਾਨ ਸਭਾ ਦੇ ਮੈਂਬਰਾਂ ਅਤੇ ਭਾਈਚਾਰੇ ਦੇ ਆਗੂਆਂ ਦੇ ਭਾਸ਼ਣ ਆਰੰਭ ਹੋਏ। ਇਹ ਬਿੱਲ ਸਭ ਤੋਂ ਪਹਿਲਾਂ ਨਿਊਜਰਸੀ ਦੇ ਸੈਨੇਟ ਦੇ ਪ੍ਰਧਾਨ ਸਟੀਫਨ ਐਮ ਸਵੀਨੀ ਵਲੋਂ ਪੇਸ਼ ਕੀਤਾ ਗਿਆ ਸੀ ਅਤੇ ਨਿਊਜਰਸੀ ਦੇ ਸੈਨੇਟ ਅਤੇ ਰਾਜ ਜਨਰਲ ਅਸੈਂਬਲੀ ਵਲੋਂ ਪਾਸ ਕੀਤਾ ਗਿਆ ਸੀ। 'ਵਿਸ਼ਵ ਬਰਾਬਰੀ ਦਿਵਸ' ਬਿੱਲ ਦੀ ਇਕ ਧਾਰਾ ਵਿਚ ਲਿਖਿਆ ਹੈ: '.... ਸਿੱਖ ਪਰੰਪਰਾ, ਇਕ ਅਜਿਹੀ ਲਹਿਰ ਹੈ ਜਿਹੜੀ ਸ੍ਰੀ ਗੁਰੂ ਨਾਨਕ ਸਹਿਬ ਦੀਆਂ ਪਵਿੱਤਰ ਸਿੱਖਿਆਵਾਂ ਦੀ ਪਾਲਣਾ ਕਰਦਿਆਂ ਆਪਣੇ ਈਮਾਨਦਾਰੀ ਨਾਲ ਕੰਮ ਕਰਨ, ਸਵੱਛਤਾ ਅਤੇ ਧਾਰਮਿਕ ਅਸਥਾਨਾਂ ਦੀ ਪਾਲਣਾ ਕਰਦਿਆਂ ਫਿਰਕੂ ਨਫਰਤ ਅਤੇ ਵੰਡ ਨੂੰ ਜਿੱਤਣ ਦੀ ਕੋਸ਼ਿਸ਼ ਕਰਦੀ ਹੈ। ਰੱਬ ਦਾ ਸਤਿਕਾਰ ਕਰਦੀ ਹੈ।ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ', ਹਿੰਮਤ ਸਿੰਘ ਨੇ ਕਿਹਾ, ਸੈਨੇਟ ਦੀਆਂ ਕੰਧਾਂ ਪੜ੍ਹ ਸਕਦੀਆਂ ਹਨ ਸੱਚ, ਨਿਆਂ, ਆਜ਼ਾਦੀ ਅਤੇ ਮਾਨਵਤਾ, ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦੀ ਗੂੰਜ ਵਿੱਚ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਭ ਤੋਂ ਉੱਚਾ ਸੱਚ ਹੈ, ਸਿੱਖ ਕੌਮ ਲਈ ਇਹ ਮਹੱਤਵਪੂਰਣ ਇੱਛਾਵਾਂ ਹਨ ਜੋ ਕਿ ਇਸ ਸਮੇਂ ਦੇ ਮਾਰਗ-ਨਿਰਦੇਸ਼ਕ ਸਿਧਾਂਤ ਵਜੋਂ ਕੰਮ ਕਰਦੀਆਂ ਹਨ ਅਤੇ ਸਾਰਾ ਸੰਸਾਰ ਉਨ੍ਹਾਂ ਤੋਂ ਲਾਭ ਲੈ ਸਕਦਾ ਹੈ। ਵਰਲਡ ਸਿੱਖ ਪਾਰਲੀਮੈਂਟ ਵਿਸ਼ਵ ਸਰਕਾਰਾਂ ਅਤੇ ਸੰਯੁਕਤ ਰਾਸ਼ਟਰ ਨਾਲ ਮਿਲ ਕੇ ਇੱਕ ਅਜਿਹਾ ਸੰਸਾਰ ਬਣਾਉਣ ਲਈ ਕੰਮ ਕਰੇਗੀ ਜਿਸ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ ਦਰਸਾਇਆ ਹੈ। ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸਿੱਖ ਰਾਸ਼ਟਰ ਲਈ ਇਹ ਮਹਾਨ ਦਿਨ ਸੀ। ਉਸ ਨੇ ਅਸੈਂਬਲੀ ਦੇ ਮੈਂਬਰਾਂ, ਸਦਨ ਦੇ ਸਪੀਕਰ, ਵਰਲਡ ਸਿੱਖ ਪਾਰਲੀਮੈਂਟ (ਯੂ.ਐੱਸ. ਏ. ਅਤੇ ਕੈਨੇਡਾ) ਦੇ ਮੈਂਬਰਾਂ ਅਤੇ ਬੋਸਟਨ, ਨਿਊਯਾਰਕ, ਨਿਊਜਰਸੀ, ਵਰਜੀਨੀਆ, ਟੈਕਸਸ, ਮੈਰੀਲੈਂਡ ਅਤੇ ਵਾਸ਼ਿੰਗਟਨ ਡੀ. ਸੀ. ਅਤੇ ਕੈਨੇਡਾ ਤੋਂ ਆਉਣ ਵਾਲੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ।ਹਰਮਨ ਕੌਰ, ਵਰਲਡ ਸਿੱਖ ਪਾਰਲੀਮੈਂਟ ਦੀ ਸਿਵਲ ਅਤੇ ਹਿਊਮਨ ਰਾਈਟਸ ਕੌਂਸਲ ਦੀ ਨੁਮਾਇੰਦਗੀ ਕਰਨ ਵਾਲੀ ਅਤੇ ਯੂ.ਐੱਸ. ਖੇਤਰ ਦੀ ਜਨਰਲ ਸੱਕਤਰ ਨੇ ਕਿਹਾ, '1699 ਉਹ ਸਾਲ ਸੀ ਜਦੋਂ ਪਹਿਲੀ ਔਰਤ ਨੇ ਨੀਦਰਲੈਂਡਜ ਵਿਚ ਵੋਟ ਪਾਈ ਸੀ, ਜਦੋਂ ਕਿ ਸਿੱਖ ਧਰਮ ਨੇ ਔਰਤਾਂ ਨੂੰ ਲੰਬੇ ਸਮੇਂ ਤੋਂ ਬਰਾਬਰ ਅਧਿਕਾਰ ਪ੍ਰਦਾਨ ਕੀਤੇ ਸਨ। 15ਵੀਂ ਸਦੀ ਵਿਚ ਇੰਗਲੈਂਡ ਵਿਚ ਇਹ ਸੋਫੀਆ ਦਲੀਪ ਸਿੰਘ ਨਾਂ ਦੀ ਇਕ ਪਹਿਲੀ ਸਿੱਖ ਔਰਤ ਸੀ ਜੋ ਕਿ ਮੋਰਚੇ ਦੀ ਇੱਕ ਪ੍ਰਮੁੱਖ ਨੇਤਾ ਸੀ। ਅੱਜ ਅਸੀਂ ਮਹਾਨ ਇਨਕਲਾਬੀ ਮਹਾਨ ਨਾਨਕ ਸਾਹਿਬ ਦਾ ਜਨਮ ਦਿਨ ਮਨਾ ਰਹੇ ਹਾਂ ਜਿਸ ਨੇ ਇਹ ਬਰਾਬਰੀ ਦਿੱਤੀ।ਮੈਸਾਚਿਊਸਿਸ ਤੋਂ ਆਈ ਸਿੱਖ ਸੰਗਤ, ਗੁਰਮਿੰਦਰ ਸਿੰਘ ਧਾਲੀਵਾਲ (ਖਜਾਨਚੀ-ਯੂ.ਐੱਸ.ਏ. ਖੇਤਰ), ਧਾਰਮਿਕ ਸਭਾ ਦੇ ਮੈਂਬਰ -ਸਮਸ਼ੇਰ ਸਿੰਘ ਅਤੇ ਕਨੇਡਾ ਤੋਂ ਭਗਤ ਸਿੰਘ, ਗ੍ਰੰਥੀ ਸਿੰਘ ਭਾਈ ਬਲਵਿੰਦਰ ਸਿੰਘ ਇਸ ਸਮਾਰੋਹ ਵਿਚ ਹਾਜ਼ਰ ਸਨ। ਟੈਕਸਸ, ਵਰਜ਼ੀਨੀਆ, ਕਨੈਟੀਕਟ, ਮੈਸਾਚਿਊਸਿਸ ਤੋਂ ਆਏ ਸਿੱਖਾਂ ਨੇ ਖੁਸ਼ੀ ਭਰੇ ਸਮਾਗਮ ਵਿੱਚ ਹਿੱਸਾ ਲਿਆ।ਸਿੱਖ ਭਾਈਚਾਰਾ, 100 ਸਾਲ ਪਹਿਲਾਂ ਤੋਂ ਅਮਰੀਕਾ ਪ੍ਰਵਾਸ ਕਰਨ ਲੱਗ ਪਿਆ ਸੀ ਅਤੇ ਉਦੋਂ ਤੋਂ ਹੀ ਸਿੱਖ ਕੌਮ ਇਸ ਦੇ ਵਿਕਾਸ ਅਤੇ ਜੋਸ਼ ਵਿਚ ਅਤੇ ਇਸ ਦੀ ਖੁਸ਼ਹਾਲੀ ਅਤੇ ਸਫਲਤਾ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰ ਰਹੀ ਹੈ। ਸਿੱਖ ਧਰਮ ਦੇ ਵਿਸ਼ਵ ਭਰ ਵਿਚ ਲਗਭਗ 30 ਮਿਲੀਅਨ ਦੀ ਗਿਣਤੀ 'ਚ ਵੱਸਦੇ ਹਨ ਅਤੇ ਲਗਭਗ 10 ਲੱਖ ਸਿੱਖ ਸੰਯੁਕਤ ਰਾਜ ਅਮਰੀਕਾ ਵਿਚ ਰਹਿੰਦੇ ਹਨ।ਇੱਥੇ ਦੱਸਣਯੋਗ ਹੈ ਕਿ ਇਸ ਸਮਾਗਮ ਦਾ ਉੱਦਮ ਮੈਸਚਿਊਸਿਸ ਤੋਂ ਗੁਰਮਿੰਦਰ ਸਿੰਘ ਧਾਲੀਵਾਲ ਖਜ਼ਾਨਚੀ 'ਵਰਲਡ ਸਿੱਖ ਪਾਰਲੀਮੈਂਟ ਯੂ. ਐੱਸ. ਏ. ਚੈਪਟਰ' ਵਲੋਂ ਕੀਤਾ ਗਿਆ ਅਤੇ ਸਮਾਗਮ ਦੀ ਸਮਾਪਤੀ ਮੌਕੇ ਉਨ੍ਹਾਂ ਵਲੋਂ ਸਭ ਦਾ ਦਿਲੋਂ ਧੰਨਵਾਦ ਕੀਤਾ ਗਿਆ।

## ਆਪਣਾ ਪੰਜਾਬ ਮੀਡੀਆ ਗਰੁੱਪ ਦੇ ਗੁਰਮੀਤ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ

**ਨਿਊਯਾਰਕ/ ਹੁਸਨ ਲੜੋਆ ਬੰਗਾ :** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਸਿੱਖ ਕਲਚਰਲ ਸੋਸਾਇਟੀ ਨਿਊਯਾਰਕ ਵਿਖੇ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੋਸਾਇਟੀ ਵਲੋਂ ਆਪਣਾ ਪੰਜਾਬ ਦੇ ਸੀ ਈ ਓ ਤੇ ਵਰਲਡ ਪੰਜਾਬੀ ਮੀਡੀਆ ਕਲੱਬ ਦੇ ਚੇਅਰਮੈਨ ਗੁਰਮੀਤ ਸਿੰਘ ਪਿਛਲੇ 15 ਸਾਲਾਂ ਤੋਂ ਪੰਜਾਬੀਆਂ ਦੀ ਅਵਾਜ ਨੂੰ ਬੁਲੰਦ ਕਰਦਿਆਂ ਅਤੇ ਨਿਰਪੱਖ ਪੱਤਰਕਾਰਤਾ ਚ ਮੁੱਖ ਭੂਮਿਕਾ ਨਿਭਾਉਣ ਕਾਰਨ ਗੋਲਡ ਮੈਡਲ ਨਾਲ ਸਨਮਾਨ ਕੀਤਾ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਹਰਜੀਤ ਸਿੰਘ ਬੇਗੋਵਾਲ ਨੇ ਕਿਹਾ ਕਿ ਸਾਡੇ ਸਮਾਜ 'ਚ ਨਿਰਪੱਖ ਪੱਤਰਕਾਰਤਾ ਦੀ ਜਿਆਦਾ ਲੋੜ ਹੈ। ਇਸਦੀ ਮਿਸਾਲ ਗੁਰਮੀਤ ਸਿੰਘ ਨੇ ਦਿਤੀ ਹੈ ਜਿਨਾਂ ਨੇ ਹਮੇਸ਼ਾ ਹੀ ਸੱਚ ਦਾ ਰਾਹ ਚੁਣਿਆ ਹੈ। ਇਸ ਮੌਕੇ ਕਈ ਪਤਵੰਤੇ ਸੱਜਣਾਂ ਨੇ ਆਪਣੀ ਹਾਜਰੀ ਲਵਾਈ ਜਿਨਾਂ ਵਿਚ ਸਿੱਖ ਕਲਚਰਲ ਸੋਸਾਇਟੀ ਦੇ ਵਾਈਸ ਪ੍ਰਧਾਨ ਕੁਲਵੰਤ ਸਿੰਘ ਮਿਆਣੀ ਅਤੇ ਚੇਅਰਮੈਨ ਰਾਜਿੰਦਰ ਸਿੰਘ ਲਾਲੀ, ਹਿਊਮਨ ਰਾਈਟਸ ਕਮਿਸ਼ਨਰ ਅਤੇ ਸਿੱਖ ਕਲਚਰਲ ਸੋਸਾਇਟੀ ਦੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ, ਸਾਬਕਾ ਪ੍ਰਧਾਨ ਕੁਲਦੀਪ ਸਿੰਘ ਢਿਲੋਂ, ਚੇਤਨ ਸਿੰਘ, ਜਸਵਿੰਦਰ ਸਿੰਘ, ਮਹਿੰਦਰ ਸਿੰਘ ਅਤੇ ਕਸ਼ਮੀਰ ਸਿੰਘ ਹਾਜ਼ਰ ਸਨ। ।






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205,
Total 8 APN number, one lot,
7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.**
**Almost 10 acres paved truck parking with approximately $32000 monthly income.**
**$4,399,000**



Ranjit S Mangat
(Lic: 01922089)

## ਨਵੀਂ ਜਾਂ ਪੁਰਾਣੀ ਜਾਇਦਾਦ
## ਖਰੀਦਣ ਜਾਂ ਵੇਚਣ ਲਈ ਕਾਲ ਕਰੋ

# Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਛੇੜਛਾੜ ਦੇ ਮਾਮਲੇ ਵਿਚ ਇਕ ਭਾਰਤੀ ਵਿਰੁੱਧ ਚੱਲੇਗਾ ਮੁਕੱਦਮਾ

**ਨਿਊਯਾਰਕ /ਹੁਸਨ ਲੜੋਆ ਬੰਗਾ—** ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜ ਲਈ ਕੰਮ ਕਰਦੇ ਇਕ ਭਾਰਤੀ ਨੂੰ ਇਕ ਅਮਰੀਕਨ ਔਰਤ ਨਾਲ ਛੇੜਛਾੜ ਕਰਨ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਇਹ ਜਾਣਕਾਰੀ ਅਸਿਸਟੈਂਟ ਅਟਾਰਨੀ ਜਨਰਲ ਬਰੀਅਨ ਬੈਂਕੋਵਸਕੀ ਨੇ ਦਿੱਤੀ ਹੈ। ਨਿਆਂ ਵਿਭਾਗ ਵੱਲੋਂ ਜਾਰੀ ਰਲੀਜ ਅਨੁਸਾਰ 35 ਸਾਲਾ ਲੋਕੇਸ਼ ਨਾਇਕ ਜੋ ਅਮਰੀਕੀ ਫੌਜ ਲਈ ਠੇਕੇਦਾਰ ਵਜੋਂ ਕੰਮ ਕਰਦਾ ਹੈ, ਨੇ ਅਫਗਾਨਿਸਤਾਨ ਵਿਚ ਆਪਰੇਟਿੰਗ ਬੇਸ ਫੈਂਟੀ ਵਿਖੇ ਇਕ 24 ਸਾਲਾ ਅਮਰੀਕੀ ਲੜਕੀ ਉਪਰ ਮਾੜੀ ਨੀਅਤ ਨਾਲ ਹਮਲਾ ਕੀਤਾ ਸੀ। ਉਸ ਨੂੰ 8 ਨਵੰਬਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਫੈਡਰਲ ਮਜਿਸਟ੍ਰੇਟ ਜੱਜ ਮਾਈਕਲ ਹਾਰਵੇ ਵਾਸ਼ਿੰਗਟਨ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕੀਤਾ। ਅਦਾਲਤ ਨੇ ਉਸ ਨੂੰ ਅਮਰੀਕਾ ਲਿਆਉਣ ਦਾ ਆਦੇਸ਼ ਦਿੱਤਾ। ਜਿਸ ਉਪਰੰਤ ਉਸ ਨੂੰ ਵਾਸ਼ਿੰਗਟਨ ਲਿਆਂਦਾ ਗਿਆ ਹੈ। ਹਾਲਾਂ ਕਿ ਅਪਰਾਧ ਅਫ਼ਗਾਨਿਸਤਾਨ ਵਿਚ ਹੋਇਆ ਹੈ ਪਰ ਵਾਸ਼ਿੰਗਟਨ ਗਰੈਂਡ ਜਿਊਰੀ ਜੋ ਇਕ ਸ਼ਹਿਰੀਆਂ ਦਾ ਹੀ ਪੈਨਲ ਹੈ,ਨੇ ਦੋਸ਼ਾਂ ਦੀ ਜਾਂਚ ਕਰਨ ਉਪਰੰਤ ਸਿੱਟਾ ਕੱਢਿਆ ਸੀ ਕਿ ਦੋਸ਼ੀ ਵਿਰੁੱਧ ਮੁਕੱਦਮਾ ਚਲਾਉਣ ਲਈ ਜਾਹਿਰਾ ਤੌਰ 'ਤੇ ਮਾਮਲਾ ਬਣਦਾ ਹੈ। ਇਥੇ ਵਰਣਨਯੋਗ ਹੈ ਕਿ 'ਮਿਲਟਰੀ ਐਕਸਟਰਾ ਟੈਰੀਟੋਰੀਅਲ ਜੁਰਿਸਡਿਕਸ਼ਨ ਐਕਟ' ਤਹਿਤ ਵਿਦੇਸ਼ਾਂ ਵਿਚ ਅਮਰੀਕੀ ਫੌਜੀ ਟਿਕਾਣਿਆਂ 'ਤੇ ਕੀਤੇ ਅਪਰਾਧ ਲਈ ਅਮਰੀਕਾ ਵਿਚ ਮੁਕੱਦਮਾ ਚਲਾਉਣ ਦੀ ਵਿਵਸਥਾ ਹੈ।

## ਭਾਰਤੀ ਲੜਕੇ ਨੇ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ

**ਸੈਕਰਾਮੈਂਟੋ /ਹੁਸਨ ਲੜੋਆ ਬੰਗਾ—**ਭਾਰਤੀ ਮੂਲ ਦੇ 13 ਸਾਲਾ ਲੜਕੇ ਨੇ ਗੋਲਡਨ-1 ਸੈਂਟਰ ਸੈਕਰਾਮੈਂਟੋ ਕੈਲੀਫੋਰਨੀਆ ਵਿਚ ਸੈਕਰਾਮੈਂਟੋ ਕਿੰਗਜ਼ ਗੇਮ ਦੌਰਾਨ 15000 ਦਰਸ਼ਕਾਂ ਦੇ ਭਾਰੀ ਇਕੱਠ ਸਾਹਮਣੇ ਅਮਰੀਕੀ ਰਾਸ਼ਟਰੀ ਗੀਤ ਦੀ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ। ਉਸ ਨੇ ਇਕ



ਵੱਡੇ ਅਮਰੀਕੀ ਝੰਡੇ ਦੇ ਪਿਛੋਕੜ 'ਚ ਵਾਜਾ ਵਜਾਇਆ। ਨੀਲ ਨਈਅਰ ਨਾਮੀ ਇਸ ਲੜਕੇ ਨੂੰ ਵਿਸ਼ਵ ਭਰ ਦੇ 107 ਸਾਜਾਂ ਨੂੰ ਵਜਾਉਣ ਵਿਚ ਮੁਹਾਰਤ ਹਾਸਲ ਹੈ। ਸੈਕਰਾਮੈਂਟੋ ਕਿੰਗਜ਼ ਦੇ ਮਾਲਕ ਵਿਵੇਕ ਰਾਣਾਦਿਵੇ ਤੇ ਹੋਰ ਵਿਅਕਤੀਆਂ ਨੇ ਨਈਅਰ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਹੈ। ਨਈਅਰ ਨੇ ਇਸ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਉਸ ਲਈ ਅਹਿਮ ਪ੍ਰਾਪਤੀ ਹੈ। ਇਹ ਮੇਰੇ ਤੇ ਮੇਰੇ ਨਾਲ ਜੁੜੇ ਲੋਕਾਂ ਲਈ ਮਹਾਨ ਅਵਸਰ ਹੈ। ਇਕ ਪ੍ਰੈਸ ਰਲੀਜ ਵਿਚ ਕਿਹਾ ਗਿਆ ਹੈ ਕਿ ਨਈਅਰ ਜਦੋਂ 5 ਸਾਲ ਦਾ ਸੀ ਤਾਂ ਉਸ ਨੂੰ ਡਰੱਮ ਵਜਾਉਣ ਲਈ ਚੁਣਿਆ ਗਿਆ ਸੀ। ਉਸ ਸਮੇਂ ਉਸ ਨੇ ਆਪਣੇ ਹੁਨਰ ਨਾਲ ਹਰ ਇਕ ਨੂੰ ਪ੍ਰਭਾਵਿਤ ਕੀਤਾ ਸੀ। ਉਸ ਤੋਂ ਬਾਅਦ ਉਸ ਨੇ ਪਿੱਛੇ ਮੁੜਕੇ ਨਹੀਂ ਵੇਖਿਆ।

# ਸੈਂਟਾ ਕਲੇਰੀਟਾ ਦੇ ਹਾਈ ਸਕੂਲ ਵਿਚ ਸ਼ੂਟਿੰਗ ਦੌਰਾਨ ਦੋ ਵਿਦਿਆਰਥੀਆਂ ਦੀ ਮੌਤ ਤਿੰਨ ਜ਼ਖ਼ਮੀ

**ਸੈਂਟਾ ਕਲੋਰੀਟਾ/ਹੁਸਨ ਲੜੋਆ ਬੰਗਾ** : ਸੈਂਟਾ ਕਲੋਰੀਟਾ ਦੇ ਸੌਗਸ ਹਾਈ ਸਕੂਲ ਵਿਖੇ16 ਸਕਿੰਟ ਦੀ ਹੋਈ ਗੋਲੀਬਾਰੀ ਵਿਚ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਤਿੰਨ ਜ਼ਖਮੀ ਹੋਏ, ਇਸ ਦੌਰਾਨ ਇਹ ਕਾਰਾ ਇਕ ਜਮਾਤੀ ਨੇ ਬੰਦੂਕ ਨਾਲ ਕੀਤਾ। ਜਾਣਕਾਰੀ ਦਿੰਦਿਆਂ ਲਾਸ ਏਂਜਲਸ ਕਾਊਂਟੀ ਸ਼ੈਰਿਫ ਅਲੈਕਸ ਵਿਲੇਨੁਏਵਾ ਨੇ ਦੱਸਿਆ ਕਿ ਗੋਲੀਬਾਰੀ ਸਵੇਰੇ ਸਾਢੇ ਸੱਤ ਵਜੇ ਸ਼ੁਰੂ ਹੋਈ ਜਦੋਂ ਸਕੂਲ ਦੇ ਵਿਦਿਆਰਥੀ ਆਪਣੇ ਪਹਿਲੇ ਪੀਰੀਅਡ ਦੀਆਂ ਕਲਾਸਾਂ ਵਿਚ ਸਨ। ਪੈਰਾਮੇਡੀਕਲ ਜ਼ਖਮੀਆਂ ਦਾ ਇਲਾਜ ਲਈ ਕੈਂਪਸ ਵਿੱਚ ਦਾਖਲ ਹੋਏ ਅਤੇ ਵੱਖ ਵੱਖ ਏਜੰਸੀਆਂ ਦੇ ਅਧਿਕਾਰੀ ਨੇੜਲੇ ਇਲਾਕੇ ਵਿੱਚ ਇੱਕ 16 ਸਾਲਾ ਲੜਕੇ ਦੀ ਤਲਾਸ਼ੀ ਲਈ ਜਿਸ ਬਾਰੇ ਉਨ੍ਹਾਂ ਸੋਚਿਆ ਕਿ ਗੋਲੀ ਚੱਲਣ ਤੋਂ ਬਾਅਦ ਭੱਜ ਗਿਆ ਸੀ। ਅਧਿਕਾਰੀਆਂ ਨੇ ਬਾਅਦ ਵਿਚ ਕਿਹਾ ਕਿ ਸ਼ੱਕੀ, ਜਿਸ ਦੀ ਪਛਾਣ ਗੁਆਂਢੀਆਂ ਅਤੇ ਸ਼ੈਰਿਫ ਦੇ ਅਧਿਕਾਰੀਆਂ ਦੁਆਰਾ ਨਥਨੀਏਲ ਬਰ੍ਹੋ ਵਜੋਂ ਕੀਤੀ ਗਈ ਸੀ, ਅਧਿਕਾਰੀਆਂ ਨੇ ਦੱਸਿਆ ਕਿ ਉਸਨੂੰ ਹਸਪਤਾਲ ਲਿਜਾਇਆ ਗਿਆ ਅਤੇ ਉਹ ਗੰਭੀਰ ਹਾਲਤ ਵਿੱਚ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸ਼ੱਕੀ ਦਾ 16 ਵਾਂ ਜਨਮ ਦਿਨ ਸੀ।



21900 ਸੈਂਚੂਰੀਅਨ ਵੇਅ ਵਿਖੇ ਸਕੂਲ ਦਾ ਦ੍ਰਿਸ਼ ਹਫੜਾ-ਦਫੜੀ ਵਾਲਾ ਸੀ, ਵਿਦਿਆਰਥੀਆਂ ਨੂੰ ਹਥਿਆਰਬੰਦ ਅਧਿਕਾਰੀਆਂ ਦੇ ਪਿੱਛੇ ਇਕ ਲਾਈਨ ਵਿਚ ਲਾ ਕੇ ਬਾਹਰ ਕੱਢਿਆ ਗਿਆ।ਬਹੁਤ ਸਾਰੇ ਜ਼ਖਮੀਆਂ ਦਾ ਇਲਾਜ ਕੈਂਪਸ ਚ ਹੀ ਕੀਤਾ ਗਿਆ ਸੀ ਅਤੇ ਬਦਾ ਚ ਸਕੂਲ ਦੀ ਪਾਰਕਿੰਗ ਵਿੱਚੋਂ ਐਂਬੂਲੈਂਸਾਂ ਵਿੱਚ ਲਿਜਾਇਆ ਗਿਆ।ਦੋ ਵਿਦਿਆਰਥੀਆਂ, ਇੱਕ 16 ਸਾਲਾਂ ਦੀ ਲੜਕੀ ਅਤੇ ਇੱਕ 14 ਸਾਲ ਦਾ ਲੜਕੇ, ਦੀ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ। ਇੱਕ 15 ਸਾਲਾ ਲੜਕੀ, ਇੱਕ 14 ਸਾਲ ਦੀ ਲੜਕੀ ਅਤੇ ਇੱਕ 14 ਸਾਲ ਦਾ ਲੜਕਾ ਉਨ੍ਹਾਂ ਦੇ ਸੱਟਾਂ ਦਾ ਇਲਾਜ ਚਲ ਰਿਹਾ ਹੈ। ਇਕ ਵਿਦਿਆਰਥੀ, ਜੋ ਚੰਗੀ ਹਾਲਤ ਵਿਚ ਚ ਸੀ, ਨੂੰ ਦੁਪਹਿਰ ਤੋਂ ਬਾਦ ਹਸਪਤਾਲ ਤੋਂ ਰਿਹਾ ਕੀਤਾ ਗਿਆ। ਸਥਾਨਕ ਸ਼ੈਰਿਫ ਨੇ ਅੱਜ ਕਿਹਾ ਕਿ ਇਕ 16-ਸਾਲਾ ਲੜਕਾ ਜਿਸ ਨੇ ਆਪਣੇ ਹਾਈ ਸਕੂਲ ਵਿਚ ਗੋਲੀਬਾਰੀ ਕੀਤੀ, ਜਿਸ ਨੇ ਆਪਣੇ ਆਪ ਨੂੰ ਵੀ ਸਿਰ ਵਿਚ ਗੋਲੀ ਮਾਰਨ ਤੋਂ ਪਹਿਲਾਂ ਦੋ ਜਮਾਤੀਆਂ ਦੀ ਹੱਤਿਆ ਕਰ ਦਿੱਤੀ ਅਤੇ ਤਿੰਨ ਹੋਰ ਜ਼ਖਮੀ ਹੋ ਗਏ ।
ਲਾਸ ਏਂਜਲਸ ਕਾਉਂਟੀ ਦੇ ਸ਼ੈਰਿਫ ਐਲੈਕਸ ਵਿਲੇਨੁਏਵਾ ਨੇ ਇਕ ਇੰਟਰਵੀਓ ਦੌਰਾਨ ਸਥਾਨਕ ਮੀਡੀਏ ਨੂੰ ਦੱਸਿਆ ਕਿ ਕਤਲ ਵਿੱਚ ਵਰਤਿਆ ਗਿਆ ਹਥਿਆਰ ਇੱਕ ਕਿੱਟ ਗਨ ਸੀ, ਇਸਦਾ ਕੋਈ ਸੀਰੀਅਲ ਨੰਬਰ ਨਹੀਂ ਸੀ। ਵਿਲੇਨੁਏਵਾ ਨੇ ਕਿਹਾ ਕਿ ਕਿੱਟ ਬੰਦੂਕਾਂ ਕਾਨੂੰਨੀ ਤੌਰ 'ਤੇ ਬੰਦੂਕ ਸ਼ੋਅ ਅਤੇ ਆਨਲਾਈਨ' ਤੇ ਵੇਚੀਆਂ ਜਾਂਦੀਆਂ ਹਨ । ਵਿਲੇਨੁਏਵਾ ਨੇ ਕਿਹਾ ਕਿ ਬਰਹੋ ਦੀ ਮਾਂ ਨੇ ਉਸ ਸਵੇਰੇ ਸਕੂਲ ਤੋਂ ਪਹਿਲਾਂ ਉਸ ਦੇ ਬੈਗ ਵਿਚ ਅੰਗੂਰ ਅਤੇ ਘਰੇਲੂ ਬਣੇ ਕੂਕੀਜ਼ ਪੈਕ ਕੀਤੇ ਸਨ, ਇਸ ਗੱਲ ਦਾ ਸਬੂਤ ਹੈ ਕਿ ਇੱਥੋਂ ਤੱਕ ਕਿ ਮਾਂ ਨੂੰ ਪਤਾ ਨਹੀਂ ਸੀ ਕਿ ਕੀ ਵਾਪਰਨਾ ਹੈ।







MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਜਾਅਲੀ ਸਰਟੀਫੀਕੇਟ

**ਐੱਸ ਆਰ ਲੱਧੜ**
ਆਈ.ਏ.ਐੱਸ. (ਰਿਟਾ.)

ਭਾਰਤ ਵਿੱਚ ਸਦੀਆਂ ਤੋਂ ਪ੍ਰਚਲਤ ਵਰਣ-ਵਿਵਸਥਾ ਅਤੇ ਜਾਤੀ ਅਧਾਰਤ ਭੇਦ-ਭਾਵ ਨੂੰ ਖਤਮ ਕਰਨ ਲਈ ਬਾਬਾ ਸਾਹਿਬ ਅੰਬੇਡਕਰ ਨੇ ਸੰਵਿਧਾਨ ਵਿੱਚ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਦੀ ਤਰੱਕੀ ਲਈ ਕੁਝ ਰਾਖਵਾਂਕਰਨ ਦੇ ਪ੍ਰਾਵਧਾਨ ਕੀਤੇ। ਇਹ ਪ੍ਰਾਵਧਾਨ ਕਾਂਗਰਸ ਅਤੇ ਗਾਂਧੀ ਨਾਲ ਲੰਬੇ ਸੰਘਰਸ਼ ਤੋਂ ਬਾਅਦ ਉਨ੍ਹਾਂ ਪ੍ਰਾਪਤ ਕੀਤੇ। ਪੂਨਾ ਪੈਕਟ ਨੂੰ ਆਪਾਂ ਸਾਰੇ ਜਾਣਦੇ ਹਾਂ। ਕਿਵੇਂ ਲੰਡਨ ਵਿੱਚ ਹੋਈਆਂ ਗੋਲਮੇਜ਼ ਕਾਨਫਰੰਸਾਂ ਤੋਂ ਪ੍ਰਾਪਤ ਡਾ. ਅੰਬੇਡਕਰ ਨੇ ਦਲਿਤਾਂ ਲਈ ਦੋਹਰੀ ਵੋਟ ਅਤੇ ਵੱਖਰੇ ਚੋਣ ਖੇਤਰ ਪ੍ਰਾਪਤ ਕੀਤੇ ਸਨ। ਮੋਹਨ ਦਾਸ ਕਰਮ ਚੰਦ ਗਾਂਧੀ ਨੇ ਅਛੂਤਾਂ ਨੂੰ ਮਿਲੇ ਇਨ੍ਹਾਂ ਅਧਿਕਾਰਾਂ ਦੇ ਵਿਰੁੱਧ ਮਰਨ ਵਰਤ ਰੱਖ ਦਿੱਤਾ। ਸਲਾਹ-ਮਸ਼ਵਰੇ ਤੋਂ ਬਾਅਦ ਪੂਨਾ ਪੈਕਟ ਹੋਇਆ ਅਤੇ ਗਾਂਧੀ ਨੇ ਦਲਿਤਾਂ ਨੂੰ ਰਾਖਵਾਂਕਰਨ ਅਤੇ ਹੋਰ ਜ਼ਿਆਦਾ ਚੋਣ ਖੇਤਰ ਦੇਣੇ ਮੰਨ ਲਏ। ਦਲਿਤਾਂ ਨੇ ਰਾਖਵਾਂਕਰਨ ਲੈਣ ਬਦਲੇ ਬੜੀ ਵੱਡੀ ਕੀਮਤ ਅਦਾ ਕੀਤੀ।

ਅੱਜ ਜਦੋਂ ਨੌਕਰੀਆਂ ਰਾਹੀਂ ਦਲਿਤ ਵਰਗ ਕੁਝ ਉੱਠਣ ਲੱਗਾ ਹੈ ਅਤੇ ਪੜ੍ਹਾਈ-ਲਿਖਾਈ ਦੀ ਬਦੌਲਤ ਦਲਿਤਾਂ ਵਿੱਚ ਕੁਝ ਜਾਗ੍ਰਤੀ ਆਈ ਹੈ ਤਾਂ ਮਨੂੰਵਾਦੀ ਸੋਚ ਦੇ ਮਾਲਕ ਦਲਿਤਾਂ ਨੂੰ ਨੌਕਰੀਆਂ ਵਿੱਚੋਂ ਬਾਹਰ ਕਰਨ ਅਤੇ ਮੁੜ ਮਨੂੰ ਸਮਿਰਤੀ ਲਾਗੂ ਕਰਨ ਦੇ ਹੱਥਕੰਡੇ ਅਪਣਾਉਂਦੇ ਨਜ਼ਰ ਆਉਂਦੇ ਹਨ। ਬੜੀ ਡੂੰਘੀ ਸਾਜ਼ਿਸ਼ ਦੇ ਤਹਿਤ ਉੱਚ ਜਾਤੀਆਂ ਦੇ ਲੋਕ ਰਾਖਵਾਂਕਰਨ ਦਾ ਲਾਭ ਲੈ ਕੇ ਸਦੀਆਂ ਤੋਂ ਲਤਾੜੇ ਅਨੁਸੂਚਿਤ ਜਾਤੀ ਲੋਕਾਂ ਦਾ ਹੱਕ ਖੋਹ ਕੇ ਨੌਕਰੀਆਂ ਅਤੇ ਹੋਰ ਲਾਭ ਪ੍ਰਾਪਤ ਕਰ ਰਹੇ ਹਨ। ਇਸ ਤਰ੍ਹਾਂ ਦਾ ਇੱਕ ਮਾਮਲਾ ਪੈਗ਼ਾਮ ਦੇ ਨੋਟਿਸ ਵਿੱਚ ਆਇਆ ਤਾਂ ਪੈਗ਼ਾਮ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਸ ਮਸਲੇ ਦੀ ਪੜਤਾਲ ਕਰਨ ਦਾ ਫੈਸਲਾ ਕੀਤਾ।

ਪਿੰਡ ਆਲਮਪੁਰ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਦੇ ਇੱਕ ਵਿਅਕਤੀ ਬਲਬੀਰ ਸਿੰਘ ਨੇ ਪੈਗ਼ਾਮ ਦਫਤਰ ਆ ਕੇ ਆਪਣੀ ਕਹਾਣੀ ਬਿਆਨ ਕੀਤੀ ਕਿ ਕਿਵੇਂ ਇੱਕ ਉੱਚ ਜਾਤੀ ਰਾਜਪੂਤ ਨੇ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਾ ਕੇ ਸਰਪੰਚੀ ਜਿੱਤੀ। ਕਿਵੇਂ ਉਸ ਨੇ ਡੀ.ਸੀ. ਪਟਿਆਲਾ ਕੋਲ ਸ਼ਿਕਾਇਤ ਇਸਦੀ ਕੀਤੀ, ਕਿਵੇਂ ਉਸ ਨੇ ਪੰਜਾਬ ਭਲਾਈ ਵਿਭਾਗ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਕੋਲ ਗੇੜੇ ਲਾਏ। ਕਿਵੇਂ ਜ਼ਿਲ੍ਹਾ ਭਲਾਈ ਅਫਸਰ, ਤਹਿਸੀਲ ਭਲਾਈ ਅਫਸਰ ਅਤੇ ਡਾਇਰੈਕਟਰ ਭਲਾਈ ਵਿਭਾਗ ਦਾ ਸੁਪਰਡੰਟ ਮਸੀਹ ਉਸ ਦੇ ਪੈਰ ਨਹੀਂ ਲੱਗਣ ਦੇ ਰਿਹਾ।

ਪੈਗ਼ਾਮ ਦਫਤਰੋਂ ਪ੍ਰਮੁੱਖ ਸਕੱਤਰ, ਭਲਾਈ ਵਿਭਾਗ ਨਾਲ ਫੋਨ ਉੱਤੇ ਗੱਲ ਕੀਤੀ ਗਈ ਕਿ ਕਿਵੇਂ ਇਸ ਸਹੀ ਜਾਪਦੀ ਸ਼ਿਕਾਇਤ ਨੂੰ ਪੜਤਾਲ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇ। ਪ੍ਰਮੁੱਖ ਸਕੱਤਰ, ਸ਼੍ਰੀ ਕ੍ਰਿਪਾ ਸ਼ੰਕਰ ਸਰੋਜ ਅਤੇ ਡਾਇਰੈਕਟਰ ਸ਼੍ਰੀ ਦਵਿੰਦਰ ਸਿੰਘ ਨੇ ਕਾਫੀ ਹਾਂ-ਪੱਖੀ ਵਿਸ਼ਵਾਸ ਦਿਵਾਇਆ ਕਿ ਜਲਦੀ ਹੀ ਪੜਤਾਲ ਕਰਕੇ ਕੋਈ ਨਾ ਕੋਈ ਫੈਸਲਾ ਕੀਤਾ ਜਾਵੇਗਾ। ਪੰਦਰਾਂ-ਵੀਹ ਦਿਨ ਲੰਘ ਜਾਣ ਉੱਤੇ ਵੀ ਜਦੋਂ ਕੋਈ ਕਾਰਵਾਈ ਹੁੰਦੀ ਨਜ਼ਰ ਨਾ ਆਈ ਤਾਂ ਸ਼੍ਰੀ ਕ੍ਰਿਪਾ ਸ਼ੰਕਰ ਸਰੋਜ਼ ਨਾਲ ਫਿਰ ਰਾਬਤਾ ਕਾਇਮ ਕਰਕੇ




ਸੁਝਾਅ ਦਿੱਤਾ ਗਿਆ ਕਿ ਜੇਕਰ ਮਹਿਕਮੇ ਨੂੰ ਕੋਈ ਦਿੱਕਤ ਪੇਸ਼ ਆ ਰਹੀ ਹੈ ਤਾਂ ਕੀ ਪੈਗ਼ਾਮ ਕੋਈ ਮਦਦ ਕਰੇ ? ਸ਼੍ਰੀ ਸਰੋਜ਼ ਨੇ ਝੱਟ ਹਾਂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਸੀਂ ਪੈਗ਼ਾਮ ਵੱਲੋਂ ਕੀਤੀ ਪੜਤਾਲ ਦਾ ਸਵਾਗਤ ਕਰਾਂਗੇ। ਇਹ ਇੱਕ ਪਬਲਿਕ ਇਨਕੁਆਇਰੀ ਹੋਵੇਗੀ, ਜਿਸ ਉੱਤੇ ਮਹਿਕਮਾ ਜ਼ਰੂਰ ਕਾਰਵਾਈ ਕਰੇਗਾ। ਇਸ ਤਰ੍ਹਾਂ 23/10/2019 ਨੂੰ ਪੈਗ਼ਾਮ ਵੱਲੋਂ ਇੱਕ ਟੀਮ ਪਿੰਡ ਆਲਮਪੁਰ ਦੇ ਦੌਰੇ ਵਾਸਤੇ ਰਵਾਨਾ ਹੋਈ। ਇੱਕ ਦਿਨ ਪਹਿਲਾਂ ਡੀ.ਸੀ. ਪਟਿਆਲਾ ਨੂੰ ਫੋਨ ਉੱਤੇ ਬੇਨਤੀ ਕਰ ਦਿੱਤੀ ਗਈ ਕਿ ਪਿੰਡ ਵਿੱਚ ਅਮਨ ਕਾਨੂੰਨ ਪੱਖੋਂ ਧਿਆਨ ਰੱਖਦਿਆਂ ਕੁਝ ਪੁਲਿਸ ਮੁਲਾਜ਼ਮ ਭੇਜ ਦਿੱਤੇ ਜਾਣ। ਮੌਕੇ ਉੱਤੇ ਪੜਤਾਲ ਕਰਨ ਲਈ ਸ਼੍ਰੀ ਐੱਸ.ਆਰ. ਲੱਧੜ, ਸਾਬਕਾ ਆਈ.ਏ.ਐੱਸ., ਸ਼੍ਰੀ ਅਮਰਜੀਤ ਸਿੰਘ ਘੱਗਾ, ਸਾਬਕਾ ਆਈ.ਆਰ.ਐੱਸ., ਬੀਬਾ ਰੂਪੀਤ ਕੌਰ, ਸੀਨੀਅਰ ਪੈਗ਼ਾਮ ਲੀਡਰ ਅਤੇ ਗੌਤਮ ਗਰੀਸ਼ ਪੈਗ਼ਾਮ ਮੈਂਬਰ ਮੌਕਾ ਪੜਤਾਲ ਲਈ ਪਿੰਡ ਆਲਮਪੁਰ ਪਹੁੰਚ ਗਏ। ਪਿੰਡ ਆਲਮਪੁਰ ਪਹੁੰਚ ਕੇ ਊਧਮ ਸਿੰਘ ਰਾਜਪੂਤ ਦੇ ਘਰ ਬੈਠ ਕੇ ਬਿਆਨ ਨੋਟ ਕਰਨੇ ਸ਼ੁਰੂ ਕੀਤੇ। ਊਧਮ ਸਿੰਘ, ਸਾਬਕਾ ਪੰਚ ਨੇ ਆਪਣੀ ਸਵਰਗਵਾਸੀ ਪਤਨੀ ਪ੍ਰਸਿੰਨ ਕੌਰ ਦਾ ਅਨੁਸੂਚਿਤ ਜਾਤੀ ਸਰਟੀਫਿਕੇਟ ਬਣਾਇਆ ਸੀ। ਉਸ ਸਰਟੀਫਿਕੇਟ ਉੱਤੇ ਪ੍ਰਸਿੰਨ ਕੌਰ ਪੰਚ ਬਣੀ। ਆਪਣਾ ਅਸਲੀ ਸਰਟੀਫਿਕੇਟ ਉਸ ਨੇ ਪੈਗ਼ਾਮ ਨੂੰ ਸੌਂਪ ਦਿੱਤਾ। ਊਧਮ ਸਿੰਘ ਰਾਜਪੂਤ, ਸੁਖਬੀਰ ਸਿੰਘ ਰਾਜਪੂਤ (ਪੰਚ), ਹਰਚੰਦ ਸਿੰਘ ਰਾਜਪੂਤ (ਸਰਪੰਚ) ਅਤੇ ਲਖਵਿੰਦਰ ਸਿੰਘ ਜੱਟ (ਨੰਬਰਦਾਰ) ਦੇ ਘਰ ਜਾ ਕੇ ਗਿਆਰਾਂ ਵਿਅਕਤੀਆਂ ਦੇ ਬਿਆਨ ਨੋਟ ਕੀਤੇ ਗਏ। ਇਨ੍ਹਾਂ ਬਿਆਨਾਂ ਤੋਂ, ਕੱਲ੍ਹ ਇਹ ਮੁੱਕਰ ਨਾ ਜਾਣ, ਇਸਦਾ ਖਿਆਲ ਰੱਖਦਿਆਂ ਹੋਇਆਂ ਬਿਆਨ ਕਰਤਾ ਦੇ ਦਸਤਖਤਾਂ ਦੇ ਨਾਲ ਦੋ-ਦੋ ਗਵਾਹਾਂ ਦੇ ਦਸਤਖਤ ਵੀ ਕਰਵਾਏ ਗਏ। ਪਿੰਡ ਦਾ ਚੌਕੀਦਾਰ, ਤਿੰਨ ਪੰਚ ਅਤੇ ਇੱਕ ਸਰਪੰਚ ਅਤੇ ਦੋ ਨੰਬਰਦਾਰਾਂ ਨੇ ਆਪਣੀ ਆਪਣੀ ਮੋਹਰ ਲਾ ਕੇ ਬਿਆਨਾਂ ਨੂੰ ਹੋਰ ਵੀ ਪੁਖਤਾ (ਪੱਕਾ) ਕਰ ਦਿੱਤਾ। ਇਨ੍ਹਾਂ ਬਿਆਨ-ਕਰਤਾਵਾਂ ਵਿੱਚ ਰਾਮਦਾਸੀਆ, ਜੱਟ, ਰਾਜਪੂਤ, ਬਾਲਮੀਕ ਅਤੇ ਕਥਿਤ ਸਿਰਕੀਬੰਦ ਵਿਅਕਤੀਆਂ ਦੇ ਬਿਆਨ ਵੀ ਕਲਮਬੰਦ ਕੀਤੇ ਗਏ। ਸ਼ਿਕਾਇਤ ਕਰਤਾ ਬਲਬੀਰ ਸਿੰਘ ਜਾਣ-ਬੁੱਝ ਕੇ ਇੱਧਰ-ਉੱਧਰ ਰਿਹਾ। ਇਸੇ ਪਿੰਡ ਆਲਮਪੁਰ ਵਿੱਚ ਰਾਜਪੂਤ ਵਰਗ ਦੇ ਲੋਕਾਂ ਨੇ ਸਿਰਕੀਬੰਦ ਜਾਤੀ ਦੇ (ਅ. ਜ.) ਦੇ ਸਰਟੀਫਿਕੇਟ ਕਿਉਂ ਬਣਾਏ, ਇਸ ਪਿੱਛੇ ਇੱਕ ਰੌਚਕ ਕਹਾਣੀ ਸਾਹਮਣੇ ਆਈ।

ਪਿੰਡ ਦੇ ਰਾਜਪੂਤ ਨੰਬਰਦਾਰ ਗੁਰਦੇਵ ਸਿੰਘ ਨੇ ਦੱਸਿਆ ਕਿ ਉਸ ਦਾ ਪਿਓ ਵੀ ਨੰਬਰਦਾਰ ਸੀ। ਉਹ ਆਪ ਬੈਂਕ ਵਿੱਚੋਂ ਮੈਨੇਜਰ ਰਿਟਾਇਰ ਹੋਇਆ ਹੈ। ਉਸ ਨੇ ਦੱਸਿਆ ਕਿ ਫਿਰੋਜ਼ਪੁਰ ਫਾਜ਼ਿਲਕਾ ਵੱਲ ਸਿਰਕੀਬੰਦੀ/ਰਾਏ ਸਿੱਖ ਆਪਣੇ ਆਪ ਨੂੰ ਰਾਜਪੂਤ ਵੰਸ਼ਜ ਵਿੱਚੋਂ ਦੱਸਦੇ ਸਨ। ਪਿੰਡ ਦੇ ਦੋ ਰਾਜਪੂਤ ਭਰਾ ਵਧਾਵਾ ਸਿੰਘ (ਪਟਵਾਰੀ) ਅਤੇ ਸੁਦਾਗਰ ਸਿੰਘ (ਅਧਿਆਪਕ) ਨੇ ਆਪਣੇ ਭਾਣਜਿਆਂ ਜਸਵੰਤ ਸਿੰਘ ਅਤੇ ਸੁਖਦੇਵ ਸਿੰਘ ਦੋਵਾਂ ਦੇ ਸਿਰਕੀਬੰਦ (ਅ. ਜ.) ਦੇ ਸਰਟੀਫਿਕੇਟ ਬਣਵਾ ਕੇ ਦਿੱਤੇ ਅਤੇ ਉਹ ਨੌਕਰੀ ਕਰ ਕੇ ਸੇਵਾ-ਮੁਕਤ ਵੀ ਹੋ ਗਏ ਹਨ। ਉਨ੍ਹਾਂ ਨੂੰ ਵੇਖਾ-ਵੇਖੀ ਸਿਰਕੀਬੰਦੀ ਜਾਤੀ ਦੇ ਸਿਰਟੀਫਿਕੇਟ ਬਣਾਉਣ ਦਾ ਕੰਮ ਅਜਿਹਾ ਚੱਲਿਆ ਕਿ 2011 ਅਤੇ 2001 ਦੀ ਜਨਗਣਨਾ ਰਿਪੋਰਟ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਏ। ਜਨਗਣਨਾ ਡਾਇਰੈਕਟਰ ਨੇ 24/10/2019 ਨੂੰ ਲਿਖਤੀ ਰਿਪੋਰਟ ਦਿੱਤੀ ਕਿ ਪਿੰਡ ਦੀ ਅਬਾਦੀ 2001 ਵਿੱਚ 1171 ਸੀ ਜੋ 2011 ਵਿੱਚ ਵਧ ਕੇ 1219 ਹੋ ਗਈ। ਇੰਝ ਪਿੰਡ ਦੀ ਅਬਾਦੀ ਵਿੱਚ 48 ਵਿਅਕਤੀਆਂ ਦਾ ਵਾਧਾ ਹੋਇਆ। ਪਰ ਅ. ਜ. ਦੇ ਵਿਅਕਤੀਆਂ ਦੀ ਅਬਾਦੀ 2001 ਵਿੱਚ 288 ਸੀ ਅਤੇ 2011 ਵਿੱਚ ਇਹ ਅਬਾਦੀ ਵਧ ਕੇ 818 ਹੋ ਗਈ। ਇੰਝ ਅ. ਜ. ਦੀ ਅਬਾਦੀ ਵਿੱਚ 530 ਵਿਅਕਤੀਆਂ ਦਾ ਵਾਧਾ ਹੋਇਆ। ਇਸੇ ਤਰ੍ਹਾਂ ਆਮ ਸ਼੍ਰੇਣੀ (ਜਨਰਲ ਵਰਗ) ਦੀ ਅਬਾਦੀ 482 ਘੱਟ ਹੋ ਗਈ। ਇਨ੍ਹਾਂ ਤੱਥਾਂ ਨੇ ਪਿੰਡ ਵਿੱਚ ਹੋਈ ਪੜਤਾਲ ਨੂੰ ਸੂਰਜ ਦੀ ਰੋਸ਼ਨੀ ਵਾਂਗ ਨੰਗਾ-ਚਿੱਟਾ ਕਰ ਦਿੱਤਾ। ਸਰਪੰਚ ਹਰਚੰਦ ਸਿੰਘ ਅਤੇ ਪੰਚ ਸੁਖਬੀਰ ਸਿੰਘ, ਜਿਨ੍ਹਾਂ ਨੇ ਚੋਣਾਂ ਰਾਜਪੂਤ ਹੁੰਦਿਆਂ ਅ. ਜ. (ਸਿਰਕੀਬੰਦੀ) ਸਰਟੀਫਿਕੇਟ ਉੱਤੇ ਲੜੀਆਂ ਅਤੇ ਜਿੱਤੀਆਂ ਸਨ, ਬੇ-ਨਕਾਬ ਹੋ ਗਏ।

ਮਿਤੀ 29/10/2019 ਨੂੰ ਡਾਇਰੈਕਟਰ ਅਤੇ ਪ੍ਰਮੁੱਖ ਸਕੱਤਰ ਨੂੰ ਮਿਲ ਕੇ ਰਿਪੋਰਟ ਅਗਲੀ ਕਾਰਵਾਈ ਲਈ ਸੌਂਪ ਦਿੱਤੀ ਗਈ। ਪੰਜਾਬ ਸਰਕਾਰ ਵੱਲੋਂ ਅਜਿਹੇ ਕੇਸਾਂ ਨਾਲ ਨਜਿੱਠਣ ਲਈ ਦੋ ਕਮੇਟੀਆਂ ਬਣਾਈਆਂ ਹੋਈਆਂ ਹਨ, ਜਿਨ੍ਹਾਂ ਦੀਆਂ ਨੋਟੀਫਿਕੇਸ਼ਨ ਦੀਆਂ ਕਾਪੀਆਂ ਪਾਠਕਾਂ ਦੀ ਜਾਣਕਾਰੀ ਹਿਤ ਨਾਲ ਛਾਪ ਰਹੇ ਹਾਂ। ਮੌਜੂਦਾ ਜਾਣਕਾਰੀ ਮੁਤਾਬਿਕ ਮਹਿਕਮੇ ਦੇ ਜ਼ਿਲ੍ਹਾ ਭਲਾਈ ਅਫਸਰ ਨੇ ਵੀ ਕੁਲ ਸੱਤ ਰਾਜਪੂਤਾਂ ਦੇ ਸਰਟੀਫਿਕੇਟ ਰੱਦ ਕਰਨ ਸਬੰਧੀ ਆਪਣੀ ਰਿਪੋਰਟ ਭੇਜ ਦਿੱਤੀ ਹੈ। ਸਰਕਾਰ ਵੱਲੋਂ ਨਿਰਧਾਰਤ ਵਿਧੀ ਅਪਣਾਉਂਦੇ ਹੋਏ ਅਗਲੀ ਕਾਰਵਾਈ ਦੀ ਉਡੀਕ ਕੀਤੀ ਜਾ ਰਹੀ ਹੈ। ਜੇਕਰ ਜਾਅਲੀ ਸਰਟੀਫਿਕੇਟ ਰੱਦ ਹੁੰਦੇ ਹਨ ਤਾਂ ਜਾਅਲੀ ਸਰਟੀਫਿਕੇਟ ਬਣਾਉਣ ਵਾਲਿਆਂ ਦੇ ਖਿਲਾਫ ਐੱਫ.ਆਈ.ਆਰ. ਹੋਵੇਗੀ, ਅਦਾਲਤ ਵਿੱਚ ਕੇਸ ਚੱਲੇਗਾ ਅਤੇ ਸੱਤ ਸਾਲ ਤੱਕ ਸਜ਼ਾ ਹੋ ਸਕਦੀ ਹੈ। ਪੈਗ਼ਾਮ ਨੂੰ ਅਜਿਹੀ ਜਾਣਕਾਰੀ ਵੀ ਮਿਲੀ ਹੈ ਕਿ ਕੁਝ ਅਜਿਹੇ ਹੀ ਜਾਅਲੀ ਸਰਟੀਫਿਕੇਟਾਂ ਉੱਤੇ ਅਧਾਰਤ ਕੁਝ ਲੋਕ ਡੀਐਸਪੀ, ਆਈਐਫਐਸ ,ਸਾਬਕਾ ਜੱਜ ,ਪੀਸੀਐਸ ਵੀ ਲੱਗ ਚੁੱਕੇ ਹਨ। ਪੈਗ਼ਾਮ ਇੱਕ ਕੇਸ ਨੂੰ ਸਿਰੇ ਲਾ ਕੇ ਅਗਾਂਹ ਚੱਲੇਗੀ। ਪੈਗ਼ਾਮ ਸੰਸਥਾ ਆਪਣਾ ਫਰਜ਼ ਪੂਰਾ ਕਰਨ ਲਈ ਵਚਨਬੱਧ ਹੈ ਅਤੇ ਗਰੀਬ ਅਨੁਸੂਚਿਤ ਜਾਤੀਆਂ ਦਾ ਹੱਕ ਸੰਵਿਧਾਨ ਮੁਤਾਬਕ ਉਨ੍ਹਾਂ ਨੂੰ ਮਿਲੇ, ਇਸ ਲਈ ਪੂਰੀ ਜੱਦੋ-ਜਹਿਦ ਕਰੇਗੀ।

## ਪਛੜੀਆਂ ਸ਼੍ਰੇਣੀਆਂ ਦੇ ਮਸਲੇ

1. ਪੰਜਾਬ ਵਿੱਚ ਪਛੜੀਆਂ ਸ਼੍ਰੇਣੀਆਂ ਦੀਆਂ 68 ਜਾਤੀਆਂ ਹਨ ਜੋ ਕੁਲ ਵਸੋਂ ਦਾ ਲਗਭਗ ਇੱਕ ਤਿਹਾਈ ਹਨ (35%)।
2. ਪੰਜਾਬ ਦੀਆਂ ਪਛੜੀਆਂ ਸ਼੍ਰੇਣੀਆਂ ਦੇ ਲੋਕ ਕਿਰਤੀ ਅਤੇ ਮਿਹਨਤਕਸ਼ ਹਨ ਜਿਨ੍ਹਾਂ ਨਾਲ ਜ਼ਬਰਦਸਤ ਵਿਤਕਰਾ ਹੋ ਰਿਹਾ ਹੈ ਅਤੇ ਇਸ ਵਿਤਕਰੇ ਦਾ ਉਨ੍ਹਾਂ ਨੂੰ ਗਿਆਨ ਵੀ ਨਹੀਂ।
3. ਸੰਵਿਧਾਨ ਵਿੱਚ ਮਿਲੇ ਅਧਿਕਾਰਾਂ ਨੂੰ ਸਮੇਂ ਦੀ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਬੜੀ ਹੁਸ਼ਿਆਰੀ ਨਾਲ ਦਰ ਕਿਨਾਰ ਕਰਦੀ ਆ ਰਹੀ ਹੈ ਅਤੇ ਉਨ੍ਹਾਂ ਦਾ ਬਣਦਾ ਸੰਵਿਧਾਨਿਕ ਹੱਕ ਮਨੂੰਵਾਦੀ ਲੋਕਾਂ ਵੱਲੋਂ ਖੋਹਿਆ ਜਾ ਰਿਹਾ ਹੈ। ਪਛੜੀਆਂ ਸ਼੍ਰੇਣੀਆਂ ਦੇ ਲੀਡਰ ਕੁਰਸੀਆਂ ਤੱਕ ਸੀਮਤ ਹੋ ਕੇ ਖੁਦਗਰਜ਼ੀ ਦਾ ਮੁਜ਼ਾਹਰਾ ਕਰਦੇ ਹਨ ਅਤੇ ਆਪਣੇ ਸਮਾਜ ਦੀ ਅਜ਼ਾਦੀ ਅਤੇ ਤਰੱਕੀ ਲਈ ਕੋਈ ਵੀ ਯਤਨ ਕਰਦੇ ਨਜ਼ਰ ਨਹੀਂ ਆਉਂਦੇ।
4. ਪੰਜਾਬ ਦੀ ਵਸੋਂ ਮੁਤਾਬਿਕ ਪਛੜੀਆਂ ਸ਼੍ਰੇਣੀਆਂ ਦੇ ਘੱਟੋ-ਘੱਟ 40 ਐੱਮ.ਐੱਲ.ਏਜ਼. ਹੋਣੇ ਚਾਹੀਦੇ ਹਨ ਪਰ ਸਿਰਫ 9 ਹਨ ਜੋ ਆਪਣੇ ਬਲਬੂਤੇ ਉੱਤੇ ਚੋਣਾ ਲੜ ਕੇ ਜਿੱਤੇ ਹਨ। ਕੈਬਨਿਟ ਦੇ 18 ਮੰਤਰੀਆਂ ਸਮੇਤ ਮੁੱਖ ਮੰਤਰੀ, ਸਪੀਕਰ ਅਤੇ ਡਿਪਟੀ ਸਪੀਕਰ ਦੀ ਇੱਕ ਪੋਸਟ ਪਛੜੀ ਸ਼੍ਰੇਣੀ ਦੇ ਕਿਸੇ ਨੇਤਾ ਨੂੰ ਨਹੀਂ ਦਿੱਤੀ ਗਈ। ਵਸੋਂ ਮੁਤਾਬਿਕ ਘੱਟੋ-ਘੱਟ 6 ਮੰਤਰੀ ਪਛੜੀ ਸ਼੍ਰੇਣੀ ਵਿੱਚੋਂ ਹੋਣੇ ਚਾਹੀਦੇ ਹਨ।
5. ਸਮੇਂ ਦੀ ਕੇਂਦਰ ਸਰਕਾਰ ਨੇ ਵੀ ਸੰਵਿਧਾਨ ਦੀ ਪ੍ਰਾਵਧਾਨ ਧਾਰਾ 340 ਤਹਿਤ ਕਈ ਦਹਾਕੇ ਪਛੜੀਆਂ ਸ਼੍ਰੇਣੀਆਂ ਕਮਿਸ਼ਨ ਹੀ ਗਠਿਤ ਨਹੀਂ ਕੀਤਾ। ਜੇਕਰ ਕੀਤਾ ਤਾਂ ਖਿੱਚਦੇ ਖਿੱਚਦੇ 1990 ਤੱਕ ਕਮਿਸ਼ਨ ਦੀ ਰਿਪੋਰਟ ਲਾਗੂ ਨਹੀਂ ਕੀਤੀ। ਵੀ.ਪੀ. ਸਿੰਘ ਸਰਕਾਰ ਨੇ ਮੰਡਲ ਕਮਿਸ਼ਨ ਲਾਗੂ ਕੀਤਾ ਤਾਂ ਸੁਪਰੀਮ ਕੋਰਟ ਨੇ ਰੋਕ ਲਾ ਦਿੱਤੀ ਅਤੇ 1992 ਵਿੱਚ 52% ਪਛੜੀਆਂ ਸ਼੍ਰੇਣੀਆਂ ਨੂੰ 27% ਰਾਖਵਾਂਕਰਨ ਦੇਣ ਲਈ ਸੀਮਾ ਨਿਯਤ ਕਰ ਦਿੱਤੀ।
6. ਪੰਜਾਬ ਸਰਕਾਰ ਨੇ ਆਰਥਿਕ ਤੌਰ ਉੱਤੇ ਪਛੜੇ ਲੋਕਾਂ ਲਈ 10% ਰਾਖਵਾਂਕਰਨ ਤਾਂ ਫਟਾਫਟ ਕੇਂਦਰ ਦੀ ਤਰਜ ਉੱਤੇ ਲਾਗੂ ਕਰ ਦਿੱਤਾ ਪਰ ਮੰਡਲ ਕਮਿਸ਼ਨ ਦੀ ®23 ਲੋਕਾਂ ਲਈ ਕੀਤੀ ਸਿਫਾਰਸ਼ ਅੱਜ ਤੱਕ ਲਾਗੂ ਨਹੀਂ ਕੀਤੀ। ਜੇਕਰ 27% ਰਾਖਵਾਂਕਰਨ ਵੀ ਦੇ ਦਿੱਤਾ ਜਾਂਦਾ ਤਾਂ ਪਛੜੀਆਂ ਸ਼੍ਰੇਣੀਆਂ ਦੇ ਬੱਚੇ ਡਾਕਟਰ, ਇੰਜਨੀਅਰ, ਪੀ.ਸੀ.ਐੱਸ. ਅਤੇ ਹੋਰ ਪੜ੍ਹਾਈ ਦੇ ਖੇਤਰ ਵਿੱਚ ਅੱਗੇ ਲੰਘ ਜਾਂਦੇ ਪਰ ਇਹ ਮਨੂੰਵਾਦੀ ਲੀਡਰ, ਜੋ ਬਾਬਾ ਨਾਨਕ ਦਾ 550ਵਾਂ ਗੁਰਪੁਰਬ ਤਾਂ ਮਨਾ ਰਹੇ ਹਨ ਪਰ ਆਪਣੀ ਕਰਨੀ ਰਾਹੀਂ ਭਾਈ ਲਾਲੋ ਦੀ ਜਗ੍ਹਾ ਮਲਕ ਭਾਗੋ ਦਾ ਹਲਵਾ ਮੰਡਾ ਸਾਂਝਾ ਕਰਦੇ ਨਜ਼ਰ ਆਉਂਦੇ ਹਨ।
7. ਕੀ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਨੇ ਪਛੜੀਆਂ ਸ਼੍ਰੇਣੀਆਂ ਸਮਾਜ ਨੂੰ ਸਿਰਫ ਵੋਟ ਬੈਂਕ ਦੇ ਤੌਰ ਉੱਤੇ ਹੀ ਵਰਤਿਆ ਹੈ ? ਕੀ ਪਛੜੀਆਂ ਸ਼੍ਰੇਣੀਆਂ ਸਮਾਜ ਦਾ ਭਲਾ ਇਹ ਰਵਾਇਤੀ ਪਾਰਟੀਆਂ ਕਰਨਗੀਆਂ ? ਇਹ ਪ੍ਰਸ਼ਨ ਅੱਜ ਹਰ ਪੜ੍ਹੇ-ਲਿਖੇ ਪਛੜੀ ਸ਼੍ਰੇਣੀ ਦੇ ਸੂਝਵਾਨ ਵਿਅਕਤੀ ਨੂੰ ਆਪ ਆਪਣੇ ਕੋਲੋਂ ਅਤੇ ਆਪਣੇ ਉਨ੍ਹਾਂ ਲੀਡਰਾਂ ਤੋਂ ਪੁੱਛਣਾ ਚਾਹੀਦਾ ਹੈ, ਜਿਨ੍ਹਾਂ ਦੀ ਜ਼ਮੀਰ ਜ਼ਿੰਦਾ ਹੋਵੇ। ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਜਾਉਣ ਵੇਲੇ ਕਿਨ੍ਹਾਂ ਲੋਕਾਂ ਨੂੰ ਆਪਣੇ ਜਾਨਸ਼ੀਨ ਨਿਯੁਕਤ ਕੀਤਾ ਸੀ। ਉਹ ਕੌਣ ਲੋਕ ਸਨ ਜੋ ਆਪਣਾ ਸੀਸ ਭੇਟ ਕਰਕੇ ਪੰਜ ਪਿਆਰੇ ਬਣਨ ਲਈ ਤਿਆਰ ਹੋਏ ਸਨ ? ਕੀ ਉਹੀ ਕੁਰਬਾਨੀ ਦਾ ਜਜ਼ਬਾ, ਕੀ ਉਹੀ ਗੁਰੂ ਦੇ ਦੱਸੇ ਰਾਹ ਉੱਤੇ ਚੱਲਣ ਦੀ ਹਿੰਮਤ ਅੱਜ ਵੀ ਉਨ੍ਹਾਂ ਵਿੱਚ ਹੈ ? ਪੈਗ਼ਾਮ ਸੰਸਥਾ ਨੂੰ ਮਹਾਤਮਾ ਜੋਤੀਬਾ ਫੂਲੇ (ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਗੁਰੂ) ਅਤੇ ਡਾ. ਅੰਬੇਡਕਰ ਦੇ ਵਿਚਾਰਾਂ ਅਨੁਸਾਰ, ਦੇਸ਼ ਦੇ ਸੰਵਿਧਾਨ ਮੁਤਾਬਿਕ ਪੂਰੇ ਦੇਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ਵਾਲਾ ਸਮਾਜ ਸਿਰਜਣਾ ਚਾਹੀਦਾ ਹੈ। ਕੀ ਅਜਿਹੀ ਸੰਸਥਾ ਨਾਲ ਜੁੜ ਕੇ ਆਪਾਂ ਗੁਰੂਆਂ ਦੇ ਦੱਸੇ ਮਾਰਗ ਦੇ ਪਾਂਧੀ ਨਹੀਂ ਬਣ ਰਹੇ ? ਪੰਜਾਬ ਦੀ 70% ਐੱਸ.ਸੀ. ਅਤੇ ਓ.ਬੀ.ਸੀ. ਵਸੋਂ ਕੀ ਆਪਣਾ ਹੱਕ ਲੈਣ ਲਈ ਸੰਵਿਧਾਨ ਨਿਰਮਾਤਾ, ਔਰਤਾਂ, ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਸ਼੍ਰੇਣੀਆਂ ਅਤੇ ਦਲਿਤਾਂ ਦੇ ਮਸੀਹੇ ਡਾ. ਅੰਬੇਡਕਰ ਦਾ ਦਿੱਤਾ ਹੋਇਆ ਮੂਲ ਮੰਤਰ ਪੜ੍ਹੋ, ਜੁੜੋ, ਅਤੇ ਸੰਘਰਸ਼ ਕਰੋ ਨੂੰ ਸਮਝ ਕੇ ਅਮਲ ਕਰਨਗੀਆਂ ?

ਬਾਕੀ ਸ

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ਼ਤਾਬਦੀ ਵਰ੍ਹਾ

**ਇਕਵਾਕ ਸਿੰਘ ਪੱਟੀ**

ਸਮੁੱਚੇ ਸਿੱਖ ਪੰਥ ਦੀ ਸਿਮਰੌਰ ਸੰਸਥਾ ਦਾ ਮਾਣ ਹਾਸਲ ਕਰਨ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਲਦੀ ਹੀ ਆਪਣੇ ਸੌ ਸਾਲ ਪੂਰੇ ਕਰਨ ਜਾ ਰਹੀ ਹੈ। 99 ਸਾਲ ਪਹਿਲਾਂ ਗੁਰਦੁਆਰਾ ਪ੍ਰਬੰਧਾਂ ਅਤੇ ਗੁਰੂ ਘਰਾਂ ਵਿੱਚ ਗੁਰਮਤਿ ਮਰਿਯਾਦਾ ਬਹਾਲ ਕਰਵਾਉਣ ਲਈ ਅਨੇਕਾਂ ਸਿੱਖਾਂ ਦੀਆਂ ਕੁਰਬਾਨੀਆਂ ਸਦਕਾ 15 ਨਵੰਬਰ 1920 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਸੀ। ਭਾਵੇਂ ਕਿ ਸ਼੍ਰੋਮਣੀ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਗੁਰਦੁਆਰਾ ਸੁਧਾਰ ਲਹਿਰ, ਚੀਫ ਖਾਲਸਾ ਦੀਵਾਨ, ਖਾਲਸਾ ਕਾਲਜ, ਖਾਲਸਾ/ਗੁਰਮੁਖੀ ਅਖਬਾਰ, ਅਕਾਲੀ ਅਖਬਾਰ, ਸਿੰਘ ਸਭਾ ਲਹਿਰ ਅੰਮ੍ਰਿਤਸਰ/ਲਾਹੌਰ, ਕੇਂਦਰੀ ਗੁਰੂ ਸਿੰਘ ਸਭਾ ਵਰਗੀਆਂ ਸੰਸਥਾਵਾਂ, ਸਿੱਖ ਬੁਧੀਜੀਵੀ/ਲੇਖਕ, ਵਿਦਵਾਨ ਅਤੇ ਸੁਚੇਤ ਸਿੱਖ ਪੂਰੀ ਸੰਜੀਦਗੀ ਅਤੇ ਗੰਭੀਰਤਾ ਨਾਲ ਪੰਥ ਨੂੰ ਚੜ੍ਹਦੀ ਕਲਾ ਵੱਲ ਲਿਜਾਣ ਵਾਸਤੇ ਜਤਨ ਕਰਨ ਰਹੇ ਸਨ। ਕਿਉਂਕਿ ਇਹ ਅਜਿਹਾ ਸਮਾਂ ਸੀ ਜਦੋਂ ਇੱਕ ਪਾਸੇ ਤਾਂ ਦੇਸ਼ ਗੁਲਾਮੀ ਦੀ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਸੀ ਅਤੇ ਦੂਜਾ ਅੰਗਰੇਜ ਹਕੂਮਤ ਵੱਲੋਂ ਸਿੱਖਾਂ ਦੇ ਧਾਰਮਿਕ ਅਸਥਾਨਾਂ ਤੇ ਨਿਯੁਕਤ ਕੀਤੇ ਹੋਏ ਸਰਬਰਾਹ ਆਪਣੀਆਂ ਮਨ-ਮਾਨੀਆਂ ਰਹੀਆਂ ਸਿੱਖ ਸੰਗਤਾਂ ਦੇ ਹਿਰਦੇ ਵਲੂੰਧੂਰ ਰਹੇ ਸਨ।

ਅੰਮ੍ਰਿਤਸਰ ਸ਼ਹਿਰ ਅੰਦਰ ਅਪ੍ਰੈਲ 1919 ਦੀ ਵਿਸਾਖੀ ਵੇਲੇ ਵਾਪਰੇ ਸਾਕੇ ਜਲ੍ਹਿਆਂ ਵਾਲਾ ਬਾਗ ਨੂੰ ਭੁੱਲ ਜਾਣਾ ਅਸਾਨ ਨਹੀਂ ਸੀ ਅਤੇ ਇੱਕ ਚੀਸ ਬਣ ਕੇ ਹਰ ਭਾਰਤੀ ਦੇ ਦਿਲ ਦਿਮਾਗ ਅੰਦਰ ਵੱਸਿਆ ਹੋਇਆ ਸੀ। ਅੰਗ੍ਰੇਜ ਹਕੂਮਤ ਹਰ ਤਰ੍ਹਾਂ ਦੇ ਡਰਾਵੇ, ਜ਼ਬਰਦਸਤੀ ਅਤੇ ਕਤਲੋਗਾਰਤ ਰਾਹੀਂ ਭਾਰਤੀ ਮਨਾਂ ਅੰਦਰ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਪੱਖ ਤੋਂ ਆਪਣੀ ਪਕੜ ਬਣਾ ਕੇ ਰੱਖਣਾ ਚਾਹੁੰਦੀ ਸੀ। ਇਹੀ ਕਾਰਣ ਸੀ ਕਿ ਹਕੂਮਤ ਨੂੰ ਇਹ ਕਦਾਚਿਤ ਬਰਦਾਸ਼ਤ ਨਹੀਂ ਸੀ ਕਿ ਗੁਰਦੁਆਰਾ ਪ੍ਰਬੰਧ ਕਿਸੇ ਹੋਰ ਅਜ਼ਾਦ ਲੋਕਲ ਕਮੇਟੀ ਦੇ ਹੱਥਾਂ ਵਿੱਚ ਚਲਿਆ ਜਾਵੇ ਜੋ ਸਿੱਖਾਂ ਨੂੰ ਇੱਕਜੁੱਟ ਕਰਨ ਵਿੱਚ ਮੱਦਦ ਕਰ ਸਕੇ। ਸਿੰਘ ਸਭਾ ਲਹਿਰ ਦੀ ਕਾਇਮੀ ਤੋਂ ਬਾਅਦ ਜਦ ਸਿੱਖ ਆਗੂਆਂ ਵੱਲੋਂ ਸਰਕਾਰ ਤੱਕ ਪਹੁੰਚ ਕਰਕੇ ਗੁਰਦੁਆਰਾ ਪ੍ਰਬੰਧ ਅਧੀਨ ਆ ਰਹੀਆਂ ਵੱਡੀਆਂ ਖਾਮੀਆਂ ਨੂੰ ਖ਼ਤਮ ਕਰਕੇ ਪ੍ਰਬੰਧ ਆਪਣੇ ਹੱਥਾਂ ਵਿੱਚ ਲੈਣ ਦੀ ਗੱਲ ਭਾਰਤ ਦੇ ਵਾਇਸਰਾਏ ਲਾਰਡ ਰਿੱਪਨ ਤੱਕ ਪੁੱਜੀ ਤਾਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਆਰ.ਈ. ਈਗਰਟਨ ਨੇ ਵਾਇਸਰਾਏ ਨੂੰ ਚਿੱਠੀ ਰਾਹੀਂ ਖ਼ਬਰਦਾਰ ਕਰਦਿਆਂ ਲਿਖਿਆ ਸੀ, 'ਮੇਰਾ ਖ਼ਿਆਲ ਹੈ ਕਿ ਸਿੱਖ ਗੁਰਦੁਆਰਿਆਂ ਦਾ ਇੰਤਜ਼ਾਮ ਇੱਕ ਅਜਿਹੀ ਕਮੇਟੀ, ਜੋ ਸਰਕਾਰ ਦੇ ਕੰਟਰੋਲ ਤੋਂ ਅਜ਼ਾਦ ਹੋਵੇ, ਦੇ ਹੱਥਾਂ ਵਿੱਚ ਦੇਣਾ, ਸਿਆਸੀ ਪੱਖ ਤੋਂ ਖ਼ਤਰਨਾਕ ਹੋਵੇਗਾ ਅਤੇ ਮੈਂ ਉਮੀਦ ਕਰਦਾ ਹਾਂ ਕਿ ਜਨਾਬ ਅਜਿਹੇ ਹੁਕਮ ਜਾਰੀ ਕਰਵਾਉਣ ਵਿੱਚ ਮਦਦਗਾਰ ਹੋਣਗੇ, ਜਿਸ ਨਾਲ ਪਿਛਲੇ 30 ਸਾਲ ਤੋਂ ਕਾਮਯਾਬੀ ਨਾਲ ਚਲਦਾ ਇੰਤਜ਼ਾਮ ਜਾਰੀ ਰਹੇਗਾ।' ਚਿੱਠੀ ਵਿੱਚ ਲਿਖੀ ਉਪਰੋਕਤ ਇਬਾਰਤ ਇਹ ਸਾਬਤ ਕਰਦੀ ਹੈ ਕਿ ਅੰਗ੍ਰੇਜ ਹਕੂਮਤ ਕਦੇ ਵੀ ਨਹੀਂ ਸੀ ਚਾਹੁੰਦੀ ਕਿ ਗੁਰਦੁਆਰਾ ਪ੍ਰਬੰਧ ਸਿੱਖਾਂ ਦੇ ਹੱਥਾਂ ਵਿੱਚ ਚਲਿਆ ਜਾਵੇ। ਕਿਉਂਕਿ ਇਸ ਨਾਲ ਸਿੱਖਾਂ ਨੂੰ ਜਿੱਥੇ ਇੱਕ ਪਲੇਟਫਾਰਮ ਮੁਹੱਈਆ ਹੁੰਦਾ ਸੀ, ਉੱਥੇ ਸਮੁੱਚੇ ਪੰਥ ਵਿੱਚ ਏਕਾ ਪੈਦਾ ਕਰਕੇ ਇੱਕ ਵੱਡੀ ਸ਼ਕਤੀ ਬਣਨ ਦਾ ਇਸ਼ਾਰਾ ਵੀ ਕਰਦਾ ਸੀ।



ਉਸ ਵੇਲੇ ਗੁਰਦੁਆਰਾ ਪ੍ਰਬੰਧ ਵਿੱਚ ਗੰਭੀਰ ਅਤੇ ਆਚਰਣਹੀਣੀਆਂ ਕਰਵਾਈਆਂ ਜ਼ੋਰ ਫੜਦੀਆਂ ਜਾ ਰਹੀਆਂ ਸਨ। ਸ਼ਰਧਾਲੂਆਂ ਨਾਲ ਬਦਸਲੂਕੀ, ਗੁਰ ਮਰਿਯਾਦਾ ਦਾ ਘਾਣ, ਗੁਰਦੁਆਰਿਆਂ ਨੂੰ ਨਿੱਜੀ ਜਾਇਦਾਦ ਮੰਨ ਕੇ ਆਪਹੁਦਰੀਆਂ ਕਰਨਾ, ਮਾਇਆ ਦੀ ਹੋਣ ਵਾਲੀ ਚੜ੍ਹਤ/ਆਮਦਨੀ ਦੇ ਨਾਂ ਲੜਾਈ ਝਗੜੇ ਅਤੇ ਭ੍ਰਿਸ਼ਟਾਚਾਰ ਆਦਿ ਆਮ ਗੱਲਾਂ ਹੋ ਗਈਆਂ ਸਨ। ਅਕਾਲੀ ਅਖਬਾਰ ਦੀ ਸ਼ੁਰੂਆਤ ਕਾਰਣ ਉਸ ਵਿੱਚ ਛਪ ਰਹੇ ਮਜ਼ਮੂਨ/ਲੇਖ ਅਤੇ ਅਪੀਲਾਂ ਸਿੱਖ ਮਨਾਂ ਉੱਤੇ ਗਹਿਰਾ ਅਸਰ ਕਰ ਰਹੀਆਂ ਸਨ ਅਤੇ ਸਮੁੱਚਾ ਪੰਥ ਆਪ ਮੁਹਾਰੇ ਇੱਕ ਮੁੱਠ ਹੁੰਦਾ ਜਾ ਰਿਹਾ ਸੀ। ਸ਼੍ਰੋਮਣੀ ਕਮੇਟੀ ਦੇ ਜਨਮ ਤੋਂ ਬਾਅਦ ਸਮੁੱਚਾ ਪੰਥ ਇੱਕ ਤੌਰ ਤੇ ਇੱਕ ਮੰਚ ਪੁਰ ਇਕੱਠਾ ਹੋਣ ਲੱਗਿਆ ਅਤੇ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿੱਚ ਲੈ ਕੇ, ਗੁਰਮਰਿਯਾਦਾ ਦੀ ਬਹਾਲੀ ਲਈ ਇੱਕ ਲੰਮਾ ਸਮਾਂ ਜਦੋਜਹਿਦ ਕਰਨੀ ਪਈ ਜਿਸ ਵਿੱਚ ਸੈਂਕੜੇ ਸਿੱਖਾਂ ਦੀਆਂ ਕੁਰਬਾਨੀਆਂ ਹੋਈਆਂ, ਸਾਕੇ ਵਰਤੇ, ਮੋਰਚੇ ਲੱਗੇ, ਜੇਲ੍ਹਾਂ ਭਰੀਆਂ। ਸਾਕਾ ਨਨਕਾਣਾ ਸਾਹਿਬ, ਸਾਕਾ ਪੰਜਾ ਸਾਹਿਬ, ਮੋਰਚਾ ਗੁਰੂ ਕਾ ਬਾਗ, ਚਾਬੀਆਂ ਦਾ ਮੋਰਚਾ, ਗੁ. ਚੁਮਾਲਾ ਸਾਹਿਬ ਤੇ ਕਬਜ਼ਾ, ਗੁ. ਬਾਬੇ ਕੀ ਬੇਰ, ਜੈਤੋ ਮੋਰਚਾ, ਤਰਨ ਤਾਰਨ ਸਾਹਿਬ ਦੇ ਗੁਰਦੁਆਰਾ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣਾ, ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਰਕਾਰੀ ਪੁਜਾਰੀਆਂ ਨੂੰ ਭਜਾਉਣਾ ਇਹ ਸਾਰਾ ਕੁੱਝ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਮਾਨ ਹੇਠ ਉਸ ਵੇਲੇ ਦੀਆਂ ਸਿਰਕੱਢ ਸਿੱਖ ਸੰਸਥਾਵਾਂ/ਅਦਾਰਿਆਂ ਦੇ ਸਹਿਯੋਗ ਨਾਲ ਲੱਖਾਂ ਸਿੱਖਾਂ ਨੇ ਸ਼ਾਮਲ ਹੋ ਕੇ ਇੱਕ ਤੋਂ ਬਾਅਦ ਇੱਕ ਜਿੱਤ ਪ੍ਰਾਪਤ ਕੀਤੀ। ਇਸ ਦੌਰਾਨ ਹੀ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੋਇਆ, ਜੋ ਸਿੱਖ ਸਿਆਸਤ ਦੀ ਇੱਕ ਵਾਹਿਦ ਸਿਆਸੀ ਜਮਾਤ ਵਜੋਂ ਉਭਰਿਆ।

ਇੱਥੋਂ ਤੱਕ ਕਿ ਗੁਰਦੁਆਰਾ ਤਰਨ ਤਾਰਨ ਸਾਹਿਬ ਦੀ ਆਜ਼ਾਦੀ ਦੇ ਪਹਿਲੇ ਸ਼ਹੀਦ ਸ. ਹਜ਼ਾਰਾ ਸਿੰਘ ਦੀ ਦਾਸਤਾਨ ਸੁਣਨ ਤੋਂ ਬਾਅਦ ਮਹਾਤਮਾ ਗਾਂਧੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਵਿਸ਼ੇਸ਼ ਤੌਰ ਤੇ ਤਾਰ ਭੇਜੀ ਜਿਸ ਵਿੱਚ ਲਿਖਿਆ

**ਬਾਕੀ ਸਫ਼ਾ 28 'ਤੇ**

---

# ਆਈਲੈਟਸ ਨੇ ਵਿਆਹਾਂ ਦੇ ਸਮੀਕਰਨ ਬਦਲੇ

**ਬਲਰਾਜ ਸਿੰਘ ਸਿੱਧੂ**

ਫ਼ਾ 28 'ਤੇ

ਭਾਰਤ ਅਤੇ ਵਿਸ਼ੇਸ਼ ਤੌਰ ਉੱਤੇ ਪੰਜਾਬ ਵਿੱਚ ਦਹੇਜ਼ ਦੀ ਲਾਹਨਤ ਇੱਕ ਅਜਿਹੀ ਵਾਇਰਸ ਦਾ ਰੂਪ ਧਾਰਨ ਕਰ ਚੁੱਕੀ ਹੈ ਜਿਸਦਾ ਨੇੜ ਭਵਿੱਖ ਵਿੱਚ ਕੋਈ ਇਲਾਜ ਨਜ਼ਰ ਨਹੀਂ ਆਉਂਦਾ। ਵਿਆਹਾਂ ਦੇ ਖਰਚਿਆਂ ਨੇ ਲੋਕਾਂ ਦਾ ਧੂੰਆਂ ਕੱਢ ਛੱਡਿਆ ਹੈ। ਲੜਕੀ ਵਾਲੇ ਇੱਕ ਵਿਆਹ ਤੋਂ ਬਾਅਦ ਕਈ ਸਾਲ ਤੱਕ ਕਰਜ਼ੇ ਲਾਹੁੰਦੇ ਮਰ ਜਾਂਦੇ ਹਨ। ਵਿਆਹ ਦਾ ਫੰਕਸ਼ਨ ਵੀ ਇੱਕ ਨਹੀਂ, ਸਗੋਂ ਚਾਰ ਚਾਰ ਹੋਣ ਲੱਗ ਪਏ ਹਨ। ਪਹਿਲਾਂ ਸ਼ਗਨ, ਲੇਡੀਜ਼ ਸੰਗੀਤ, ਸ਼ਾਦੀ ਅਤੇ ਫਿਰ ਰਿਸੈਪਸ਼ਨ। 10-15 ਲੱਖ ਤਾਂ ਇਕੱਲੇ ਮੈਰਿਜ਼ ਪੈਲੇਸ ਵਾਲੇ ਹੀ ਲੈ ਲੈਂਦੇ ਹਨ। ਇੱਕ ਮੱਧ ਵਰਗੀ ਪਰਿਵਾਰ ਨੂੰ ਵੀ ਲੜਕੀ ਦਾ ਵਿਆਹ ਇੱਕ ਕਰੋੜ ਦੇ ਲਾਗੇ ਚਾਗੇ ਪੈ ਜਾਂਦਾ ਹੈ। ਕਰਜ਼ੇ ਉੱਤੇ ਲੈ ਕੇ ਟਰੈਕਟਰ ਵੇਚਣਾ, ਲਿਮਟਾਂ ਤੋਂ ਪੈਸੇ ਚੁੱਕਣਾ ਤੇ ਆੜ੍ਹਤੀਆਂ ਦੇ ਤਰਲੇ ਕੱਢਣੇ ਪੈਂਦੇ ਹਨ। ਫਿਰ ਕਈ ਸਾਲਾਂ ਤੱਕ ਮੋਟਾ ਵਿਆਜ ਭਰਦੇ ਹਨ ਤੇ ਕਈ ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਸਪਰੇਅ ਪੀ ਕੇ ਸਾਰੀਆਂ ਮੁਸੀਬਤਾਂ ਤੋਂ ਛੁਟਕਾਰਾ ਪਾ ਜਾਂਦੇ ਹਨ।




ਲੋਕਾਂ ਨੂੰ ਇਸ ਮੁਸੀਬਤ ਤੋਂ ਬਚਾਉਣ ਦਾ ਕੰਮ ਭਾਰਤ ਜਾਂ ਪੰਜਾਬ ਸਰਕਾਰ ਨੂੰ ਕਰਨਾ ਚਾਹੀਦਾ ਸੀ, ਪਰ ਇਹਨਾਂ ਨੇ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਦਹੇਜ਼ ਵਿਰੋਧੀ ਕਾਨੂੰਨ ਬਣਾ ਕੇ ਹੀ ਆਪਣੀ ਜ਼ਿੰਮੇਵਾਰੀ ਤੋਂ ਮੁਕਤੀ ਪ੍ਰਾਪਤ ਕਰ ਲਈ ਹੈ। ਰੱਬ ਭਲਾ ਕਰੇ ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੀਆਂ ਸਰਕਾਰਾਂ ਦਾ, ਜਿਹਨਾਂ ਨੇ ਆਈਲੈਟਸ ਰਾਹੀਂ ਪੀ.ਆਰ. ਦੇਣ ਦੀ ਸ਼ੁਰੂਆਤ ਕਰ ਕੇ ਹਜ਼ਾਰਾਂ ਗਰੀਬ ਮਾਪਿਆਂ ਦੀਆਂ ਹੋਣਹਾਰ ਧੀਆਂ ਦੀ ਕਿਸਮਤ ਖੋਲ੍ਹ ਦਿੱਤੀ ਹੈ। ਆਈਲੈਟਸ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਇੰਗਲੈਂਡ ਨੇ 1989 ਵਿੱਚ ਸ਼ੁਰੂ ਕੀਤੀ ਸੀ ਜੋ ਹੌਲੀ ਹੌਲੀ ਉਪਰੋਕਤ ਅੰਗਰੇਜ਼ੀ ਭਾਸ਼ੀ ਚਾਰ ਦੇਸ਼ਾਂ ਨੇ ਵੀ ਅਪਣਾ ਲਈ। ਇੰਗਲੈਂਡ ਦਾ ਟੈਸਟ ਜ਼ਿਆਦਾ ਸਖਤ ਹੋਣ ਕਾਰਨ ਬਹੁਤੇ ਲੋਕ ਪਾਸ ਨਹੀਂ ਸਨ ਕਰ ਸਕਦੇ। ਇਸ ਲਈ ਸੰਨ 2000 ਤੋਂ ਬਾਅਦ ਆਸਟਰੇਲੀਆ, ਨਿਊਜ਼ੀਲੈਂਡ, ਅਮਰੀਕਾ ਅਤੇ ਕੈਨੇਡਾ ਨੇ ਆਈਲੈਟਸ ਟੈਸਟ ਸੌਖੇ ਕਰ ਦਿੱਤੇ ਤਾਂ ਪੰਜਾਬੀਆਂ ਨੇ ਇਹਨਾਂ ਦੇਸ਼ਾਂ ਵੱਲ ਵਹੀਰਾਂ ਘੱਤ ਦਿੱਤੀਆਂ। ਜਿਸ ਕੋਲ ਵੀ 25-30 ਲੱਖ ਦਾ ਪ੍ਰਬੰਧ ਹੈ (ਚਾਹੇ ਜ਼ਮੀਨ ਵੇਚ ਕੇ ਹੋਵੇ) ਤੇ ਬੱਚਾ 6-7 ਬੈਂਡ ਲੈਣ ਜੋਗਾ ਹੋਵੇ, ਉਹ ਇਹਨਾਂ ਦੇਸ਼ਾਂ ਵਿੱਚ ਪਹੁੰਚ ਗਿਆ ਹੈ।

ਕੈਨੇਡਾ ਸਰਕਾਰ ਇਸ ਸਬੰਧੀ ਕੁਝ ਜ਼ਿਆਦਾ ਹੀ ਨਰਮ ਹੋਣ ਕਾਰਨ ਸਭ ਤੋਂ ਵਧ ਪੰਜਾਬੀ ਵਿਦਿਆਰਥੀ ਉੱਥੇ ਜਾਣ ਨੂੰ ਪਹਿਲ ਦਿੰਦੇ ਹਨ। ਟਰੈਵਲ ਏਜੰਟਾਂ ਦਾ ਕਹਿਣਾ ਹੈ ਕਿ ਇਹ ਰੁਝਾਨ ਸੰਨ 2001 ਤੋਂ ਬਾਅਦ ਸ਼ੁਰੂ ਹੋਇਆ ਹੈ ਤੇ ਹਰ ਸਾਲ ਇਹ ਗਿਣਤੀ ਵਧਦੀ ਹੀ ਜਾ ਰਹੀ ਹੈ। 2018 ਦੌਰਾਨ ਕੈਨੇਡਾ ਵਿੱਚ ਕੁਲ ਸੰਸਾਰ ਤੋਂ 5 ਲੱਖ ਵਿਦਿਆਰਥੀ ਆਏ ਜਿਹਨਾਂ ਵਿੱਚੋਂ 125000 ਪੰਜਾਬੀ ਸਨ ਅਤੇ ਸਿਰਫ 24000 ਪੰਜਾਬੀ ਬਾਕੀ ਚਾਰ ਦੇਸ਼ਾਂ ਵਿੱਚ ਗਏ। ਜੇ ਇੱਕ ਵਿਦਿਆਰਥੀ ਦਾ ਖਰਚ ਔਸਤਨ ਵੀਹ-ਬਾਈ ਲੱਖ ਰੁਪਏ ਵੀ ਲਗਾਈਏ ਤਾਂ ਪੰਜਾਬੀ 27000 ਕਰੋੜ ਰੁਪਇਆ ਸਲਾਨਾ ਸਿਰਫ ਕੈਨੇਡਾ ਨੂੰ ਹੀ ਦੇ ਰਹੇ ਹਨ। ਇਸ ਸਾਲ ਇਹ ਰਕਮ ਦੋ-ਚਾਰ ਸੌ ਕਰੋੜ ਹੋਰ ਵਧ ਜਾਣ ਦੀ ਉਮੀਦ ਹੈ। ਆਈਲੈਟਸ ਦੇ ਇਸ ਵਪਾਰ ਨੇ ਲੱਖਾਂ ਲੋਕਾਂ ਨੂੰ ਰੋਟੀ ਵਿੱਚ ਪਾਇਆ ਹੋਇਆ ਹੈ। ਕੋਚਿੰਗ ਸੈਂਟਰ, ਟਰੈਵਲ ਏਜੰਟ, ਮਨੀ ਐਕਸਚੇਂਜ, ਏਅਰ ਲਾਈਨਾਂ ਅਤੇ ਕੈਨੇਡਾ ਵਿੱਚ ਖੁੰਬਾਂ ਵਾਂਗ ਖੁੱਲ੍ਹੇ ਦੋ-ਦੋ ਕਮਰਿਆਂ ਦੇ ਡਿਪਲੋਮਾ ਕਾਲਜ ਰੱਜ ਕੇ ਇਸ ਗੰਗਾ ਵਿੱਚ ਹੱਥ ਧੋ ਰਹੇ ਹਨ। ਵਿਦਿਆਰਥੀਆਂ ਦੇ ਦਾਖਲਿਆਂ ਵਾਲੇ ਮਹੀਨਿਆਂ ਸਮੇਂ ਏਅਰਲਾਈਨਾਂ ਦਾ ਕਿਰਾਇਆ ਡਬਲ ਹੋ ਜਾਂਦਾ ਹੈ। ਇੱਧਰ ਪੰਜਾਬ ਦੇ ਕਾਲਜਾਂ-ਯੂਨੀਵਰਸਿਟੀਆਂ ਨੂੰ ਵਿਦਿਆਰਥੀਆਂ ਦੇ ਲਾਲੇ ਪਏ ਹੋਏ ਹਨ ਤੇ ਕਲਾਸ ਰੂਮ ਵਿਦਿਆਰਥੀਆਂ ਬਿਨਾਂ ਭਾਂ ਭਾਂ ਕਰ ਰਹੇ ਹਨ। ਹਰ ਕੋਈ ਪਲੱਸ ਟੂ ਕਰ ਕੇ ਬਾਹਰ ਨੂੰ ਭੱਜ ਰਿਹਾ ਹੈ। ਬਹੁਤੇ ਸਕੂਲਾਂ ਕਾਲਜਾਂ ਨੇ ਦੁਖੀ ਹੋ ਕੇ ਖੁਦ ਹੀ ਆਈਲੈਟਸ ਕੋਚਿੰਗ ਕੋਰਸ ਸ਼ੁਰੂ ਕਰ ਦਿੱਤੇ ਹਨ। ਅੱਜ ਸੰਸਾਰ ਦੇ 140 ਦੇਸ਼ਾਂ ਦੇ 35 ਲੱਖ ਵਿਦਿਆਰਥੀ ਹਰ ਸਾਲ ਆਈਲੈਟਸ ਦਾ ਪੇਪਰ ਦਿੰਦੇ ਹਨ ਤੇ ਇਸ ਲਈ ਵਿਸ਼ਵ ਪੱਧਰ ਉੱਤੇ 1110 ਸੈਂਟਰ ਬਣੇ ਹੋਏ ਹਨ।

ਪੰਜਾਬ ਵਿੱਚ ਵੰਡ ਦਰ ਵੰਡ ਹੋਣ ਕਾਰਨ ਜ਼ਮੀਨਾਂ ਬਹੁਤ ਘੱਟ ਰਹਿ ਗਈਆਂ ਹਨ ਤੇ ਜ਼ਿਆਦਾਤਰ ਲੋਕ ਵੱਧ ਤੋਂ ਵੱਧ 10-12 ਕਿੱਲਿਆਂ ਦੇ ਮਾਲਕ ਹਨ। ਆਈਲੈਟਸ ਦਾ ਰਿਵਾਜ਼ ਸ਼ੁਰੂ ਹੋਣ ਤੋਂ ਪਹਿਲਾਂ 5-7 ਕਿੱਲਿਆਂ ਵਾਲਾ ਵੀ ਦਹੇਜ਼ ਵਿੱਚ ਕਾਰ ਭਾਲਦਾ ਸੀ, ਸਰਕਾਰੀ ਮੁਲਾਜ਼ਮਾਂ ਦੀ ਤਾਂ ਬੋਲੀ ਹੀ 20 ਲੱਖ ਤੋਂ ਉੱਪਰ ਸ਼ੁਰੂ ਹੁੰਦੀ ਸੀ। ਪਰ ਸੱਚੇ ਪਾਤਸ਼ਾਹ ਨੇ ਅੱਜ ਹੋਣਹਾਰ ਲੜਕੀਆਂ ਦੇ ਹੱਥਾਂ ਵਿੱਚ ਆਈਲੈਟਸ ਨਾਮ ਦਾ ਅਜਿਹਾ ਹਥਿਆਰ ਪਕੜਾ ਦਿੱਤਾ ਹੈ ਕਿ 6-7 ਬੈਂਡ ਆਉਂਦੇ ਸਾਰ ਵੱਡੇ ਤੋਂ ਵੱਡੇ ਧਨਾਢ ਵੀ ਗਰੀਬ ਘਰਾਂ ਦੀਆਂ ਲੜਕੀਆਂ ਦੇ ਤਰਲੇ ਕੱਢਣ ਲੱਗ ਪੈਂਦੇ ਹਨ। ਜ਼ਾਤ ਪਾਤ ਵਰਗੇ ਕਲੰਕ ਨੂੰ ਮਿਟਾਉਣ ਦਾ ਜਿਹੜਾ ਕੰਮ ਸਾਡੇ ਧਾਰਮਿਕ ਰਹਿਨੁਮਾ ਨਹੀਂ ਕਰ ਸਕੇ, ਉਸ ਆਈਲੈਟਸ ਨੇ ਕਰ ਵਿਖਾਇਆ ਹੈ। ਵਿਆਹ ਵੇਲੇ ਸਿਰਫ ਬੈਂਡ ਵੇਖੇ ਜਾਂਦੇ ਹਨ, ਜ਼ਾਤ ਪਾਤ ਕੋਈ ਨਹੀਂ ਪੁੱਛਦਾ। ਪੰਜਾਬ ਵਿੱਚ ਵੇਖੀਏ ਤਾਂ ਪਹਿਲੀ ਜ਼ਮਾਤ ਤੋਂ ਲੈ ਕੇ ਬੀ.ਏ., ਐੱਮ.ਏ. ਤੱਕ ਦੇ ਇਮਤਿਹਾਨਾਂ ਵਿੱਚ ਕੁੜੀਆਂ ਦੀ ਝੰਡੀ ਹੈ। ਮੈਡੀਕਲ, ਆਈ. ਆਈ.ਟੀ. ਅਤੇ ਇੰਜੀਨੀਅਰਿੰਗ ਆਦਿ ਵਿੱਚ ਹਰ ਸਾਲ ਕੁੜੀਆਂ ਹੀ ਟਾਪ ਕਰ ਰਹੀਆਂ ਹਨ। ਪੰਜਾਬ ਦੇ ਲਾਡਲੇ ਤੇ ਪੋਲੜ ਮੁੰਡਿਆਂ ਦੇ ਮਨਾਂ ਵਿੱਚ ਇਹ ਗੱਲ ਘਰ ਕਰ ਗਈ ਹੈ ਕਿ ਪੜ੍ਹਨ ਦੀ ਕੀ ਜ਼ਰੂਰਤ ਹੈ ? ਪਿਉ ਕੋਲ ਵਾਧੂ ਪੈਸੇ ਹਨ, 6 ਬੈਂਡ ਵਾਲੀ ਕੁੜੀ ਨਾਲ ਵਿਆਹ ਕਰਵਾ ਕੇ ਕੈਨੇਡਾ ਤਾਂ ਚਲੇ ਹੀ ਜਾਣਾ ਹੈ। ਇਹ ਢੀਠ ਅਤੇ ਨਿਕੰਮੇ ਆਈਲੈਟਸ ਪਾਸ ਕਰਨ ਜੋਗੇ ਵੀ ਨਹੀਂ ਰਹੇ। ਵੱਡੇ ਵੱਡੇ ਲੈਂਡਲਾਰਡ ਹੁਣ ਦਾਜ ਲੈਣ ਦੀ ਬਜਾਏ 50-50 ਲੱਖ ਰੁਪਇਆ ਕੁੜੀ ਵਾਲਿਆਂ ਨੂੰ ਦੇਣ ਲਈ ਚੁੱਕੀ ਫਿਰਦੇ ਹਨ ਕਿ ਕਿਸੇ ਤਰ੍ਹਾਂ ਮੁੰਡਾ ਬਾਹਰ ਚਲਾ ਜਾਵੇ। ਇੱਥੋਂ ਤੱਕ ਕਿ ਵਿਆਹ ਦਾ ਸਾਰਾ ਖਰਚਾ ਵੀ ਮੁੰਡੇ ਵਾਲੇ ਹੀ ਕਰਦੇ ਹਨ।

ਪਰ ਅਜਿਹੇ ਕਾਰੋਬਾਰੀ ਕਿਸਮ ਦੇ ਜ਼ਿਆਦਾਤਰ ਵਿਆਹਾਂ ਦਾ ਅੰਜਾਮ ਠੀਕ ਨਹੀਂ ਨਿਕਲਦਾ। ਲੜਕੀ ਅਤੇ ਲੜਕੇ ਦੇ ਮਨ ਆਪਸ ਵਿੱਚ ਨਹੀਂ ਭਿੱਜਦੇ, ਉਹ ਪਿਆਰ ਹੀ ਨਹੀਂ ਪਨਪਦਾ ਜੋ ਅਸਲੀ ਵਿਆਹ ਕਾਰਨ ਪਨਪਣਾ ਚਾਹੀਦਾ ਹੈ। ਦੋਵਾਂ ਦੇ ਦਿਲਾਂ ਵਿੱਚ ਇੱਕ ਗੁੱਝਾ ਡਰ ਬੈਠਾ ਹੁੰਦਾ ਹੈ ਕਿ ਸਾਡਾ ਵਿਆਹ ਇੱਕ ਸੌਦੇਬਾਜ਼ੀ ਅਧੀਨ ਹੋਇਆ ਹੈ। ਬਹੁਤੇ ਲੜਕਿਆਂ ਨੇ ਪਹਿਲਾਂ ਹੀ ਸਕੀਮ ਲਗਾਈ ਹੁੰਦੀ ਹੈ ਕਿ ਕੈਨੇਡਾ ਵਿੱਚ ਪੱਕੇ ਹੁੰਦੇ ਸਾਰ ਉਡਾਰੀ ਮਾਰ ਜਾਣੀ ਹੈ ਤੇ ਪਿਛਲਾ ਘਾਟਾ ਪੂਰਾ ਕਰਨ ਲਈ ਪੰਜਾਬ ਜਾ ਕੇ ਮੋਟਾ ਦਹੇਜ਼ ਲੈ ਕੇ ਦੁਬਾਰਾ ਵਿਆਹ ਕਰਵਾਉਣਾ ਹੈ। ਪੰਜਾਬ ਵਿੱਚ ਤਾਂ ਕੈਨੇਡਾ ਦੇ ਨਾਮ ਉੱਤੇ ਭਾਵੇਂ 100 ਸਾਲ ਦਾ ਬੁੱਢਾ ਵਿਆਹ ਲਉ। ਲੜਕੀ ਨੂੰ ਵੀ ਪਤਾ ਹੁੰਦਾ ਹੈ ਕਿ ਇਸ ਨੇ ਮੇਰੇ ਨਾਲ ਸਿਰਫ ਬਾਹਰ ਆਉਣ ਖਾਤਰ ਵਿਆਹ ਕਰਵਾਇਆ ਹੈ। ਕਈ ਵਾਰ ਲੜਕੀਆਂ ਵੀ ਬਾਹਰ ਪਹੁੰਚ ਕੇ ਲੜਕੇ ਨੂੰ ਪੇਪਰ ਨਹੀਂ ਭੇਜਦੀਆਂ। ਅਗਲਾ ਲੜਕੀ ਨੂੰ ਵਿਦੇਸ਼ ਭੇਜਣ ਦੇ ਪੈਸੇ ਵੀ ਖਰਚ ਬੈਠਦਾ ਹੈ ਤੇ ਹੱਥ ਵੀ ਕੁਝ ਨਹੀਂ ਆਉਂਦਾ। ਪੁਲਿਸ ਕੋਲ ਰੋਜ਼ਾਨਾ ਅਜਿਹੀਆਂ ਸੈਂਕੜੇ ਦਰਖਾਸਤਾਂ ਪਹੁੰਚ ਰਹੀਆਂ ਹਨ ਜਿਸ ਵਿੱਚ ਲੜਕੀ ਵਾਲੇ, ਲੜਕੇ ਵਾਲਿਆਂ ਉੱਤੇ ਦਹੇਜ਼ ਮੰਗਣ ਦਾ ਇਲਜ਼ਾਮ ਲਗਾ ਰਹੇ ਹਨ ਤੇ ਲੜਕੇ ਵਾਲੇ, ਲੜਕੀ ਵਾਲਿਆਂ ਉੱਤੇ 35-40 ਲੱਖ ਦੀ ਠੱਗੀ ਮਾਰਨ ਦਾ। ਇਸ ਲਈ ਅਜਿਹੇ ਵਪਾਰਿਕ ਰਿਸ਼ਤੇ ਕਾਇਮ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਸਮਾਜਿਕ ਮਰਿਆਦਾਵਾਂ ਨੂੰ ਭੰਗ ਨਹੀਂ ਕਰਨਾ ਚਾਹੀਦਾ। ਪਰਿਵਾਰ ਵਾਲਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜਿਹੜਾ ਲੜਕਾ ਇੱਥੇ ਆਈਲੈਟਸ ਪਾਸ ਨਹੀਂ ਕਰ ਸਕਦਾ, ਉਹ ਕੈਨੇਡਾ ਜਾ ਕੇ ਵੀ ਕੀ ਸ਼ੇਰ ਮਾਰ ਲਵੇਗਾ ?

# ਸੁਲਤਾਨਪੁਰ ਲੋਧੀ ਅਤੇ ਗੁਰੂ ਨਾਨਕ ਦੇਵ ਜੀ

-ਗੁਰਮੀਤ ਸਿੰਘ ਬਾਜਵਾ
(ਰਿਸਰਚ ਸਕਾਲਰ)
ਸਿੱਖ ਇਤਿਹਾਸ ਰਿਸਰਚ ਬੋਰਡ, ਸ੍ਰੀ ਅੰਮ੍ਰਿਤਸਰ



ਗੁਰੂ ਸਾਹਿਬਾਨ ਦੀ ਯਾਦ ਵਿਚ ਸਥਾਪਿਤ ਇਤਿਹਾਸਕ ਧਾਰਮਿਕ ਅਸਥਾਨ ਸਿੱਖ ਧਰਮ ਵਿਚ ਖਾਸ ਮਹੱਤਵ ਰੱਖਦੇ ਹਨ। ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਪੰਜਾਬ ਪ੍ਰਾਂਤ ਦੇ ਕਪੂਰਥਲਾ ਜ਼ਿਲ੍ਹੇ ਦਾ ਇਕ ਪੁਰਾਤਨ ਨਗਰ ਹੈ, ਜਿਸ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਅਤੇ ਉਲੇਖਯੋਗ ਸਥਾਨ ਹੈ। ਇਹ ਧਰਤੀ ਬਹੁਤ ਭਾਗਾਂਵਾਲੀ ਹੈ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਲਗਪਗ 14 ਸਾਲ ਇਥੇ ਗੁਜ਼ਾਰੇ। ਇਨ੍ਹਾਂ 14 ਸਾਲਾਂ ਦੀ ਠਹਿਰ ਦੌਰਾਨ ਗੁਰੂ ਜੀ ਨੇ ਲੋਕਾਈ ਨੂੰ ਅਕਾਲ ਪੁਰਖ ਨਾਲ ਜੋੜਿਆ ਅਤੇ ਕਈਆਂ ਦਾ ਉਧਾਰ ਕੀਤਾ। ਇਸ ਪਾਵਨ ਅਸਥਾਨ 'ਤੇ ਹੀ 'ਤੇਰਾ ਤੇਰਾ' ਦੀ ਧੁਨੀ ਉੱਠੀ ਸੀ ਅਤੇ ਜਾਤ-ਪਾਤ ਦੇ ਭੇਦ-ਭਾਵ ਨੂੰ ਖ਼ਤਮ ਕਰਦਿਆਂ ਗੁਰੂ ਸਾਹਿਬ ਨੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਮੋਦੀਖਾਨੇ ਦਾ ਕਾਰਜ ਸੰਭਾਲ ਕੇ ਕਿਰਤ-ਕਾਰਾਂ ਲਈ ਪੂਰਨੇ ਪਾਏ ਸਨ। ਸੁਲਤਾਨਪੁਰ ਦੀ ਪਾਵਨ ਧਰਤੀ ਤੋਂ ਹੀ ਗੁਰੂ ਜੀ ਨੇ ਜਗਤ ਜਲੰਦੇ ਨੂੰ ਤਾਰਨ ਲਈ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਉਦਾਸੀਆਂ ਲਈ ਚਾਲੇ ਪਾਏ।

ਭਾਸ਼ਾ ਵਿਭਾਗ ਦੀ ਸੁਲਤਾਨਪੁਰ ਲੋਧੀ ਸਰਵੇ ਪੁਸਤਕ ਅਨੁਸਾਰ 'ਮੁਸਲਮਾਨਾਂ ਤੋਂ ਪਹਿਲਾਂ ਇਥੇ ਸਰਬਮਾਨਪੁਰ ਨਾਂਅ ਦਾ ਸ਼ਹਿਰ ਆਬਾਦ ਸੀ। ਇਹ ਕਿਹਾ ਜਾਂਦਾ ਹੈ ਕਿ ਮਹਿਮੂਦ ਗਜ਼ਨਵੀ ਦੇ ਇਕ ਜਰਨੈਲ ਸੁਲਤਾਨ ਲੋਧੀ ਨੇ ਆਪਣੇ ਨਾਂਅ ਉਤੇ ਇਥੇ ਇਕ ਕਸਬਾ ਵਸਾਇਆ। ਇਕ ਰਵਾਇਤ ਅਨੁਸਾਰ ਇਸ ਕਸਬੇ ਦੀ ਨੀਂਹ ਪੰਜਾਬ ਦੇ ਸੂਬੇਦਾਰ ਵਲੀ ਮੁਹੰਮਦ ਖਾਨ, ਜਿਸ ਨੂੰ ਨਾਸਰ-ਉ-ਦੀਨ ਖਾਂ ਨੇ ਨਿਯੁਕਤ ਕੀਤਾ ਸੀ, ਦੇ ਪੁੱਤਰ ਸੁਲਤਾਨ ਖਾਂ ਨੇ ਰੱਖੀ। ਬੋਧੀ ਸਾਹਿਤ ਤੋਂ ਅਜਿਹਾ ਜਾਪਦਾ ਹੈ ਕਿ ਪੰਜਵੀਂ-ਛੇਵੀਂ ਸਦੀ ਈਸਾ ਪੂਰਬ ਇਥੇ ਤਮਸਾਵਨ ਨਾਂਅ ਦਾ ਸ਼ਾਇਦ ਇਕ ਗ਼ੈਰ ਆਬਾਦ ਭਾਰੀ ਜੰਗਲ ਸੀ, ਜਿਥੇ ਕਿ ਚੌਥੀ ਸਦੀ ਈਸਾ ਪੂਰਬ ਬੋਧੀ ਧਰਮ ਦਾ ਕੇਂਦਰ ਬਣਿਆ। ਸੁਲਤਾਨਪੁਰ ਲੋਧੀ ਨੂੰ ਉਚੇਚੇ ਤੌਰ 'ਤੇ ਦੌਲਤ ਖਾਂ ਲੋਧੀ ਨੇ ਬਣਵਾਇਆ, ਜੋ ਕਿ ਇਬਰਾਹੀਮ ਲੋਧੀ ਦੇ ਰਾਜ ਸਮੇਂ ਲਾਹੌਰ ਦਾ ਗਵਰਨਰ ਸੀ।' ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਸੁਲਤਾਨਪੁਰ ਨੂੰ ਵਧੇਰੇ ਰੌਣਕ ਲੋਧੀ ਵੰਸ਼ ਦੇ ਬਾਨੀ ਬਹਿਲੋਲ ਲੋਧੀ ਦੇ ਰਿਸ਼ਤੇਦਾਰ ਦੌਲਤ ਖਾਂ ਲੋਧੀ ਨੇ ਦਿੱਤੀ, ਕਿਉਂਕਿ ਇਹ ਉਸ ਦੀ ਜਗੀਰ ਦਾ ਮੁੱਖ ਨਗਰ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਵਿਚ ਆਉਣ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਜੀ ਉਨ੍ਹਾਂ ਨੂੰ ਵੱਖ-ਵੱਖ ਕਾਰਜਾਂ 'ਤੇ ਲਗਾਉਣ ਦਾ ਯਤਨ ਕਰ ਚੁੱਕੇ ਸਨ, ਪਰ ਰੱਬੀ ਰੂਹ ਹੋਣ ਕਾਰਨ ਉਨ੍ਹਾਂ ਦਾ ਮਨ ਦੁਨਿਆਵੀ ਕੰਮਾਂ ਵਿਚ ਨਹੀਂ ਲੱਗਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਦਾ ਵਿਆਹ ਜੈ ਰਾਮ ਜੀ ਨਾਲ ਹੋਇਆ ਅਤੇ ਉਹ ਸੁਲਤਾਨਪੁਰ ਲੋਧੀ ਵਿਚ ਨਿਵਾਸ ਕਰਦੇ ਸਨ। ਜਦੋਂ ਜੈ ਰਾਮ ਜੀ ਅਤੇ ਬੇਬੇ ਨਾਨਕੀ ਜੀ ਨੂੰ ਪਤਾ ਲੱਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਨ ਕਿਸੇ ਕਾਰ-ਵਿਹਾਰ ਵਿਚ ਨਹੀਂ ਲੱਗਦਾ ਤਾਂ ਉਨ੍ਹਾਂ ਨੇ ਮਹਿਤਾ ਕਾਲੂ ਜੀ ਨੂੰ ਗੁਰੂ ਜੀ ਨੂੰ ਸੁਲਤਾਨਪੁਰ ਭੇਜਣ ਸਬੰਧੀ ਕਿਹਾ ਕਿ ਸ਼ਾਇਦ ਉਨ੍ਹਾਂ ਦਾ ਮਨ ਸੁਲਤਾਨਪੁਰ ਵਿਚ ਲੱਗ ਜਾਵੇ। ਪਰਿਵਾਰ ਨੇ ਵੀ ਉਨ੍ਹਾਂ ਨੂੰ ਸੁਲਤਾਨਪੁਰ ਭੇਜਣਾ ਸਵੀਕਾਰ ਕਰ ਲਿਆ। 'ਜਨਮਸਾਖੀ ਸਾਹਿਤ' ਅਨੁਸਾਰ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਸੁਲਤਾਨਪੁਰ ਲਈ ਰਵਾਨਾ ਹੋਣ ਲੱਗਦੇ ਹਨ ਤਾਂ ਮਾਤਾ ਸੁਲੱਖਣੀ ਜੀ ਗੁਰੂ ਜੀ ਕੋਲ ਉਨ੍ਹਾਂ ਨੂੰ ਵੀ ਨਾਲ ਲੈ ਕੇ ਜਾਣ ਲਈ ਅਰਜ਼ ਕਰਦੇ ਹਨ ਤਾਂ ਗੁਰੂ ਜੀ ਫਰਮਾਉਂਦੇ ਹਨ 'ਪਰਮੇਸਰ ਕੀਏ! ਹੁਣ ਤਾਂ ਮੈਂ ਜਾਂਦਾ ਹਾਂ, ਜੇ ਮੇਰੇ ਰੁਜ਼ਗਾਰ ਦੀ ਕਾਈ ਬਣਸੀ ਤਾਂ ਮੈ ਸਦਾਇ ਲੈਸਾਂ।' ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਸਾਹਿਬ ਦਾ ਵਿਆਹ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਦੇ ਘਰ ਸੁਲਤਾਨਪੁਰ ਵਿਚ ਹੋਣ ਦਾ ਜ਼ਿਕਰ ਮਿਲਦਾ ਹੈ ਪਰ ਬਾਕੀ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਦਾ ਵਿਆਹ ਤਲਵੰਡੀ ਵਿਚ ਹੋਣ ਦਾ ਜ਼ਿਕਰ ਹੈ। ਗੁਰੂ ਜੀ ਸੁਲਤਾਨਪੁਰ ਵਿਚ ਆਪਣੇ ਪਰਿਵਾਰ ਸਮੇਤ ਜਿਸ ਸਥਾਨ 'ਤੇ ਨਿਵਾਸ ਕਰਦੇ ਸਨ, ਮੌਜੂਦਾ ਸਮੇਂ ਵਿਚ ਉਸ ਪਾਵਨ ਸਥਾਨ 'ਤੇ ਗੁਰਦੁਆਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ। ਜੈ ਰਾਮ ਜੀ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਮੁੱਖ ਅਧਿਕਾਰੀ ਸਨ। ਦੌਲਤ ਖਾਂ ਜਾਗੀਰਦਾਰ ਸੀ ਅਤੇ ਆਪਣੇ ਪਿਤਾ ਤਾਤਾਰ ਖਾਂ ਦੇ ਦਿਹਾਂਤ ਉਪਰੰਤ ਪੰਜਾਬ ਦਾ ਨਾਜ਼ਮ ਬਣਿਆ ਸੀ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮੋਦੀਖਾਨੇ ਵਿਚ ਮੋਦੀ ਲੱਗੇ, ਉਸ ਸਮੇਂ ਦੌਲਤ ਖਾਂ ਦੇ ਪਾਸ ਸੁਲਤਾਨਪੁਰ ਦੀ ਜਾਗੀਰ ਸੀ। ਗੁਰੂ ਜੀ ਨੇ ਇਹ ਨੌਕਰੀ ਭਾਈ ਜੈ ਰਾਮ ਅਤੇ ਬੇਬੇ ਨਾਨਕੀ ਜੀ ਦੀ ਪ੍ਰੇਰਣਾ ਸਦਕਾ ਸ਼ੁਰੂ ਕੀਤੀ। ਗੁਰੂ ਜੀ ਮੋਦੀਖਾਨੇ ਵਿਚ ਅਨਾਜ ਤੋਲਦੇ ਅਤੇ ਅਨਾਜ ਦਾ ਲੇਖਾ-ਜੋਖਾ ਰੱਖਦੇ ਸਨ। ਉਨ੍ਹਾਂ ਨੇ ਇਹ ਕੰਮ ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਇਆ। ਗੁਰੂ ਜੀ ਤੋਂ ਪਹਿਲਾਂ ਵਾਲੇ ਮੋਦੀ ਅਨਾਜ ਦਾ ਇਕ ਵੱਡਾ ਹਿੱਸਾ ਆਪਣੇ ਕੋਲ ਰੱਖ ਲਿਆ ਕਰਦੇ ਸਨ ਅਤੇ ਅਨਾਜ ਘੱਟ ਤੋਲਦੇ ਸਨ। ਪਰ ਗੁਰੂ ਜੀ ਅਨਾਜ ਪੂਰਾ ਤੋਲਦੇ ਸਨ, ਜਿਸ ਨਾਲ ਲੋਕਾਂ ਨੂੰ ਬਹੁਤ ਫਰਕ ਪਿਆ। ਮੋਦੀਖਾਨੇ ਵਿਚ ਸਭ ਤਰ੍ਹਾਂ ਦੇ ਲੋਕਾਂ ਦਾ ਆਉਣ-ਜਾਣ ਹੋਣ ਨਾਤੇ ਗੁਰੂ ਜੀ ਦੀ ਮਹਿਮਾ ਚਾਰੇ ਪਾਸੇ ਫੈਲ ਗਈ। ਨਵਾਬ ਦੌਲਤ ਖਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਦਾ ਮੁਰੀਦ ਬਣ ਗਿਆ। ਉਸ ਨੇ ਦੋਖੀਆ ਦੁਆਰਾ ਕੀਤੀਆਂ ਜਾਣ ਵਾਲੀਆਂ ਸ਼ਿਕਾਇਤਾਂ ਸੁਣਨੀਆਂ ਬੰਦ ਕਰ ਦਿੱਤੀਆਂ।

ਇਸ ਪਾਵਨ ਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਹੱਟ ਸਾਹਿਬ ਸੁਭਾਇਮਾਨ ਹੈ, ਜਿਥੇ ਗੁਰੂ ਜੀ ਬਤੌਰ ਮੋਦੀ ਕੰਮ ਕਰਦੇ ਸਮੇਂ ਅਨਾਜ ਤੋਲਦੇ ਸਨ, ਇਸੇ ਯਾਦ ਅਨੁਸਾਰ ਵੱਖ-ਵੱਖ ਅਕਾਰ ਦੇ ਛੋਟੇ-ਵੱਡੇ ਵੱਟੇ ਮੌਜੂਦ ਹਨ, ਜੋ ਸ਼ੀਸ਼ੇ ਦੇ ਬਕਸੇ ਵਿਚ ਸੰਭਾਲੇ ਹੋਏ ਹਨ।

ਜਿਸ ਸਥਾਨ 'ਤੇ ਗੁਰੂ ਸਾਹਿਬ ਦਾ ਲੇਖਾ ਨਵਾਬ ਦੇ ਮੁਨਸ਼ੀਆਂ ਨੇ ਲਿਆ ਸੀ, ਮੋਦੀਖਾਨੇ ਦੇ ਅਨਾਜ ਦੀ ਪੜਤਾਲ ਹੋਈ ਅਤੇ ਹਿਸਾਬ-ਕਿਤਾਬ ਰੱਖਣ ਵਾਲੀਆਂ ਵਹੀਆਂ ਨੂੰ ਘੋਖਿਆ ਗਿਆ, ਉਸ ਅਸਥਾਨ 'ਤੇ ਗੁਰਦੁਆਰਾ ਕੋਠੜੀ ਸਾਹਿਬ ਸੁਸ਼ੋਭਿਤ ਹੈ।

ਇਕ ਦਿਨ ਗੁਰੂ ਜੀ ਨਿੱਤਨੇਮ ਅਨੁਸਾਰ ਵੇਈਂ ਨਦੀ 'ਤੇ ਇਸ਼ਨਾਨ ਕਰਨ ਗਏ। ਵੇਈਂ ਨਦੀ ਵਿਚ ਪ੍ਰਵੇਸ਼ ਕਰਨ ਉਪਰੰਤ ਉਹ ਤਿੰਨ ਦਿਨ ਅਲੋਪ ਰਹੇ ਅਤੇ ਤੀਸਰੇ ਦਿਨ ਬਾਹਰ ਆਏ। ਸ਼ਹਿਰ ਵਿਚ ਰੌਲਾ ਪੈ ਗਿਆ ਕਿ ਗੁਰੂ ਸਾਹਿਬ ਡੁੱਬ ਗਏ ਹਨ। ਭਾਈ ਜੈ ਰਾਮ ਅਤੇ ਬੇਬੇ ਨਾਨਕੀ ਜੀ ਵੀ ਬਹੁਤ ਘਬਰਾਏ। ਜਦੋਂ ਨਵਾਬ ਨੂੰ ਪਤਾ ਲੱਗਾ ਤਾਂ ਉਹ ਜੈ ਰਾਮ ਨੂੰ ਨਾਲ ਲੈ ਕੇ ਨਦੀ 'ਤੇ ਗਿਆ ਅਤੇ ਗੁਰੂ ਸਾਹਿਬ ਨੂੰ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਕੁਝ ਪਤਾ ਨਹੀਂ ਲੱਗਾ। ਗੁਰੂ ਜੀ ਦੀ ਇਸ ਅਵਸਥਾ ਦਾ ਜ਼ਿਕਰ 'ਜਨਮ ਸਾਖੀ ਸਾਹਿਤ' ਵਿਚ ਵਖਰੇਵੇਂ ਨਾਲ ਮਿਲਦਾ ਹੈ।

ਗੁਰੂ ਜੀ ਨੇ ਵੇਈਂ ਨਦੀ ਵਿਚੋਂ ਨਿਕਲਣ ਉਪਰੰਤ ਜੋ ਪਹਿਲਾ ਬਚਨ ਮੁੱਖ ਤੋਂ ਉਚਾਰਣ ਕੀਤਾ, ਉਹ 'ਨ ਕੋ ਹਿੰਦੂ ਨ ਮੁਸਲਮਾਨ' ਸੀ, ਜਿਸ ਦਾ ਭਾਵ ਇਹ ਸੀ ਕਿ ਅੱਜ ਸਹੀ ਅਰਥਾਂ ਵਿਚ ਨਾ ਹੀ ਕੋਈ ਹਿੰਦੂ ਦਿਸ ਰਿਹਾ ਹੈ, ਨਾ ਹੀ ਕੋਈ ਮੁਸਲਮਾਨ। ਗੁਰੂ ਜੀ ਦੇ ਮੂੰਹੋਂ ਇਹ ਬਚਨ ਸੁਣ ਕੇ ਸਭ ਹੈਰਾਨ ਸਨ, ਕਿਉਂਕਿ ਸੁਲਤਾਨਪੁਰ ਇਕ ਮੁਸਲਿਮ ਧਰਮ ਦੀ ਬਹੁਤਾਤ ਵਾਲਾ ਨਗਰ ਸੀ। ਮੁਸਲਿਮ ਰਾਜ ਵਿਚ ਇਸ ਤਰ੍ਹਾਂ ਦੇ ਸ਼ਬਦ ਕਹਿਣਾ ਉਚਿਤ ਨਹੀਂ ਸੀ। ਲੋਕਾਂ ਨੇ ਦੌਲਤ ਖ਼ਾਂ ਨੂੰ ਜਾ ਕੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ 'ਨ ਕੋ ਹਿੰਦੂ ਨ ਮੁਸਲਮਾਨ' ਸ਼ਬਦ ਕਹਿ ਰਹੇ ਹਨ। ਦੌਲਤ ਖ਼ਾਂ ਨੇ ਗੁਰੂ ਜੀ ਨੂੰ ਬੁਲਾਵਾ ਭੇਜਿਆ ਅਤੇ ਨਾਲ ਹੀ ਕਾਜ਼ੀ ਨੂੰ ਵੀ ਉਥੇ ਬੁਲਾ ਲਿਆ। ਕਾਜ਼ੀ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਸੀਂ ਕਹਿੰਦੇ ਹੋ ਕਿ ਨਾ ਕੋਈ ਹਿੰਦੂ ਨਾ ਮੁਸਲਮਾਨ, ਇਸ ਦਾ ਕੀ ਮਤਲਬ ਹੈ? ਹਜ਼ਰਤ ਮੁਹੰਮਦ ਦੁਆਰਾ ਚਲਾਇਆ ਧਰਮ ਕਾਇਮ ਨਹੀਂ ਹੈ? ਉਸ ਸਮੇਂ ਗੁਰੂ ਜੀ ਨੇ ਫੁਰਮਾਇਆ ਕਿ ਮੁਸਲਮਾਨ ਬਣਨਾ ਬਹੁਤ ਔਖਾ ਹੈ, ਹੰਕਾਰ ਨੂੰ ਤਿਆਗ ਕੇ ਰੱਬ ਦੀ ਰਜ਼ਾ ਵਿਚ ਰਹਿਣਾ ਸਾਰੇ ਜੀਆਂ ਲਈ ਮਨ ਵਿਚ ਹਮਦਰਦੀ ਅਤੇ ਪਿਆਰ ਰੱਖਣਾ ਹੀ ਧਰਮ ਦਾ ਅਸਲੀ ਰਾਹ ਹੈ। ਗੁਰੂ ਜੀ ਨੇ ਲੰਬੀ ਸੋਚ-ਵਿਚਾਰ ਉਪਰੰਤ ਨਿਰਣਾ ਲਿਆ ਕਿ ਉਹ ਹੁਣ ਸੁਲਤਾਨਪੁਰ ਨਹੀਂ ਰਹਿਣਗੇ ਅਤੇ ਸੰਸਾਰ ਨੂੰ ਝੂਠੇ ਅਤੇ ਅੰਧ ਸ਼ਰਧਾ ਵਾਲੇ ਖੋਖਲੇ ਵਿਚਾਰਾਂ ਤੋਂ ਮੁਕਤ ਕਰਵਾਉਣ ਲਈ ਦੂਰ-ਦੂਰ ਸਥਾਨਾਂ ਦੀਆਂ ਉਦਾਸੀਆਂ ਕਰਨਗੇ। ਗੁਰੂ ਸਾਹਿਬ ਕਿਸੇ ਦ੍ਰਿੜ੍ਹ ਵਿਸ਼ਵਾਸ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਸਨ। ਉਨ੍ਹਾਂ ਦਾ ਉਦੇਸ਼ ਕੇਵਲ ਵੱਖ-ਵੱਖ ਜਾਤੀਆਂ ਵਿਚ ਪਰਸਪਰ ਮੇਲ-ਮਿਲਾਪ ਕਰਾਉਣਾ ਹੀ ਨਹੀਂ ਸੀ, ਉਹ ਇਕ 'ਨਿਰਮਲ ਪੰਥ' ਦੀ ਸਥਾਪਨਾ ਕਰਨ ਆਏ ਸਨ, ਜਿਸ ਦਾ ਆਧਾਰ 'ਇਕ ਨਿਰੰਕਾਰ ਵਿਚ ਦ੍ਰਿੜ੍ਹ ਵਿਸ਼ਵਾਸ' ਸੀ। ਧਰਤੀ ਉੱਪਰ ਸੱਚ ਅਤੇ ਸਮਾਨਤਾ ਦਾ ਭਾਈਚਾਰਾ ਸਥਾਪਿਤ ਕਰਨਾ, ਮਾਨਵਤਾ ਨੂੰ ਗੁਰੂ ਦੇ ਲੜ ਲਾਉਣਾ ਗੁਰੂ ਜੀ ਦਾ ਮੁੱਖ ਮੰਤਵ ਸੀ। ਇਸੇ ਮੰਤਵ ਦੀ ਪੂਰਤੀ ਹਿਤ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਨਾਲ ਲੈ ਕੇ ਸੁਲਤਾਨਪੁਰ ਦੀ ਪਾਵਨ ਧਰਤੀ ਤੋਂ ਵੱਖ-ਵੱਖ ਦਿਸ਼ਾਵਾਂ ਵਿਚ ਜਾ ਕੇ ਉਦਾਸੀਆਂ ਕੀਤੀਆਂ।

ਭਾਈ ਗੁਰਦਾਸ ਦੀਆਂ ਵਾਰਾਂ ਅਨੁਸਾਰ :

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਵਾਰ 1:24)

'ਗੁਰੂ ਸਾਹਿਬ ਨੇ ਅਨੁਭਵ ਕੀਤਾ ਕਿ ਮਰਦਾਨੇ ਨੂੰ ਰਬਾਬ ਦੀ ਲੋੜ ਹੈ। ਰਬਾਬ ਤੰਦੀ ਤੇ ਤਾਰ ਦਾ ਇਕ ਸਾਜ਼ ਹੈ, ਜੋ ਆਮ ਨਹੀਂ ਮਿਲਦਾ ਸੀ। ਭਾਲ ਕਰਨ 'ਤੇ ਇਹ ਪਤਾ ਲੱਗਾ ਕਿ ਸੁਲਤਾਨਪੁਰ ਦੇ ਦੱਖਣ-ਪੱਛਮ ਵੱਲ ਇਕ ਪਿੰਡ ਭਰੋਆਣਾ ਹੈ, ਉਥੇ ਭਾਈ ਫਰਿੰਦੇ ਕੋਲ ਰਬਾਬ ਹੈ ਤੇ ਉਹ ਮੰਗਣ 'ਤੇ ਦੇ ਦੇਵੇਗਾ। ਗੁਰੂ ਨਾਨਕ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਭੈਣ ਨਾਨਕੀ ਕੋਲੋਂ ਕੁਝ ਰੁਪਏ ਲੈ ਕੇ ਉਹ ਫਰਿੰਦੇ ਨੂੰ ਮਿਲੇ ਤੇ ਰਬਾਬ ਲੈ ਆਵੇ। ਭਾਈ ਫਰਿੰਦਾ ਆਪ ਸੁਲਤਾਨਪੁਰ ਆ ਕੇ ਗੁਰੂ ਜੀ ਨੂੰ ਰਬਾਬ ਦੇ ਗਿਆ।' ਸ੍ਰੀ ਗੁਰੂ ਨਾਨਕ ਦੇਵ ਜੀ ਪਾਖੰਡ, ਭੇਖ, ਵਹਿਮ, ਜਬਰ ਤੇ ਜ਼ੁਲਮ ਵਿਰੁੱਧ ਭਾਈ ਮਰਦਾਨੇ ਨੂੰ ਨਾਲ ਲੈ ਕੇ ਉਦਾਸੀਆਂ ਲਈ ਚੱਲ ਪਏ।

ਮਰਦਾਨਾ ਲੈ ਸੰਗ ਤਯਾਗ ਗੁਰ ਪੁਰ ਸੁਲਤਾਨੇ।

ਗੁਰੂ ਸਾਹਿਬ ਨੇ ਅਕਾਲ ਪੁਰਖ ਦਾ ਹੁਕਮ ਪ੍ਰਵਾਨ ਕੀਤਾ ਅਤੇ ਮਨੁੱਖਤਾ ਦੇ ਭਲੇ ਲਈ ਵੱਖ-ਵੱਖ ਦਿਸ਼ਾਵਾਂ ਵਿਚ ਸੱਚ ਧਰਮ ਦਾ ਪ੍ਰਚਾਰ ਕੀਤਾ। ਇਸ ਕਰਕੇ ਸੁਲਤਾਨਪੁਰ ਲੋਧੀ ਦੀ ਧਰਤੀ ਨੂੰ ਸਿੱਖ ਮਹਾਨ ਪਵਿੱਤਰ ਅਸਥਾਨ ਦਾ ਦਰਜਾ ਦਿੰਦੇ ਹਨ।

# ਭਾਰਤ ਪਾਕਿ ਦੋਸਤੀ ਦਾ ਆਧਾਰ ਸਿਰਜੇਗਾ ਗੁਰੂ ਨਾਨਕ ਬਾਬੇ ਦਾ ਕਰਤਾਰਪੁਰ ਲਾਂਘਾ

ਇਮਤਿਆਜ਼ ਆਲਮ

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਅਵਸਰ 'ਤੇ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਸਿੱਖ ਭਾਈਚਾਰੇ ਦਾ ਵੈਟੀਕਨ ਬਣ ਕੇ ਉੱਭਰਿਆ ਹੈ। ਇਸ ਨੇਕ ਕੰਮ ਦੀ ਸ਼ੁਰੂਆਤ ਪਾਕਿਸਤਾਨ ਦੇ ਥਲ ਸੈਨਾ ਦੇ ਮੁਖੀ ਜਨਰਲ ਬਾਜਵਾ ਅਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਇਸਲਾਮਾਬਾਦ ਵਿਚ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਸਮੇਂ ਹੋਈ ਆਪਸੀ ਗੱਲਬਾਤ ਨਾਲ ਹੋਈ ਸੀ। ਇਸ ਤੋਂ ਬਾਅਦ ਕਰਤਾਰਪੁਰ ਦੇ ਲਾਂਘੇ ਦੀ ਉਸਾਰੀ ਦੀ ਸ਼ੁਰੂਆਤ ਹੋਈ ਤੇ ਇਹ ਬੜੀ ਤੇਜ਼ੀ ਨਾਲ ਮੁਕੰਮਲ ਹੋ ਗਿਆ। ਇਹ ਪਾਕਿਸਤਾਨ ਅਤੇ ਭਾਰਤ ਦੇ ਦਰਮਿਆਨ ਇਸ ਤਰ੍ਹਾਂ ਦਾ ਪਹਿਲਾ ਲਾਂਘਾ ਹੈ। ਇਸ ਨਾਲ ਸ਼ਰਧਾਲੂਆਂ ਨੂੰ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਤੋਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਤੱਕ ਬਿਨਾਂ ਵੀਜ਼ਾ ਯਾਤਰਾ ਕਰਨ ਦੀ ਖੁੱਲ੍ਹ ਮਿਲ ਗਈ ਹੈ। ਇਸ ਤਰ੍ਹਾਂ 72 ਸਾਲ ਬਾਅਦ ਸਿੱਖ ਮੱਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਆਖ਼ਰੀ ਰਿਹਾਇਸ਼ਗਾਹ ਦੇ ਦਰਸ਼ਨ ਹੋਣੇ ਆਰੰਭ ਹੋ ਗਏ ਹਨ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਰਾਇ ਭੋਇ ਦੀ ਤਲਵੰਡੀ ਨਨਕਾਣਾ ਸਾਹਿਬ ਵਿਖੇ ਹੋਇਆ ਸੀ। ਪਰ ਉਨ੍ਹਾਂ ਦਾ ਆਖਰੀ ਬਸੇਰਾ ਕਰਤਾਰਪੁਰ ਬਣਿਆ ਸੀ। ਜਦੋਂ 1920 ਵਿਚ ਹੜ੍ਹਾਂ ਕਾਰਨ ਗੁਰਦੁਆਰਾ ਦਰਬਾਰ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ, ਤਾਂ ਕੈਪਟਨ ਅਮਰਿੰਦਰ ਸਿੰਘ ਦੇ ਦਾਦਾ ਅਤੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਉਸ ਦੀ ਦੁਬਾਰਾ ਤੋਂ ਤਾਮੀਰ ਕਰਵਾਈ ਸੀ। ਪਰ 1947 ਵਿਚ ਦੇਸ਼ ਦੀ ਵੰਡ ਹੋਣ ਤੋਂ ਬਾਅਦ ਸਿੱਖਾਂ ਦੀ ਗੁਰਦੁਆਰਾ ਸਾਹਿਬ ਤੱਕ ਰਸਾਈ ਖ਼ਤਮ ਹੋ ਕੇ ਰਹਿ ਗਈ ਸੀ। ਗੁਰੂ ਨਾਨਕ ਦੇਵ ਜੀ ਦਾ ਜਨਮ ਤਾਂ ਹਿੰਦੂ ਧਰਮ ਵਿਚ ਹੋਇਆ ਸੀ। ਪਰ ਉਨ੍ਹਾਂ ਦਾ ਸੰਦੇਸ਼ ਹਿੰਦੂਆਂ, ਮੁਸਲਮਾਨਾਂ ਅਤੇ ਹੋਰ ਸਾਰੇ ਵਰਗਾਂ ਦੇ ਲੋਕਾਂ ਲਈ ਸਾਂਝਾ ਸੀ। ਜਿਸ ਤਰ੍ਹਾਂ ਕਿ ਹਿੰਦੂ ਮੱਤ ਅਤੇ ਇਸਲਾਮ ਦੇ ਵਿਚਕਾਰ ਪੈਦਾ ਹੋਈ ਕੱਟੜਤਾ ਦੇ ਪ੍ਰਤੀਕਰਮ ਵਜੋਂ ਭਗਤੀ ਲਹਿਰ ਉੱਭਰੀ ਸੀ, ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਵੀ ਇਨਸਾਨੀ ਭਾਈਚਾਰੇ ਤੇ ਇਨਸਾਨੀ ਖ਼ਿਦਮਤ ਦੇ ਸਮਰਥਕ ਸਨ। ਗੁਰੂ ਨਾਨਕ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਦਰਜ ਕੀਤੀ ਗਈ ਹੈ, ਉਸ ਵਿਚ ਜੋ ਨਾਮ ਜਪਣ ਦਾ ਅਸੂਲ ਹੈ, ਉਸ ਦਾ ਅਰਥ ਹੈ ਇਕ ਰੱਬ ਨੂੰ ਸਮਰਪਿਤ ਹੋਣਾ। ਇਸ ਤਰ੍ਹਾਂ ਸਿੱਖਾਂ ਅਤੇ ਮੁਸਲਮਾਨਾਂ ਦਾ ਰੱਬ ਇਕ ਹੀ ਹੈ ਅਤੇ ਇਹ ਸੂਫ਼ੀਆਂ ਦੇ ਵਹਿਦਤ ਅਲ ਵਜੂਦ ਦੇ ਫਲਸਫ਼ੇ ਦੀ ਤਰ੍ਹਾਂ ਹੈ ਅਤੇ ਨਿਰਗੁਣ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਦੂਜਾ ਅਸੂਲ ਵੰਡ ਛਕੋ ਹੈ ਭਾਵ ਮਿਲ ਕੇ ਖਾਓ ਅਤੇ ਤੀਜਾ ਅਸੂਲ ਕਿਰਤ ਕਰਨ ਦਾ ਹੈ। ਗੁਰੂ ਜੀ ਜਾਤੀ ਮੁਫ਼ਾਦ ਅਤੇ ਨਿੱਜੀ ਮਲਕੀਅਤ ਦੇ ਖ਼ਿਲਾਫ਼ ਸਨ ਅਤੇ ਸਾਰੀ ਲੋਕਾਈ ਦੀ ਖ਼ਿਦਮਤ ਦੇ ਹੱਕ ਵਿਚ ਸਨ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਜਾਤ-ਪਾਤ ਅਤੇ ਰੰਗ-ਨਸਲ ਦੇ ਆਧਾਰ 'ਤੇ ਇਨਸਾਨਾਂ ਵਿਚ ਵੰਡੀਆਂ ਪਾਉਣ ਦੇ ਖ਼ਿਲਾਫ਼ ਸਨ ਅਤੇ ਸਾਰੇ ਲੋਕਾਂ ਦਰਮਿਆਨ ਬਰਾਬਰੀ ਅਤੇ ਭਾਈਚਾਰਾ ਚਾਹੁੰਦੇ ਸਨ। ਸਿੱਖ ਭਾਈਚਾਰੇ ਦੇ ਆਖਰੀ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕਕਾਰਾਂ ਦੇ ਆਧਾਰ 'ਤੇ ਸਿੱਖਾਂ ਨੂੰ ਇਕ ਵੱਖਰੀ ਪਛਾਣ ਦਿੱਤੀ ਸੀ। ਜਿਥੋਂ ਤੱਕ ਕਰਤਾਰਪੁਰ ਦਾ ਸਬੰਧ ਹੈ, ਉਥੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸ਼ਰਧਾਲੂ ਇਕ ਕਮਿਊਨ ਦੀ ਤਰ੍ਹਾਂ ਰਹਿੰਦੇ ਸਨ ਅਤੇ ਉਹ ਸਾਰੇ ਮਿਲ ਕੇ ਖੇਤੀਬਾੜੀ ਕਰਦੇ ਸਨ, ਮਿਲ-ਬੈਠ ਕੇ ਖਾਂਦੇ ਅਤੇ ਕੀਰਤਨ ਕਰਦੇ ਸਨ। ਉਹ ਕਿਸੇ ਵੀ ਤਰ੍ਹਾਂ ਦੀਆਂ ਮਜ਼੍ਹਬੀ ਵੰਡੀਆਂ ਨੂੰ ਨਹੀਂ ਮੰਨਦੇ ਸਨ ਅਤੇ ਸਾਦੀ ਅਤੇ ਪਵਿੱਤਰ ਜ਼ਿੰਦਗੀ ਗੁਜ਼ਾਰਦੇ ਸਨ।






ਭਾਰਤ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਸਿੱਖ ਭਾਈਚਾਰੇ ਵਲੋਂ ਪਾਕਿਸਤਾਨ ਵਲੋਂ ਲਾਂਘਾ ਖੋਲ੍ਹਣ ਦੀ ਬੇਹੱਦ ਪ੍ਰਸ਼ੰਸਾ ਹੋ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਕਸ਼ਮੀਰ ਅਤੇ ਕਈ ਹੋਰ ਮੁੱਦਿਆਂ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਗਹਿਰੀ ਬੇਵਿਸ਼ਵਾਸੀ ਪਾਈ ਜਾ ਰਹੀ ਹੈ। ਮੈਨੂੰ ਯਾਦ ਹੈ ਕਿ ਕੁਝ ਸਾਲ ਪਹਿਲਾਂ ਜਦੋਂ ਸਾਫਮਾ ਵਲੋਂ ਪਾਕਿਸਤਾਨੀ ਪੱਤਰਕਾਰਾਂ ਦਾ ਇਕ ਵਫ਼ਦ ਭਾਰਤੀ ਕਸ਼ਮੀਰ ਗਿਆ ਸੀ ਤਾਂ ਉਸ ਵਫ਼ਦ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ ਸੀ। ਪਰ ਇਸ ਯਾਤਰਾ ਦੇ ਨਤੀਜੇ ਵਜੋਂ ਕਸ਼ਮੀਰ ਦੇ ਦੋਵਾਂ ਹਿੱਸਿਆਂ ਦਰਮਿਆਨ ਤਜ਼ਾਰਤ ਦੀ ਸ਼ੁਰੂਆਤ ਹੋ ਗਈ ਸੀ। ਇਸੇ ਤਰ੍ਹਾਂ ਅਸੀਂ ਜਦੋਂ ਦੋਵਾਂ ਪੰਜਾਬਾਂ ਦਰਮਿਆਨ ਸਹਿਯੋਗ ਵਧਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਤਾਂ ਦਿੱਲੀ ਵਿਚ ਉਸ ਸਬੰਧੀ ਵੀ ਹਿਚਕਿਚਾਹਟ ਦਿਖਾਈ ਗਈ ਸੀ। ਉਸ ਸਮੇਂ ਅਸੀਂ ਦੋਵਾਂ ਦੇਸ਼ਾਂ ਦਰਮਿਆਨ ਇਕ ਅਮਨ ਪਾਰਕ ਬਣਾਉਣ ਦੀ ਤਜਵੀਜ਼ ਵੀ ਰੱਖੀ ਸੀ। ਇਸ ਅਮਨ ਪਾਰਕ ਦੀ ਤਜਵੀਜ਼ ਵਿਚ ਬਿਨਾਂ ਪਾਸਪੋਰਟ ਤੇ ਵੀਜ਼ੇ ਦੇ ਲੋਕਾਂ ਨੂੰ ਮਿਲਣ-ਗਿਲਣ ਦੇਣਾ, ਦੋਵਾਂ ਦੇਸ਼ਾਂ ਦੀਆਂ ਵਸਤਾਂ ਦੀਆਂ ਨੁਮਾਇਸ਼ਾਂ ਲਾਉਣੀਆਂ, ਸੱਭਿਆਚਾਰਕ ਸਰਗਰਮੀਆਂ ਅਤੇ ਹੋਰ ਤਜ਼ਾਰਤੀ ਸਰਗਰਮੀਆਂ ਦੀ ਇਜਾਜ਼ਤ ਦੇਣਾ ਆਦਿ ਮੰਗਾਂ ਸ਼ਾਮਿਲ ਸਨ। ਦਿਲਚਸਪ ਗੱਲ ਇਹ ਹੈ ਕਿ ਉਸ ਸਮੇਂ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਵੇਜ਼ ਇਲਾਹੀ, ਨਵਾਜ਼ ਸ਼ਰੀਫ਼ ਅਤੇ ਚੌਧਰੀ ਸੱਜਾਦ ਹੁਸੈਨ ਆਦਿ ਇਸ ਤਜਵੀਜ਼ ਦੇ ਪੂਰੀ ਤਰ੍ਹਾਂ ਸਮਰਥਕ ਸਨ। ਚੜ੍ਹਦੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉੱਘੇ

ਬਾਕੀ ਸਫ਼ਾ 28 'ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਉੱਚਾ ਦਰ ਬਾਬੇ ਨਾਨਕ ਦਾ

**ਹਰਦੇਵ ਚੌਹਾਨ**

ਛੋਟੇ ਹੁੰਦਿਆਂ ਬਾਬਾ ਜੀ ਦੱਸਦੇ ਹੁੰਦੇ ਸਨ ਕਿ ਸਾਲ 1947 ਦੌਰਾਨ ਉਸ ਵੇਲੇ ਦੇ ਅੰਗਰੇਜ ਵਪਾਰੀਆਂ ਅਤੇ ਰਾਜਸੀ ਨੇਤਾਵਾਂ ਦੀਆਂ ਮਾਰੂ ਨੀਤੀਆਂ ਅਤੇ ਸੌੜੇ ਹਿਤਾਂ ਦੇ ਕਾਰਨ ਖੁਸ਼ਹਾਲ ਤੇ ਹੱਸਦਾ-ਵਸਦਾ ਵਿਸ਼ਾਲ ਹਿੰਦੁਸਤਾਨ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ। ਮੁਸਲਮਾਨਾਂ ਲਈ ਇਸ ਦੇਸ਼ ਨੂੰ ਵੰਡ ਕੇ ਪਾਕਿਸਤਾਨ ਬਣਾ ਦਿੱਤਾ ਗਿਆ ਤੇ ਹਿੰਦੂ-ਸਿੱਖਾਂ ਲਈ ਭਾਰਤ।

ਉਸ ਵੇਲੇ ਇੱਧਰ ਵਸਦੇ ਮੁਸਲਮਾਨਾਂ ਨੂੰ ਨਵੇਂ ਬਣੇ ਪਾਕਿਸਤਾਨ ਵਿੱਚ ਜਾਣਾ ਪਿਆ, ਉੱਧਰ ਪਾਕਿਸਤਾਨ ਵਿੱਚੋਂ ਜ਼ਮੀਨਾਂ, ਜਾਇਦਾਦਾਂ, ਟੂੰਮਾਂ-ਛੱਲੇ ਤੇ ਜਹਾਜ਼ਾਂ ਵਰਗੀਆਂ ਹਵੇਲੀਆਂ ਦੇ ਮਾਲਕ ਹਿੰਦੂ ਅਤੇ ਸਿੱਖਾਂ ਨੂੰ ਉੱਜੜ-ਪੁੱਜੜ ਕੇ ਖਾਲੀ ਹੱਥੀਂ ਭਾਰਤ ਵਿੱਚ ਆਉਣਾ ਪਿਆ। ਭੈਣਾਂ-ਭਰਾਵਾਂ ਤੋਂ ਵੱਧ ਪਿਆਰ ਨਾਲ ਰਹਿੰਦੇ ਹਿੰਦੂ, ਸਿੱਖ ਤੇ ਮੁਸਲਮਾਨ ਇਸ ਸਦੀ ਦੇ ਮਨਹੂਸ ਬਟਵਾਰੇ ਕਾਰਨ ਤਨੋਂ-ਮਨੋਂ ਇੱਕ, ਦੂਜੇ ਤੋਂ ਕੋਹਾਂ ਦੂਰ ਹੋ ਗਏ। ਉਸ ਸਮੇਂ ਦੋਹਾਂ ਦੇਸ਼ਾਂ ਵਿੱਚ ਮਾਨਵਤਾ ਦੇ ਦੋਖੀਆਂ ਦੁਆਰਾ ਹਜ਼ਾਰਾਂ ਬੇਦੋਸ਼ਿਆਂ ਨੂੰ ਲੁੱਟ, ਪੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ, ਜਿਸ ਦੀ ਦਰਦ ਭਰੀ ਚੀਸ ਅੱਜ ਵੀ ਬਰਕਰਾਰ ਹੈ।

ਆਪਣੇ ਪੀਰਾਂ-ਫਕੀਰਾਂ ਦੀਆਂ ਦਰਗਾਹਾਂ ਅਤੇ ਮਸਜ਼ਿਦਾਂ-ਮਸੀਤਾਂ ਵਿੱਚ ਈਦ, ਬਕਰੀਦ ਅਤੇ ਉਰਸ ਮਨਾਉਣ ਲਈ ਹੁਣ ਉੱਧਰ ਵਾਲੇ ਮੁਸਲਮਾਨ ਇੱਥੇ ਭਾਰਤ ਵਿੱਚ ਆਉਂਦੇ ਹਨ। ਸਾਡੇ ਦੇਸ਼ ਦੇ ਹਿੰਦੂ ਕਟਾਸ ਰਾਜ ਦੀ ਯਾਤਰਾ ਲਈ ਪਾਕਿਸਤਾਨ ਜਾਂਦੇ ਹਨ। ਉੱਧਰ ਸਿੱਖਾਂ ਦੇ ਵੀ ਬੜੇ ਧਾਰਮਿਕ ਅਸਥਾਨ ਹਨ। ਇੱਧਰਲੇ ਗੁਰੂ ਪਿਆਰੇ, ਬਾਬੇ ਨਾਨਕ ਦੇ ਗੁਰਦੁਆਰੇ ਸ੍ਰੀ ਪੰਜਾਂ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਉੱਤੇ ਆਪਦੇ ਸੀਸ ਨਿਵਾਉਣ ਜਾਂਦੇ ਰਹਿੰਦੇ ਹਨ। ਦੇਸ਼ਾਂ, ਵਿਦੇਸ਼ਾਂ ਦੇ ਹਜ਼ਾਰਾਂ ਸ਼ਰਧਾਲੂ ਵੀ ਇਸ ਮੌਕੇ ਗੁਰਧਾਮਾਂ ਦੀ ਯਾਤਰਾ ਦੌਰਾਨ ਬੜੀ ਸ਼ਰਧਾ ਨਾਲ ਪਾਕਿਸਤਾਨ ਸਥਿੱਤ ਗੁਰਦੁਆਰਿਆਂ ਦੇ ਦਰਸ਼ਨ-ਦੀਦਾਰੇ ਕਰਦੇ ਹਨ।

ਹੁਣ ਸਰਬ ਸਾਂਝੇ ਬਾਬੇ ਨਾਨਕ ਦਾ ਪੰਜ ਸੌ ਪੰਜਾਹਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਬੜੀ ਸ਼ਰਧਾ ਨਾਲ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਤਿਆਰੀਆਂ ਚੱਲ ਰਹੀਆਂ ਹਨ। ਗੁਆਂਢੀ ਮੁਲਕ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਫਰਾਖ਼ ਦਿਲੀ ਅਤੇ ਸਾਡੀਆਂ ਹਕੂਮਤਾਂ ਦੇ ਸਹਿਯੋਗ ਨਾਲ ਗੁਰੂ ਪਿਆਰੀਆਂ ਸੰਗਤਾਂ ਵਾਸਤੇ ਕਰਤਾਰਪੁਰ ਸਾਹਿਬ ਲਈ ਵਿਸ਼ੇਸ਼ ਲਾਂਘਾ ਬਣਾਉਣ ਵਾਲਾ ਕਾਰਜ ਲਗਭਗ ਮੁਕੰਮਲ ਹੋ ਰਿਹਾ ਹੈ। ਇਸ ਕਾਰਜ ਲਈ ਦੇਸ਼ਾਂ, ਵਿਦੇਸ਼ਾਂ ਵਿੱਚ ਬੈਠੇ ਗੁਰੂ ਘਰ ਦੇ ਲੱਖਾਂ ਪਿਆਰੇ ਕਈ ਦਹਾਕਿਆਂ ਤੋਂ ਆਪਣੇ ਧਰਮ ਅਸਥਾਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਅਰਦਾਸਾਂ, ਅਰਜੋਈਆਂ ਪਏ ਕਰ ਰਹੇ ਸਨ। ਸਾਡਾ ਬਾਬਾ ਜਾਣੀਜਾਣ ਹੈ ... ਬਿਨਾਂ ਕਿਸੇ ਵਿਤਕਰੇ ਦੇ ਉਹ ਅਪਾਰ ਬਰਕਤਾਂ ਦੇ ਨਾਲ ਸਭਨਾਂ ਦੇ ਹਿਰਦੇ ਠਾਰਦਾ ਹੈ ... ਇਸ ਧਾਰਮਿਕ ਆਸਥਾ ਪੱਖੀ ਵਰਤਾਰੇ ਨਾਲ ਯਕੀਨਨ 1947 ਦੀ ਦੇਸ਼ ਵੰਡ ਵਾਲੀ ਪੀੜ ਵੀ ਥੋੜ੍ਹੀ ਘਟ ਜਾਏਗੀ ...।

ਅਸੀਂ ਵੀ ਤਿੰਨ ਕੁ ਦਹਾਕੇ ਪਹਿਲਾਂ ਤਿੰਨ ਹਜ਼ਾਰ ਸਿੱਖ ਯਾਤਰੀਆਂ ਦੇ ਜੱਥੇ ਨਾਲ ਸਰਬ ਸਾਂਝੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਪੁਰਬ ਮਨਾਉਣ ਲਈ ਪਾਕਿਸਤਾਨ ਗਏ ਸੀ। ਤਿੰਨ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਅਸੀਂ ਅੱਧੇ ਕੁ ਘੰਟੇ ਵਿੱਚ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੋਂ ਛੇਹਰਟਾ, ਖਾਸਾ ਤੇ ਗੁਰੂਸਰ ਹੁੰਦੇ ਹੋਏ ਅਟਾਰੀ ਪਹੁੰਚ ਗਏ। ਅਟਾਰੀ ਪਾਕਿਸਤਾਨ ਦੇ ਸ਼ਹਿਰ ਲਾਹੌਰ ਨਾਲ ਲੱਗਦਾ ਭਾਰਤੀ ਸੀਮਾ ਦਾ ਆਖਰੀ ਪਿੰਡ ਹੈ। ਇੱਥੇ ਭਾਰਤ ਸਰਕਾਰ ਦੇ ਕਰਮਚਾਰੀਆਂ ਦੁਆਰਾ ਇੰਮੀਗਰੇਸ਼ਨ, ਵੀਜ਼ਾ, ਪਾਸਪੋਰਟ ਤੇ ਹੋਰ ਜ਼ਰੂਰੀ ਕਾਗਜ਼ਾਂ ਦੀ ਪੜਤਾਲ ਹੁੰਦੀ ਹੈ। ਇੱਥੋਂ ਚੱਲੀਆਂ



ਗੱਡੀਆਂ ਅੱਖ-ਪਲਕਾਰੇ ਵਿੱਚ ਗੁਆਂਢੀ ਮੁਲਕ ਪਾਕਿਸਤਾਨ ਦੇ ਵਾਹਗਾ ਬਾਡਰ ਉੱਤੇ ਜਾ ਰੁਕਦੀਆਂ ਹਨ।

ਇੱਥੇ ਪਹੁੰਚ ਕੇ ਖੁਸ਼ੀ ਵੀ ਬੜੀ ਹੋਈ ਤੇ ਹੈਰਾਨੀ ਵੀ। ਖੁਸ਼ੀ ਇਸ ਲਈ ਹੋਈ ਕਿ ਅਸੀਂ ਬੇਗਾਨੇ ਮੁਲਕ ਦੀ ਉਸ ਪਵਿੱਤਰ ਧਰਤੀ ਉੱਤੇ ਪਹੁੰਚ ਗਏ, ਜਿੱਥੇ ਸਾਡੇ ਵੱਡੇ-ਵਡੇਰੇ ਜੰਮੇ-ਪਲੇ ਤੇ ਇੱਕ ਦੂਜੇ ਨਾਲ ਹੱਸਦੇ, ਖੇਡਦੇ ਵੱਡੇ ਹੋਏ ਸਨ। ਰਹੀ ਗੱਲ ਹੈਰਾਨੀ ਦੀ, ਹੈਰਾਨੀ ਸਿਰਫ਼ ਉਸ ਸੀਮਾ-ਰੇਖਾ ਦੇ ਫਾਸਲੇ ਨੂੰ ਵੇਖਕੇ ਹੋਈ ਜਿਸਨੂੰ ਸਿਰਫ ਪੰਜ, ਦਸ ਮਿੰਟਾਂ ਦੇ ਸਫ਼ਰ ਵਿੱਚ ਤੈਅ ਕਰ ਲਿਆ ਸੀ। ਉਹ ਫਾਸਲਾ, ਜਿਸਨੇ ਸਾਡੇ ਬਜ਼ੁਰਗਾਂ ਤੇ ਹਮਸਾਇਆਂ ਦੀ ਪ੍ਰੀਤਾਂ ਭਰੀ ਧਰਤੀ ਨੂੰ ਕੰਡਿਆਲੀਆਂ ਤਾਰਾਂ ਦੇ ਨਾਲ ਦੇਸ਼ ਅਤੇ ਪ੍ਰਦੇਸ਼ ਵਿੱਚ ਵੰਡ ਦਿੱਤਾ ਹੈ।

ਵਾਹਗਾ ਬਾਰਡਰ ਉੱਤੇ ਸਾਡੇ ਸੁਆਗਤ ਲਈ ਰੰਗੀਨ ਸ਼ਾਮਿਆਨੇ ਲੱਗੇ ਹੋਏ ਸਨ। ਕੁੜਤੇ-ਪਜਾਮੇ ਪਹਿਨੀ ਪਾਕਿਸਤਾਨ ਦੇ ਮੁਸਲਮਾਨ ਅਧਿਕਾਰੀਆਂ ਨੇ ਸਾਡੇ ਕਾਗਜ਼-ਪੱਤਰਾਂ ਦੀ ਪੜਤਾਲ ਕੀਤੀ ਤੇ ਪਾਸਪੋਰਟਾਂ ਉੱਤੇ ਪਾਕਿਸਤਾਨ ਵਿੱਚ ਦਾਖਲ ਹੋਣ ਦੀਆਂ ਮੋਹਰਾਂ ਲਾਈਆਂ। ਕਾਗਜ਼ੀ ਕਾਰਵਾਈ ਤੋਂ ਬਾਅਦ ਯਾਤਰੀਆਂ ਨੂੰ ਬੜੇ ਤਪਾਕ ਨਾਲ ਚਾਹ-ਪਾਣੀ ਛਕਾਇਆ ਗਿਆ। ਕੜਾਹ-ਪੂਰੀਆਂ, ਲੱਡੂ-ਜਲੇਬੀਆਂ, ਮੇਸੂ, ਬਰਫੀ ਅਤੇ ਹਰੀਆਂ ਇਲਾਚੀਆਂ ਵਾਲੀ ਵਿਦੇਸ਼ੀ ਚਾਹ ਦੀ ਮਹਿਕ ਅਤੇ ਸੁਆਦ ਵੀ ਆਪਣੇ ਦੇਸ਼ ਵਰਗਾ ਹੀ ਸੀ। ਉਹਨਾਂ ਦੀ ਪ੍ਰਾਹੁਣਚਾਰੀ ਨੂੰ ਵੇਖ ਕੇ ਇੰਝ ਮਹਿਸੂਸ ਹੋਇਆ ਕਿ ਜਿਵੇਂ ਅਸੀਂ ਮੁੱਦਤਾਂ ਬਾਅਦ ਆਪਣੇ ਵਿੱਛੜੇ ਹੋਏ ਚਾਚੇ, ਤਾਇਆਂ ਦੇ ਪੁੱਤ-ਭਰਾਵਾਂ ਨੂੰ ਮਿਲ ਰਹੇ ਹੋਈਏ।

ਸੂਰਜ ਢਲਦਾ ਹੈ ਤਾਂ ਗੱਡੀਆਂ ਹੌਲੀ-ਹੌਲੀ ਅੱਗੇ ਚੱਲ ਪੈਂਦੀਆਂ ਹਨ। ਇੱਥੋਂ ਜੱਲੋ ਸਟੇਸ਼ਨ ਤੋਂ ਬਾਅਦ ਵੀਹ, ਤੀਹ ਮਿੰਟਾਂ ਵਿੱਚ ਪਾਕਿਸਤਾਨ ਦੇ ਪੁਰਾਤਨ ਤੇ ਮਕਬੂਲ ਸ਼ਹਿਰ ਲਾਹੌਰ ਦਾ ਰੇਲਵੇ-ਸਟੇਸ਼ਨ ਆ ਜਾਂਦਾ ਹੈ। ਸਟੇਸ਼ਨ ਤੇ ਖੜ੍ਹੇ ਮੁਸਲਮਾਨ ਯਾਤਰੀ, ਸਿੱਖਾਂ ਨੂੰ ਵੇਖ ਕੇ ਬੜੇ ਖੁਸ਼ ਹੁੰਦੇ ਹਨ। ਮੁਹੱਬਤ ਵੱਸ ਉਹ ਆਪਿਉਂ ਬਾਹਰ ਹੋ ਕੇ ਸਾਨੂੰ ਕਲਾਵੇ ਵਿੱਚ ਲੈਣ ਲਈ ਅੱਗੇ ਵਧਦੇ ਹਨ ਪਰ ਸਾਡੀ ਗੱਡੀ ਦੇ ਨਾਲ, ਨਾਲ ਪਹਿਰੇ ਲਈ ਖੜ੍ਹੇ ਪੁਲਸ ਦੇ ਵਰਦੀਧਾਰੀ ਸਿਪਾਹੀ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੰਦੇ ਹਨ।

ਰਾਤ ਪੈਂਦਿਆਂ ਹੀ ਸਾਡੀਆਂ ਗੱਡੀਆਂ ਹਨੇਰੇ ਵਿੱਚ ਪਾਕਿਸਤਾਨ ਦੇ ਜ਼ਿਲ੍ਹੇ ਅੱਟਕ ਵਲ ਤੁਰ ਪੈਂਦੀਆਂ ਹਨ। ਰਾਤ ਭਰ ਚੱਲਕੇ, ਤੜਕੇ-ਤੜਕੇ ਸਾਡੀਆਂ ਗੱਡੀਆਂ ਹਸਨ ਅਬਦਾਲ ਨਾਂ ਦੇ ਰੇਲਵੇ ਸਟੇਸ਼ਨ ਉੱਤੇ ਜਾ ਰੁਕਦੀਆਂ ਹਨ। ਯਾਤਰਾ ਕਰਨ ਤੋਂ ਪਹਿਲਾਂ ਮਨ ਵਿੱਚ ਇੱਕ ਖਾਹਿਸ਼ ਸਮਾਈ ਹੁੰਦੀ ਹੈ ਕਿ ਪਾਕਿਸਤਾਨ ਜਾ ਕੇ ਉੱਥੋਂ ਦੇ ਸ਼ਹਿਰ ਵੇਖਾਂਗੇ ਉੱਥੋਂ ਦੇ ਲੋਕ ਵੇਖਾਂਗੇ ... ਉੱਥੋਂ ਦੇ ਪਸ਼ੂ-ਪੰਛੀ ਅਤੇ ਖੇਤ-ਬੰਨੇ ਵੇਖਾਂਗੇ। ਐਪਰ ਰਾਤ ਦੇ ਹਨੇਰੇ ਵਾਲੇ ਸਫਰ ਦੌਰਾਨ ਕੋਈ ਵੀ ਖਾਹਿਸ਼ ਪੂਰੀ ਨਹੀਂ ਹੁੰਦੀ।

ਗੁਰਦੁਆਰਾ ਸ੍ਰੀ ਪੰਜਾਂ ਸਾਹਿਬ ਹਸਨ ਅਬਦਾਲ ਰੇਲਵੇ ਸਟੇਸ਼ਨ ਤੋਂ ਥੋੜ੍ਹੀ ਕੁ ਦੂਰ ਸਥਿਤ ਹੈ। ਪੱਛਮ ਵੱਲ ਦੀ ਚੌਥੀ ਯਾਤਰਾ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਬਲੋਚਸਤਾਨ, ਮੱਕਾ, ਬਗਦਾਦ, ਇਰਾਨ, ਕਾਬਲ ਤੇ ਕੰਧਾਰ ਤੋਂ ਹੁੰਦੇ ਹੋਏ ਹਸਨ ਅਬਦਾਲ ਆਏ ਸਨ। ਇੱਥੇ ਭਾਈ ਮਰਦਾਨੇ ਨੂੰ ਬੜੀ ਪਿਆਸ ਲੱਗ ਗਈ। ਗੁਰੂ ਜੀ ਦੇ ਕਹਿਣ ਤੇ ਭੁੱਖਾ, ਪਿਆਸਾ ਭਾਈ ਮਰਦਾਨਾ ਡਿੱਗਦਾ, ਢਹਿੰਦਾ ਪਾਣੀ ਪੀਣ ਲਈ ਉੱਚੀ ਪਹਾੜੀ ਉੱਤੇਬੈਠੇ ਵਲੀ ਕੰਧਾਰੀ ਕੋਲ ਚਲਾ ਗਿਆ।

ਅਭਿਮਾਨੀ ਵਲੀ ਕਧਾਰੀ ਦੀ ਸੁਣੋ ... ਉਸਨੇ ਭਾਈ ਮਰਦਾਨੇ ਨੂੰ ਪਾਣੀ ਦਾ ਇੱਕ ਲੋਟਾ ਨਹੀਂ ਸੀ ਪੀਣ ਦਿੱਤਾ। ਵਿਆਕੁਲ ਹੋਏ ਮਰਦਾਨੇ ਦੀ ਪਿਆਸ ਬੁਝਾਉਣ ਲਈ ਗੁਰੂ ਜੀ ਨੇ ਪਰਮਾਤਮਾ ਦੀ ਕ੍ਰਿਪਾ ਨਾਲ ਹੇਠਲੀ ਜ਼ਮੀਨ ਵਿੱਚੋਂ ਇੱਕ ਪੱਥਰ ਨੂੰ ਪੁੱਟ ਕੇ ਪਾਣੀ ਦਾ ਚਸ਼ਮਾ ਪੈਦਾ ਕਰ ਦਿੱਤਾ। ਕਰਨੀ ਰੱਬ ਦੀ, ਵਲੀ ਕੰਧਾਰੀ ਦੇ ਚਸ਼ਮੇ ਵਿੱਚੋਂ ਪਾਣੀ ਮੁੱਕ ਗਿਆ। ਉਸਨੇ ਗੁੱਸੇ ਵਿੱਚ ਆ ਕੇ ਬਦਲਾ ਲੈਣ ਲਈ ਗੁਰੂ ਜੀ ਵੱਲ ਇੱਕ ਵੱਡਾ ਸਾਰਾ ਪੱਥਰ ਰੇੜ੍ਹ ਦਿੱਤਾ। ਸ਼ਾਂਤ-ਚਿੱਤ ਬੈਠੇ ਗੁਰੂ ਜੀ ਨੇ ਭਾਰੀ ਪੱਥਰ ਨੂੰ ਆਪਣੇ ਪੰਜੇ ਨਾਲ ਰੋਕ ਲਿਆ। ਉਹ ਇਤਿਹਾਸਕ ਪੱਥਰ ਅੱਜ ਵੀ ਇਸ ਅਸਥਾਨ ਉੱਤੇ ਪਿਆ ਹੋਇਆ ਹੈ ਤੇ ਉਸ ਉੱਤੇ ਗੁਰੂ ਜੀ ਦਾ ਪੰਜਾ ਉੱਕਿਰਆ ਹੋਇਆ ਹੈ। ਗੁਰੂ ਜੀ ਦੇ ਪੰਜੇ ਦੀ ਛੁਹ ਵਾਲਾ ਉਹ ਪਵਿੱਤਰ ਪੱਥਰ ਅਤੇ ਉਸ ਉੱਤੇ ਉੱਕਰਿਆ ਹੋਇਆ ਬਾਬੇ ਦੇ ਪੰਜੇ ਵਾਲਾ ਨਿਸ਼ਾਨ ਸਾਨੂੰ ਅੱਜ ਵੀ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਰੂਪੀ ਪੰਜ ਬੁਰਾਈਆਂ ਨੂੰ ਕਾਬੂ ਵਿੱਚ ਰੱਖਕੇ ਸੱਚਾ-ਸੁੱਚਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦਾ ਹੈ। ਇਸੇ ਸਥਾਨ ਉੱਤੇ ਹੀ ਆਲੀਸ਼ਾਨ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਬਣਿਆ ਹੋਇਆ ਹੈ।

ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿੱਚ ਰਹਿਣ ਲਈ ਬੇਸ਼ੁਮਾਰ ਕਮਰੇ ਬਣੇ ਹੋਏ ਹਨ। ਯਾਤਰੀ ਇੱਥੇ ਤਿੰਨ ਦਿਨ ਠਹਿਰਦੇ ਹਨ। ਗੁਰੂ ਘਰ ਦਾ ਲੰਗਰ ਅੱਠੇ ਪਹਿਰ ਵਰਤਦਾ ਰਹਿੰਦਾ ਹੈ। ਰਾਤ ਨੂੰ ਦੀਪਮਾਲਾ ਦੇ ਵੇਲੇ ਇੱਥੇ ਬੜਾ ਅਲੌਕਿਕ ਦ੍ਰਿਸ਼ ਵੇਖਣ ਨੂੰ ਮਿਲਦਾ ਹੈ। ਇੱਕ ਦਿਨ ਯਾਤਰੀਆਂ ਨੂੰ ਰਾਵਲਪਿੰਡੀ ਸ਼ਹਿਰ ਵਿਖਾਇਆ ਜਾਂਦਾ ਹੈ। ਤੀਸਰੇ ਦਿਨ ਯਾਤਰੀ ਸ੍ਰੀ ਨਨਕਾਣਾ ਸਾਹਿਬ ਦੀ ਯਾਤਰਾ ਆਰੰਭ ਕਰ ਦਿੰਦੇ ਹਨ। ਪਹਿਲੇ ਵਾਲੀਆਂ ਗੱਡੀਆਂ ਰਾਤ ਦੇ ਸਮੇਂ ਹੀ ਚੱਲਦੀਆਂ ਹਨ ਤੇ ਸਵੇਰੇ-ਸਵੇਰੇ ਰਾਏ ਭੋਏ ਦੀ ਤਲਵੰਡੀ ਪਹੁੰਚ ਜਾਂਦੀਆਂ ਹਨ।

ਲਹੌਰ ਤੋਂ 48 ਮੀਲ ਪੱਛਮ ਵੱਲ ਜ਼ਿਲ੍ਹਾ ਸ਼ੇਖੂਪਰਾ ਵਿੱਚ ਪਿਤਾ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦੇ ਘਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਸੀ। ਪਹਿਲਾਂ ਇਸ ਅਸਥਾਨ ਨੂੰ ਰਾਏਪੁਰ ਕਿਹਾ ਜਾਂਦਾ ਸੀ। ਸਮੇਂ, ਸਮੇਂ ਇਸ ਅਸਥਾਨ ਨੂੰ ਰਾਏ ਭੋਏ ਦੀ ਤਲਵੰਡੀ ਅਤੇ ਨਾਨਕਿਆਣਾ ਵੀ ਕਿਹਾ ਜਾਂਦਾ ਰਿਹਾ ਹੈ। ਅੱਜਕਲ ਇਸ ਪਵਿੱਤਰ ਅਸਥਾਨ ਨੂੰ ਸ੍ਰੀ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਦੇ ਜਨਮ-ਅਸਥਾਨ ਵਾਲੀ ਜਗ੍ਹਾ ਉੱਤੇ ਬਣੇ ਆਲੀਸ਼ਾਨ ਗੁਰਦੁਆਰੇ ਨੂੰ ਅਵਤਾਰ ਪੁਰਬ ਦੇ ਸਮੇਂ ਰੰਗ-ਬਰੰਗੀਆਂ ਰੌਸ਼ਨੀਆਂ ਨਾਲ ਸੁਸੱਜਿਤ ਕੀਤਾ ਜਾਂਦਾ ਹੈ।

ਕੀਨੀਆ, ਮਲੇਸ਼ੀਆ, ਸਿੰਗਾਪੁਰ, ਜਰਮਨੀ, ਕਾਬਲ, ਦੁਬਈ, ਜਪਾਨ, ਅਮਰੀਕਾ, ਇੰਗਲੈਂਡ, ਸੂਬਾ ਸਿੰਧ ਅਤੇ ਕਨੇਡਾ ਆਦਿ ਦੇਸ਼ਾਂ ਵਿੱਚੋਂ ਅਣਗਿਣਤ ਸ਼ਰਧਾਲੂ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਹੁੰਮਹੁਮਾ ਕੇ ਆਉਂਦੇ ਹਨ। ਇੱਥੇ ਗਹਿਮਾ-ਗਹਿਮੀ ਇੰਨੀ ਹੋ ਜਾਂਦੀ ਹੈ ਕਿ ਜ਼ਮੀਨ ਉੱਤੇ ਤਿਲ ਸੁੱਟਣ ਜੋਗੀ ਥਾਂ ਵੀ ਨਹੀਂ ਦਿਸਦੀ। ਅੰਦਰ ਗੁਰਦੁਆਰੇ ਵਿੱਚ ਅਲਾਹੀ ਕੀਰਤਨ ਦਾ ਪਰਵਾਹ ਚਲਦਾ ਰਹਿੰਦਾ ਹੈ ਤੇ ਬਾਹਰ ਸ੍ਰੀ ਨਨਕਾਣਾ ਸਾਹਿਬ ਦੇ ਬਜ਼ਾਰਾਂ ਵਿੱਚ ਮੇਲੇ ਵਰਗੀਆਂ ਰੌਣਕਾਂ ਵੇਖਣ ਵਾਲੀਆਂ ਹੁੰਦੀਆਂ ਹਨ।

ਗੁਰਦੁਆਰੇ ਦੇ ਪਿਛਾੜੀ ਖੁੱਲ੍ਹੇ ਮੈਦਾਨ ਵਿੱਚ ਲੱਗੇ ਹੋਏ ਪੰਘੂੜੇ ਅਸਮਾਨਾਂ ਨੂੰ ਛੂਹਦੇ ਹਨ। ਮੇਲੇ ਦੇ ਸ਼ੌਕੀਨ ਗੱਭਰੂ ਪੀਘਾਂ ਝੂਟਦੇ ਹਨ, ਗਰਮ-ਗਰਮ ਜਲੇਬੀਆਂ ਖਾਂਦੇ ਹਨ, ਸਿਨੇਮਾ ਵੇਖਦੇ ਹਨ ਤੇ ਮੌਤ ਦੇ ਖੂਹ ਵਿੱਚ ਚਲਦੇ ਹੋਏ ਮੋਟਰ-ਸਾਈਕਲ ਨੂੰ ਵੇਖ, ਵੇਖ ਕੇ ਖੁਸ਼ੀ ਨਾਲ ਖੀਵੇ ਹੁੰਦੇ ਹਨ। ਇੱਥੇ ਮੇਲੇ ਵਿੱਚ ਗਾਨੀਆਂ ਤੇ ਕੈਂਠੇ ਵਿਕਦੇ ਹਨ। ਤੋਤੇ ਕਿਸਮਤ ਦੇ ਕਾਰਡ ਕੱਢਦੇ ਹਨ। ਲੂਚੀਆਂ, ਭਠੂਰੇ ਤੇ ਗੋਲਗੱਪੇ ਵੇਚਣ ਵਾਲਿਆਂ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਮਿਲਦੀ। ਲੋਕ ਇੱਥੇ ਦੂਰੋਂ, ਦੂਰੋਂ ਬਾਹਰ ਨੂੰ ਵਧੇ ਹੋਏ ਰੰਗ ਬਰੰਗੇ ਛੱਜੇ ਵਾਲੀਆਂ ਸੋਹਣੀਆਂ, ਸੋਹਣੀਆਂ ਬੱਸਾਂ ਵਿੱਚ ਬੈਠਕੇ ਆਰਫ ਲੁਹਾਰ ਦੇ ਗੀਤ ਸੁਣਨ ਲਈ ਆਉਂਦੇ ਹਨ। ਮੇਲੇ ਦੀਆਂ ਰੌਣਕਾਂ ਵੇਖਕੇ ਇਵੇਂ ਲੱਗਦਾ ਹੈ ਜਿਵੇਂ ਅਸੀਂ ਆਪਣੇ ਹੀ ਮੁਲਕ ਦੇ ਕਿਸੇ ਮੇਲੇ ਵਿੱਚ ਵਿਚਰ ਰਹੇ ਹੋਈਏ।

ਸ੍ਰੀ ਨਨਕਾਣਾ ਸਾਹਿਬ ਵਿੱਚ ਪ੍ਰਭਾਤ ਫੇਰੀ ਨਾਲ ਦਿਨ ਚੜ੍ਹਦਾ ਹੈ। ਲੰਮੇ, ਉੱਚੇ ਮੀਨਾਰ ਵਾਲੀ ਮਸਜਿਦ ਵਿੱਚੋਂ ਉਚਾਰੀ ਗਈ ਫ਼ਜਰ ਦੀ ਨਮਾਜ਼ ਵੀ ਆਲੇ-ਦੁਆਲੇ ਨੂੰ ਅਲਾਹੀ ਰੰਗਤ ਵਿੱਚ ਰੰਗ ਦਿੰਦੀ ਹੈ। ਆਲੇ ਦੁਆਲਿਉਂ ਸੁੱਤ-ਉਨੀਂਦਰੇ ਬੰਦੇ ਉੱਠ ਪੈਂਦੇ ਹਨ ਤੇ ਰੱਬ ਦੇ ਘਰਾਂ ਵਿੱਚ ਸੀਸ ਨਿਵਾਉਣ ਲਈ ਤੁਰ ਪੈਂਦੇ ਹਨ। ਇੱਥੇ ਚੌਵੀਂ ਘੰਟੇ ਗੁਰੂ ਘਰ ਦਾ ਲੰਗਰ ਵਰਤਦਾ ਰਹਿੰਦਾ ਹੈ। ਖੀਰ-ਪੂਰੀਆਂ, ਲੱਡੂ, ਜਲੇਬੀਆਂ ਤੇ ਫਲ-ਫਰੂਟ ਛਕਦੇ ਹੋਏ ਯਾਤਰੀ ਗੁਰੂ-ਘਰ ਦੀਆਂ ਅਮੁੱਕ ਬਰਕਤਾਂ ਮਾਣਦੇ ਹਨ। ਸੂਬਾ ਸਿੰਧ ਅਤੇ ਫਰੰਟੀਅਰ ਤੋਂ ਆਈਆਂ ਸਿੱਖ ਬੀਬੀਆਂ ਤਨੋਂ-ਮਨੋ ਲੰਗਰ ਘਰ ਵਿੱਚ ਸੇਵਾ ਕਰਦੀਆਂ ਹਨ ਤੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਵਿਖਾਈ ਦਿੰਦਿਆਂ ਹਨ।

ਦੁਪਹਿਰੇ ਪਾਲਕੀ ਸਾਹਿਬ ਦੀ ਨਗਰ-ਫੇਰੀ ਅਰੰਭ ਹੁੰਦੀ ਹੈ। ਗੁਰਦੁਆਰੇ ਵਿੱਚ ਢੋਲ ਵੱਜਦੇ ਹਨ ਤੇ ਭੰਗੜੇ ਪੈਂਦੇ ਹਨ। ਆਤਿਸ਼ਬਾਜ਼ੀ ਚੱਲਦੀ ਹੈ। ਪੰਜ ਪਿਆਰੇ ਹੱਥਾਂ ਵਿੱਚ ਕੇਸਰੀ ਨਿਸ਼ਾਨ ਸਾਹਿਬ ਫੜੀ ਪਾਲਕੀ ਸਾਹਿਬ ਦੇ ਅੱਗੇ-ਅੱਗੇ ਚਲਦੇ ਹਨ। ਜਲੂਸ ਦੇ ਅੱਗੇ-ਅੱਗੇ ਕੇਵੜੇ ਦਾ ਛਿੜਕਾਅ ਕੀਤਾ ਜਾਂਦਾ ਹੈ। ਠੰਢੇ ਮਿੱਠੇ ਪਾਣੀ ਦੇ ਨਾਲ ਨਾਲ ਜਲੂਸ ਵਿੱਚ ਸ਼ਾਮਲ ਤਮਾਮ ਯਾਤਰੀਆਂ ਨੂੰ ਮੋਤੀਚੂਰ ਦੇ ਲੱਡੂ ਵੰਡੇ ਜਾਂਦੇ ਹਨ। ਗਤਕਾਬਾਜ਼ ਗਤਕੇ ਦੇ ਜੌਹਰ ਵਿਖਾਉਂਦੇ ਹਨ। ਸ੍ਰੀ ਨਨਕਾਣਾ ਸਾਹਿਬ ਵਿੱਚ ਵਿਦੇਸ਼ਾਂ ਤੋਂ ਆਏ ਰਹਿਤ-ਮਰਿਆਦਾ ਵਾਲੇ ਸੰਪੂਰਨ ਸਿੱਖ, ਹਿੰਦੂ ਤੇ ਮੁਸਲਮਾਨਾਂ ਪ੍ਰੇਮੀਆਂ ਦਾ ਜਿਵੇਂ ਹੜ੍ਹ ਆਇਆ ਲੱਗਦਾ ਹੈ।

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਤੋਂ ਚੱਲੀ ਪਾਲਕੀ ਸਾਹਿਬ ਦੀ ਸਵਾਰੀ ਗੁਰਦੁਆਰਾ ਸ੍ਰੀ ਬਾਲ ਲੀਲਾ, ਪੱਟੀ ਸਾਹਿਬ, ਤੰਬੂ ਸਾਹਿਬ, ਨਿਹੰਗ ਸਿੰਘਾਂ ਦੀ ਛਾਉਣੀ, ਮਾਲ ਜੀ ਸਾਹਿਬ ਅਤੇ ਕਿਆਰਾ ਸਾਹਿਬ ਤੋਂ ਹੁੰਦੀ ਹੋਈ ਸ਼ਾਮਾਂ ਪਈਆਂ ਨੂੰ ਮੁੜ ਗੁਰੂ ਜੀ ਦੇ ਜਨਮ-ਅਸਥਾਨ ਵਾਲੇ ਗੁਰਦੁਆਰੇ ਸ੍ਰੀ ਨਨਕਾਣਾ ਸਾਹਿਬ ਵਿੱਚ ਆ ਜਾਂਦੀ ਹੈ।

ਆਸਮਾਨ ਵਿੱਚ ਟਿਮਟਿਮਾਉਂਦੇ ਤਾਰੇ ਤੇ ਗੁਰਦੁਆਰੇ ਵਿੱਚ ਹੋਈ ਰੰਗ-ਬਰੰਗੀ ਦੀਪਮਾਲਾ ਇੱਕ-ਮਿੱਕ ਹੋ ਜਾਂਦੇ ਹਨ। ਸਵਰਗ ਲੋਕ ਵਰਗੀ ਠੰਢ ਭਰੇ ਕੱਤਕ ਮਹੀਨੇ ਦੀ ਪੂਰਨਮਾਸ਼ੀ ਵਾਲੀ ਇਹ ਰਾਤ ਨੂੰ ਸਭ ਨੂੰ ਇਲਾਹੀ ਖੁਸ਼ੀਆਂ ਅਤੇ ਖੇੜੇ ਵੰਡਦੀ ਪ੍ਰਤੀਤ ਹੁੰਦੀ ਹੈ। ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਅਤੇ ਭਾਈ ਮਰਦਾਨੇ ਦੇ ਵੰਸ਼ ਵਿੱਚੋਂ ਭਾਈ ਲਾਲ ਜੀ ਦੇ ਕੀਰਤਨੀ ਜੱਥੇ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਗੁਰਬਾਣੀ ਪ੍ਰਵਾਹ ਵਿੱਚ ਲੀਨ ਬੈਠੀਆਂ ਸੰਗਤਾ ਨੂੰ ਗਿਰੀ-ਮੇਵਿਆਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਅੱਧੀ ਰਾਤ ਨੂੰ ਸ੍ਰੀ ਅਖੰਡ ਪਾਠ ਦਾ ਭੋਗ ਪੈਂਦਾ ਹੈ। ਆਸਮਾਨ ਉੱਤੇ ਆਪਣੇ ਪੂਰੇ ਜਲਵੇ-ਜਲੌਅ ਨਾਲ ਚਮਕਦਾ ਹੋਇਆ ਸੱਚ ਦਾ ਚੰਦਰਮਾ ਗੁਰੂ-ਘਰ ਦੇ ਸ਼ਰਧਾਲੂਆਂ ਨੂੰ ਖੁਸ਼ੀਆਂ ਵੰਡਦਾ ਪ੍ਰਤੀਤ ਹੁੰਦਾ ਹੈ। ਗੁਰਦੁਆਰੇ ਦੇ ਗੁੰਬਦਾਂ ਅੱਤੋਂ ਚੱਲਦੀ ਹੋਈ ਆਤਿਸ਼ਬਾਜੀ ਤੇ ਹੇਠਾਂ ਵੱਜਦੇ ਹੋਏ ਢੋਲ ਅਤੇ ਬੈਂਡ ਵਾਜੇ ਬੜੇ ਸੰਗੀਤ ਮਈ ਅੰਦਾਜ਼ ਵਿੱਚ ਗੁਣਗੁਣਾਉਂਦੇ ਲਗਦੇ ਹਨ- 'ਅੱਜ ਦਿਨ ਵੱਡਭਾਗਾ ਆਇਆ।'

ਤਿੰਨ ਦਿਨਾਂ ਬਾਅਦ ਬਾਬੇ ਨਾਨਕ ਦੀ ਜਨਮ-ਭੂਮੀ ਉੱਤੇ ਠਹਿਰੇ ਹੋਏ ਯਾਤਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਉੱਤੇ ਬਣੇ ਹੋਏ ਗੁਰਦੁਆਰੇ ਵਿੱਚ ਆ ਜਾਂਦੇ ਹਨ। ਇਹ ਗੁਰਦੁਆਰਾ ਕਿਲ੍ਹੇ ਦੇ ਨਜ਼ਦੀਕ ਲਾਹੌਰ ਸ਼ਹਿਰ ਵਿੱਚ ਸਥਿਤ ਹੈ। ਇੱਥੇ ਹੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵੀ ਬਣੀ ਹੋਈ ਹੈ। ਇੱਥੇ ਸਿੱਖ ਸ਼ਰਧਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੁਨੀ ਚੰਦ ਨਾਲ ਹੋਏ ਮਿਲਾਪ ਅਸਥਾਨ ਉੱਤੇ ਬਣਿਆ ਹੋਇਆ ਗੁਰਦੁਆਰਾ ਵੇਖਦੇ ਹਨ। ਚੂਨਾ ਮੰਡੀ ਵਿਖੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਜਨਮ-ਅਸਥਾਨ ਉੱਤੇ ਵੀ ਗੁਰਦੁਆਰਾ ਬਣਿਆ ਹੋਇਆ ਹੈ। ਡੱਬੀ ਬਜ਼ਾਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਬਣਵਾਈ ਹੋਈ ਬਾਉਲੀ ਅਤੇ ਚੰਦੂ ਦੇ ਘਰ ਵਿੱਚ 'ਲਾਲ ਕੂਆਂ' ਦੇ ਸਥਾਨ ਉੱਤੇ ਵੀ ਗੁਰਦੁਆਰੇ ਬਣੇ ਹੋਏ ਹਨ।

ਲਾਹੌਰ ਵਿੱਚ ਯਾਤਰੀਆਂ ਨੂੰ ਇੱਧਰ-ਉੱਧਰ ਘੁੰਮਣ ਫਿਰਨ ਦੀ ਇਜਾਜ਼ਤ ਹੁੰਦੀ ਹੈ। ਇੱਥੇ ਕੁਝ ਵੀ ਓਪਰਾ ਨਹੀਂ ਲੱਗਦਾ। ਘੁੰਮਦਿਆਂ-ਫਿਰਦਿਆਂ ਇੰਝ ਲਗਦਾ ਹੈ ਕਿ ਜਿਵੇਂ ਅਸੀਂ ਅੰਮ੍ਰਿਤਸਰ ਦੇ ਗਲੀ-ਮੁਹੱਲਿਆਂ ਵਿੱਚ ਵਿਚਰ ਰਹੇ ਹੁੰਦੇ ਹਾਂ। ਹਲਵਾਈਆਂ ਦੀਆਂ ਦੁਕਾਨਾਂ ਉੱਤੇ ਰਿੜਕੀ ਹੋਈ ਸੰਘਣੀ ਲੱਸੀ ਅਤੇ ਵੱਡੇ ਵੱਡੇ ਕੜਾਹਿਆਂ ਵਿੱਚ ਕੜ੍ਹਦਾ ਹੋਇਆ ਮੋਟੀ ਮਲਾਈ ਵਾਲਾ ਦੁੱਧ ਵਿਕਦਾ ਹੈ। ਲਾਹੌਰ ਦੇ ਨਿਵਾਸੀ ਸਾਡੇ ਅੰਬਰਸਰੀਆਂ ਵਾਂਗ ਹੀ ਖੁੱਲ੍ਹਾ-ਡੁੱਲ੍ਹਾ ਖਾਂਦੇ ਪੀਂਦੇ ਹਨ। ਸਿੱਖ ਯਾਤਰੀਆਂ ਨੂੰ ਉਹ ਇੰਝ ਨਿੱਘ-ਮੋਹ ਨਾਲ ਮਿਲਦੇ ਹਨ ਜਿਵੇਂ ਚਿਰਾਂ ਦੇ ਵਿੱਛੜੇ ਹੋਏ ਭਰਾਵਾਂ ਨੂੰ ਮਿਲ ਰਹੇ ਹੋਣ। ਪੁਰਾਣੀ ਸੋਚ ਅਤੇ ਨਵੇਂ ਖਿਆਲਾਂ ਦੇ ਹਾਮੀ, ਪਾਕਿਸਤਾਨ ਦੇ ਲੋਕ ਸਾਡੇ ਵਾਂਗ ਹੀ ਬੜੀ ਤੇਜ਼ੀ ਨਾਲ ਤਰੱਕੀ ਦੀਆਂ ਪੌੜੀਆਂ ਚੜ੍ਹ ਰਹੇ ਹਨ। ਇੱਥੇ ਬੁਰਕੇ ਵਾਲੀਆਂ ਔਰਤਾਂ ਦੇ ਨਾਲ-ਨਾਲ, ਨੰਗੇ ਚਿਹਰਿਆਂ ਵਾਲੀਆਂ ਪੜ੍ਹੀਆਂ-ਲਿਖੀਆਂ ਮੁਟਿਆਰਾਂ ਵੀ ਮਰਦਾਂ ਵਾਂਗ ਨੌਕਰੀਆਂ ਅਤੇ ਹੋਰ ਕਾਰੋਬਾਰ ਵਿੱਚ ਹਿੱਸੇਦਾਰੀ ਪਾ ਰਹੀਆਂ ਹਨ।

ਪਾਕਿਸਤਾਨ ਵਿੱਚ ਵਿਦੇਸ਼ੀ ਚੀਜ਼ਾਂ ਆਮ ਮਿਲਦੀਆਂ ਹਨ। ਇਟਲੀ ਦਾ ਵੈਸਪਾ ਸਕੂਟਰ, ਜਪਾਨ ਦਾ ਹਾਡਾਂ ਤੇ ਸਜ਼ੂਕੀ ਮੋਟਰ ਸਾਈਕਲ, ਟੋਇਟਾ ਦੀਆਂ ਕਾਰਾਂ, ਫੋਰਡ ਦੀਆਂ ਜੀਪਾਂ ਅਤੇ ਸੋਹਣੀਆਂ ਸੋਹਣੀਆਂ ਵੈਨਾਂ ਨਵੇਂ ਲਾਹੌਰ ਦੀਆਂ ਖੁੱਲ੍ਹੀਆਂ-ਡੁੱਲ੍ਹੀਆਂ ਸੜਕਾਂ ਉੱਤੇ ਦੌੜਦੀਆਂ ਫਿਰਦੀਆਂ ਹਨ।

ਸਾਡੇ ਯਾਤਰੀ ਇੱਥੋਂ ਬਦਾਮ-ਗਿਰੀ, ਕਾਜੂ, ਮੇਵੇ, ਬੋਸਕੀ, ਚੁੰਨੀਆਂ, ਸੂਟ, ਮੌਜੇ ਤੇ ਹੋਰ ਨਿਕ-ਸੁਕ ਦੀ ਖਰੀਦੋ-ਫਰੋਖ਼ਤ ਕਰਕੇ ਦਸਵੇਂ ਦਿਨ ਵਾਪਸੀ ਦਾ ਸਫ਼ਰ ਸ਼ੁਰੂ ਕਰ ਦਿੰਦੇ ਹਨ। ਲਾਹੌਰ ਤੋਂ ਚੱਲੀਆਂ ਗੱਡੀਆਂ ਵਾਹਗਾ ਰੇਲਵੇ ਸਟੇਸ਼ਨ ਉੱਤੇ ਆਣ ਰੁਕਦੀਆਂ ਹਨ। ਪਾਸਪੋਰਟਾਂ ਉੱਤੇ ਵਾਪਸੀ ਦੀਆਂ ਮੋਹਰਾਂ ਲੱਗਦੀਆਂ ਹਨ। ਫਰਾਖ ਦਿਲ ਪਾਕਿਸਤਾਨੀ ਅਧਿਕਾਰੀ ਯਾਤਰੀਆਂ ਨਾਲ ਲਿਆਂਦੇ ਸਾਮਾਨ ਦੀ ਕੋਈ ਪੁੱਛ-ਪੜਤਾਲ ਨਹੀਂ ਕਰਦੇ।

ਵਾਹਗਿਉਂ ਚੱਲੀਆਂ ਗੱਡੀਆਂ ਪਲਾਂ-ਛਿਣਾਂ ਵਿੱਚ ਆਪਣੇ ਦੇਸ਼ ਭਾਰਤ ਵਿੱਚ ਪਹੁੰਚ ਜਾਂਦੀਆਂ ਹਨ। ਇੱਥੇ ਅਟਾਰੀ ਬਾਰਡਰ ਉੱਤੇ ਕਾਗਜ਼-ਪੱਤਰ ਅਤੇ ਵਿਦੇਸ਼ੋਂ ਲਿਆਂਦੇ ਇੱਕ-ਇੱਕ ਸਮਾਨ ਦੀ ਬੜੀ ਬਾਰੀਕਬੀਨੀ ਨਾਲ ਪੜਤਾਲ ਹੁੰਦੀ ਹੈ। ਫਿਰ ਅਟਾਰੀ ਬਾਰਡਰ ਤੋਂ ਚੱਲੀਆਂ ਗੱਡੀਆਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਉੱਤੇ ਆ ਰੁਕਦੀਆਂ ਹਨ। ਇੱਥੋਂ ਬਾਬੇ ਨਾਨਕ ਦੇ ਉੱਚੇ ਦਰਾਂ ਦੇ ਦਰਸ਼ਨ-ਦੀਦਾਰੇ ਕਰਕੇ ਆਏ ਯਾਤਰੀ ਖੁਸ਼ੀ-ਖੁਸ਼ੀ ਆਪੋ-ਆਪਣੇ ਘਰਾਂ ਵੱਲ ਤੁਰ ਪੈਂਦੇ ਹਨ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਸਮਕਾਲੀ ਸਰੋਤ

**-ਗੁਰਮੇਲ ਸਿੰਘ ਗਿੱਲ**

ਦਿੱਲੀ ਚਾਂਦਨੀ ਚੌਂਕ ਪਹਿਲਾਂ ਕਤਲਗਾਹ ਹੁੰਦੀ ਸੀ। ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸੇ ਅਸਥਾਨ 'ਤੇ ਮਿਤੀ 11 ਨਵੰਬਰ, 1675 ਈ. ਨੂੰ ਡਰ, ਲਾਲਚ, ਤਸ਼ੱਦਦ ਆਦਿ ਦੇ ਹਥਿਆਰ ਅਸਫਲ ਹੋ ਜਾਣ ਦੀ ਸੂਰਤ ਵਿਚ ਕਾਜ਼ੀ ਉਲ ਕਜ਼ਾਤ, ਵਹਾਬ ਅਲੀ ਵੋਹਰਾ ਵੱਲੋਂ ਲਗਾਈਆਂ ਤਿੰਨ ਸ਼ਰਤਾਂ ਕਰਾਮਾਤ ਦਿਖਾਉਣੀ, ਦੀਨ ਕਬੂਲ ਕਰਨਾ ਜਾਂ ਫਿਰ ਸ਼ਹੀਦ ਹੋ ਜਾਣ ਲਈ ਤਿਆਰ ਹੋ ਜਾਣਾ ਵਿਚੋਂ ਗੁਰੂ ਜੀ ਨੇ ਪਹਿਲੀਆਂ ਦੋਵੇਂ ਸ਼ਰਤਾਂ ਠੁਕਰਾ ਦਿੱਤੀਆਂ ਅਤੇ ਇਨ੍ਹਾਂ ਵਿਚੋਂ ਤੀਜੀ ਸ਼ਹੀਦ ਹੋ ਜਾਣ ਦੀ ਸ਼ਰਤ ਕਬੂਲ ਕਰ ਲਈ। ਕਾਜ਼ੀ ਨੇ ਫਤਵਾ ਸੁਣਾ ਦਿੱਤਾ, ਮੱਘਰ ਸੁਦੀ 5 ਬਿਕਰਮੀ ਸੰਮਤ 1732 (11 ਨਵੰਬਰ 1675 ਈ.) ਦਿਨ ਵੀਰਵਾਰ ਨੂੰ ਸਵੇਰੇ ਮਿੱਥੇ ਸਮੇਂ ਤੋਂ ਕੁਝ ਸਮਾਂ ਪਹਿਲਾਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕੋਤਵਾਲੀ ਦੇ ਬਾਹਰ ਖੂਹ 'ਤੇ ਲਿਆ ਕੇ ਗੁਰੂ ਜੀ ਦੀ ਇੱਛਾ ਅਨੁਸਾਰ ਇਸ਼ਨਾਨ ਕਰਵਾਉਣ ਤੋਂ ਪਿੱਛੋਂ ਉਨ੍ਹਾਂ ਵੱਲੋਂ ਪਹਿਨਿਆਂ ਜਾਣ ਵਾਲਾ ਨਵਾਂ ਪੌਸ਼ਾਕਾ ਪਹਿਨਾਇਆ ਗਿਆ। ਸ਼ਹੀਦ ਕਰਨ ਦੇ ਹੁਕਮ ਦੇ ਨਾਲ ਔਰੰਗਜ਼ੇਬ ਨੇ ਦਿੱਲੀ ਸ਼ਹਿਰ ਵਿਚ ਸ਼ਹਾਦਤ ਸਬੰਧੀ ਢੰਡੋਰਾ ਵੀ ਪਿੱਟਵਾ ਦਿੱਤਾ। ਸ਼ਹਾਦਤ ਤੋਂ ਪਹਿਲਾਂ ਵਿਸ਼ੇਸ਼ ਤੌਰ 'ਤੇ ਇਕ ਨਵਾਂ ਚਬੂਤਰਾ ਬਣਾ ਕੇ ਤਿਆਰ ਕੀਤਾ ਗਿਆ। ਢੰਡੋਰਾ ਪਿਟਵਾਉਣ ਕਰਕੇ ਹੀ ਹਜ਼ਾਰਾਂ ਦੀ ਤਾਇਦਾਦ ਵਿਚ ਲੋਕ ਇਹ ਸਾਰਾ ਕੁਝ ਵੇਖਣ ਲਈ ਪਹਿਲਾਂ ਹੀ ਇਕੱਤਰ ਹੋ ਚੁੱਕੇ ਸਨ। ਇਸ਼ਨਾਨ ਕਰਨ ਤੋਂ ਪਿੱਛੋਂ ਗੁਰੂ ਜੀ ਚੌਂਕੜਾ ਮਾਰ ਕੇ ਬੈਠੇ ਸਨ ਅਤੇ ਸਮਾਣੇ ਦਾ ਵਾਸੀ ਜਲਾਦ ਜਲਾਲ-ਉਦ-ਦੀਨ ਨੰਗੀ ਤਲਵਾਰ ਲੈ ਕੇ ਉਨ੍ਹਾਂ ਦੇ ਪਿੱਛੇ ਖੜੋਤਾ ਸੀ। ਗੁਰੂ ਜੀ ਦੇ ਦੱਸੇ ਮੁਤਾਬਕ ਜਦੋਂ ਉਹ (ਗੁਰੂ ਜੀ) ਪਾਠ ਦਾ ਭੋਗ ਪਾ ਕੇ ਅਕਾਲ ਪੁਰਖ ਨੂੰ ਨਮਸਕਾਰ ਕਰਨ ਲਈ ਆਪਣਾ ਸੀਸ ਨੀਵਾਂ ਕਰਨਗੇ, ਤਦ ਉਨ੍ਹਾਂ 'ਤੇ ਤਲਵਾਰ ਦਾ ਵਾਰ ਕੀਤਾ ਜਾਵੇ। ਬੜੇ ਪਿਆਰ ਤੇ ਸਤਿਕਾਰ ਨਾਲ ਪਾਠ ਕਰਦੇ ਰਹੇ। ਅਖੀਰ ਜਦੋਂ ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲਿ।। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।।' ਪਾਵਨ ਉਚਾਰਣ ਕੀਤਾ ਅਤੇ ਗੁਰੂ ਜੀ ਦੇ ਕਹਿਣੇ ਅਨੁਸਾਰ ਜਦੋਂ ਉਨ੍ਹਾਂ ਸੀਸ ਨਿਵਾ ਕੇ ਅਕਾਲ ਪੁਰਖ ਨੂੰ ਨਮਸਕਾਰ ਕੀਤਾ ਤਾਂ ਜਲਾਦ ਜਲਾਲ-ਉਦ-ਦੀਨ ਨੇ ਤਲਵਾਰ ਦੇ ਇਕੋ ਵਾਰ ਨਾਲ ਹੀ ਗੁਰੂ ਜੀ ਦਾ ਸੀਸ ਧੜ ਨਾਲੋਂ ਵੱਖ ਕਰ ਦਿੱਤਾ। ਮੁਗਲ ਹਕੂਮਤ ਨੇ ਐਲਾਨ ਕਰ ਦਿੱਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸ਼ ਚਾਂਦਨੀ ਚੌਕ ਵਿਚ ਹੀ ਰੁਲਦੀ ਰਹੇਗੀ। ਜੋ ਵੀ ਸੀਸ ਤੇ ਧੜ ਨੂੰ ਚੁੱਕਣ ਦੀ ਕੋਸ਼ਿਸ਼ ਕਰੇਗਾ, ਉਸ ਦਾ ਇਹੋ ਹਸ਼ਰ ਹੋਵੇਗਾ। ਗੁਰੂ ਜੀ ਦੀ ਕੁਰਬਾਨੀ ਤੋਂ ਪਹਿਲਾਂ ਦੀ ਵਿਉਂਤਬੰਦੀ ਤੋਂ ਬਾਅਦ ਵਿਚ ਸੀਸ ਤੇ ਧੜ ਚੁੱਕਣ ਦੀ ਘਟਨਾ ਸਬੰਧੀ ਸਮਕਾਲੀ ਤੱਥਾਂ ਮੁਤਾਬਕ ਸਰਕਾਰ ਦੇ ਡਰ ਤੇ ਤਸ਼ੱਦਦ ਕਰਕੇ ਕੋਈ ਵੀ ਸਿੱਖ ਜਾਂ ਸ਼ਰਧਾਲੂ ਜਾਨ ਨੂੰ ਖਤਰੇ ਵਿਚ ਪਾਉਣ ਵਾਲਾ ਕਾਰਜ ਕਰਨ ਨੂੰ ਤਿਆਰ ਨਹੀਂ ਸੀ, ਸਬੰਧੀ ਭਾਈ ਜੈਤਾ ਜੀ ਆਪਣੀ ਕਾਵਿ ਰਚਨਾ ਸ੍ਰੀ ਗੁਰ ਕਥਾ ਵਿਚ ਇਸ ਸਮੇਂ ਨੂੰ ਇਵੇਂ ਕਲਮਬੰਦ ਕਰਦੇ ਹਨ:-



ਚੌਪਈ: ਹਿੰਦਵਾਨੀ ਜਿਮ ਕੀਓਂ ਕੁਕਾਜਾ।
ਪ੍ਰਭ ਸਿਵਕਲ ਕਉ ਆਵਹਿ ਲਾਜਾ।
ਆਪਨ ਕਉ ਨਹਿ ਸਿਖ ਬਖਾਨੈ।
ਸਬ ਸਿਖ ਰਾਮ ਭਗਤ ਪ੍ਰਮਾਨੈ।।49।।

(ਸ੍ਰੀ ਗੁਰੂ ਕਥਾ, ਪੰਨਾ-63, ਸੰਪਾਦਤ ਡਾ. ਗੁਰਮੁੱਖ ਸਿੰਘ, ਭਾਸ਼ਾ ਵਿਭਾਗ, ਪੰਜਾਬ)।

ਭਵਿੱਖ ਵਿਚ ਗੁਰੂ ਜੀ ਦੇ ਬਲੀਦਾਨ ਤੇ ਬਿਪਤਾ ਦੀ ਸਥਿਤੀ ਬਣ ਜਾਣ ਉਪਰੰਤ ਗੁਰੂ ਜੀ ਦਾ ਪਾਵਨ ਸੀਸ ਤੇ ਧੜ ਚਾਂਦਨੀ ਚੌਕ ਵਿਚੋਂ ਚੁੱਕਣ ਸਬੰਧੀ ਗੁਰੂ ਤੇਗ ਬਹਾਦਰ ਜੀ ਦੇ ਸਮਕਾਲੀ ਕਵੀ ਕੰਕਣ ਜੀ ਆਪਣੀ ਕਾਵਿ ਕ੍ਰਿਤ ਸੰਛੇਪ ਦਸ ਗੁਰ ਕਥਾ ਵਿਚ ਬਿਆਨ ਕਰਦੇ ਹਨ:

ਹੋਵੇ ਐਸਾ ਸਿੱਖ ਮਮ ਸਤਿਗੁਰ ਕਹਯਾ ਸੁਨਾਇ।।
ਸੀਸ ਹਮਰੋ ਪਿਤਾ ਕਾ ਤਹਿ ਤੇ ਲਿਆਵੇਹਿ ਜਾਇ।।214।।
ਔਰ ਸਭੇ ਚੁਪਿ ਕਰ ਰਹੇ ਮਜ਼ਬੀ ਉਠਯੋ ਰੋਇ।
ਮੈ ਹੀ ਉਦਮ ਕਰਉਗਾ ਹੋਣੀ ਹੋਇ ਸੁ ਹੋਇ।।215।।
ਤਾਤ ਕਹੀ ਸੁਨ ਬਾਤ ਸੁਤੋ ਐਸੀ ਬਿਧਿ ਹਮਿ ਕਰੈ ਬਨਾਇ।
ਸੀਸ ਕੇ ਥਾਨ ਪੈ ਸੀਸ ਧਰੈ ਪਹਿਰੇਦਾਰਨਿ ਤੇ ਆਂਖ ਬਚਾਈ।
ਧੂੜੀ ਆਂਖਨਮੇ ਡਾਲ ਤਿਨਹਿ ਗੁਰ ਸੀਸ ਲੈ ਭਾਗੋ ਧਾਈ।
ਪੁਨ ਅਰਦਾਸ ਕਰੀ ਕਰਿ ਜੋੜਿਨੈ ਕਲਗੀਧਰੁ ਤੁਮ ਕਰੁਹ ਸਹਾਈ।।218।।

(ਸ਼ੰਛੇਪ ਦਸ ਗੁਰ ਕਥਾ, ਰਚਨਾ ਕਾਲ-1711/ ਸੰਪਾਦਨ ਬੀਬੀ ਸਯਦਾ ਫਰਹਾ ਅਦੀਲ, ਲਾਹੌਰ, ਪਾਕਿਸਤਾਨ, ਡਾ. ਗੁਰਮੁੱਖ ਸਿੰਘ, ਭਾਸ਼ਾ ਵਿਭਾਗ, ਪੰਜਾਬ)

ਕਵੀ ਸੇਵਾ ਦਾਸ ਇਵੇਂ ਬਿਆਨ ਕਰਦੇ ਹਨ-
ਤਬ ਦਸਵਾਂ ਪਾਤਾਸ਼ਾਹ ਆਨੰਦਪੁਰ ਸੀ। ਰੰਘਰੇਟਿਆਂ ਸਿੱਖਾਂ ਕਉ ਹੁਕਮ ਹੋਆ, ਜੇ ਤੁਮ ਗੁਰੂ ਜੀ ਕੀ ਲੋਥ ਦਿੱਲੀ ਸਿਉ ਲਿਆਵਹੁ। ਗੁਰੂ ਸਹਾਈ ਹੋਏਗਾ। ਤਬ ਰੰਘਰੇਟਿਆਂ ਸਿੱਖਾਂ ਮੱਥਾ ਟੇਕ ਕਰਿ ਹੁਕਮ ਮਾਨਿਆ।'

(ਪਰਚੀਆਂ ਸੇਵਾ ਦਾਸ, ਪੰਨਾ 94 ਰਚਨਾ ਕਾਲ- 1741 ਈ. ਪ੍ਰਸ਼ਾਸਕ ਭਾਸ਼ਾ ਵਿਭਾਗ, ਪੰਜਾਬ)

ਗੁਲਾਮ ਮਹੀਉਦਦੀਨ ਬੂਟੇ ਸ਼ਾਹ, ਸਮਕਾਲੀ ਲਿਖਾਰੀ ਇਵੇਂ ਬਿਆਨ ਕਰਦੇ ਹਨ:- ਇਕ ਦਿਨ ਗੋਬਿੰਦ ਰਾਇ ਦੀਵਾਨ ਲਾ ਕੇ ਆਪਣੇ ਸਿੱਖਾਂ ਵਿਚ ਬੈਠਾ ਹੋਇਆ ਸੀ। ਉਦੋਂ ਉਸ ਨੇ ਗੁਰੂ ਤੇਗ ਬਹਾਦਰ ਜੀ ਦੀ ਲੋਥ ਲਿਆਉਣ ਦੀ ਗੱਲ ਆਪਣੀ ਜ਼ੁਬਾਨ ਉਤੇ ਆਪਣੇ ਢੰਗ ਨਾਲ ਲਿਆਂਦੀ। ਇਕ ਰੰਘਰੇਟਾ ਸਿੱਖ ਉਨ੍ਹਾਂ ਵਿਚੋਂ ਉਠਿਆ ਅਤੇ ਉਸ ਨੇ ਸਿਰ ਨਿਵਾ ਕੇ ਕਿਹਾ, ਜੇ ਇਸ ਸੇਵਕ ਨੂੰ ਹੁਕਮ ਹੋਵੇ ਤਾਂ ਦਾਸ ਇਹ ਸੇਵਾ ਭੁਗਤਾਨ ਵਿਚ ਆਪਣੀ ਜਾਨ ਤੱਕ ਵੀ ਲਾ ਦੇਵੇਗਾ ਅਤੇ ਜਿਵੇਂ ਵੀ ਹੋਇਆ ਗੁਰੂ ਸਾਹਿਬ ਦੀ ਦੇਹ ਨੂੰ ਉਸ ਕੂਚੇ ਵਿਚੋਂ ਚੁੱਕ ਕੇ ਲੈ ਆਵੇਗਾ।'

ਫਿਰ ਉਕਤ ਸਮਕਾਲੀ ਲਿਖਾਰੀ ਭਾਈ ਸਦਾ ਨੰਦ ਜੀ ਦੇ ਸੀਸ ਵਾਰਨ ਦੀ ਕੁਰਬਾਨੀ ਨੂੰ ਇਵੇਂ ਬਿਆਨ ਕਰਦੇ ਹਨ:- ਰੰਘਰੇਟਿਆਂ ਦੀ ਕੌਮ ਵਿਚੋਂ ਦੋ ਸ਼ਖਸ ਇਕ ਬਾਪ ਦੂਸਰਾ ਪੁੱਤਰ ਗੁਰੂ ਤੇਗ ਬਹਾਦਰ ਜੀ ਦੀ ਦੇਹ ਨੂੰ ਲਿਆਉਣ ਲਈ ਗਏ। ਉਪਰੰਤ ਕਥਿਤ ਰੰਘਰੇਟੇ ਰਾਹ ਦੇ ਹਨੇਰੇ ਵਿਚ ਜਦੋਂ ਮੀਂਹ, ਹਨੇਰੀ ਬੜੇ ਜ਼ੋਰ ਨਾਲ ਚੱਲ ਰਹੀ ਸੀ। ਉਸ ਗਲੀ ਵਿਚ ਪਹੁੰਚੇ ਤੇ ਉਥੇ ਰੰਘਰੇਟੇ ਪੁੱਤਰ ਨੇ ਆਪਣੇ ਪਿਤਾ ਨੂੰ ਆਪਣੇ ਹੱਥਾਂ ਨਾਲ ਕਤਲ ਕਰਕੇ ਗਲੀ ਵਿਚ ਰੱਖ ਦਿੱਤਾ ਅਤੇ ਗੁਰੂ ਸਾਹਿਬ ਦੀ ਦੇਹ ਨੂੰ ਉਠਾ ਕੇ ਆਨੰਦਪੁਰ ਸਾਹਿਬ ਪਹੁੰਚ ਗਿਆ।' (ਤਵਾਰੀਖ-ਏ-ਪੰਜਾਬ, ਫਾਰਸੀ ਸਰੋਤ)

ਉਮਦੱਤ ਤਵਾਰੀਖ ਦੇ ਰਚੇਤਾ ਸੋਹਨ ਲਾਲ ਸੂਰੀ ਇਵੇਂ ਬਿਆਨ ਕਰਦੇ ਹਨ: ਗੁਰੂ ਸਾਹਿਬ ਹਰ ਰੋਜ਼ ਆਪਣੇ ਦ੍ਰਿੜ੍ਹ ਨਿਸ਼ਚੇ ਵਾਲੇ ਤੇ ਪੂਰੀ ਤਰ੍ਹਾਂ ਨਿਭਣ ਵਾਲੇ ਮੁਰੀਦਾਂ ਨੂੰ ਪੈਰਵੀ ਕਰਨਯੋਗ ਇਹ ਹੁਕਮ ਦਿੰਦੇ ਕਿ ਜਿਹੜਾ ਵੀ ਕੋਈ ਸਾਡੇ ਸਨਮਾਨਯੋਗ ਪਿਤਾ ਦੇ ਖ਼ੂਨ ਦਾ ਬਦਲਾ ਲੈਣ ਅਤੇ ਉਸ ਨੇਤਾ ਆਤਮਾ ਦੇ ਸਰੀਰ ਨੂੰ ਲਿਆਉਣ ਦੀ ਵੱਡੀ ਕੋਸ਼ਿਸ਼ ਤੇ ਨਾ ਮੁੱਕਣ ਵਾਲਾ ਤਰੱਦਦ ਦਿਖਾਵੇਗਾ, ਉਹੀ ਸਾਡੇ ਅਦੁੱਤੀ ਸੇਵਕਾਂ ਤੇ ਵਫਾਦਾਰ ਨਾਮ-ਲੇਵਾ ਵਿਚੋਂ ਹੋਵੇਗਾ। ਇਨ੍ਹਾਂ ਗੱਲਾਂ ਦੇ ਦੌਰਾਨ ਦੋ ਵਿਅਕਤੀ, ਜਿਹੜੇ ਰੰਘਰੇਟੇ ਜਾਤੀ ਵਿਚੋਂ ਪਿਉ-ਪੁੱਤਰ ਸਨ (ਭਾਈ ਜੈਯਤਾ ਜੀ ਤੇ ਭਾਈ ਸਦਾ ਨੰਦ ਜੀ), ਅੱਗੇ ਵਧੇ ਤੇ ਉਨ੍ਹਾਂ ਸੇਵਕੀ ਦੀ ਭੋਇ ਨੂੰ ਅਬਦ ਦੇ ਬੁੱਲ੍ਹਾਂ ਨਾਲ ਚੁੰਮਿਆਂ ਤੇ ਆਪਣੇ ਨਿਆਜ਼ ਦੇ ਮੱਥੇ ਨੂੰ ਗੁਰੂ ਸਾਹਿਬ ਦੀ ਲਾਭ ਪਹੁੰਚਾਉਣ ਵਾਲੀ ਦਰਗਾਹ 'ਤੇ ਘਿਸਾਇਆ।' (ਉਮਦੱਤ ਤਵਾਰੀਖ ਫਾਰਸੀ ਸਰੋਤ, ਪੰਨਾ ਨੰ. 740)

ਬਾਦਸ਼ਾਹ ਦੇ ਸਿਪਾਹੀ ਇਸ ਭਿਆਨਕ ਸਥਿਤੀ ਤੋਂ ਡਰਦੇ ਇਕ ਨੁੱਕਰੇ ਜਾ ਲੱਗੇ। ਉਨ੍ਹਾਂ ਦੋਹਾਂ ਜਣਿਆਂ, ਪਿਤਾ ਤੇ ਪੁੱਤਰ ਨੇ ਇਸ ਸਮੇਂ ਤੋਂ ਲਾਭ ਉਠਾਇਆ। ਉਨ੍ਹਾਂ ਇਸ ਨੂੰ ਆਪਣੀ ਆਸ ਅਤੇ ਮਨੋਰਥ ਦੀ ਪੂਰਤੀ ਦਾ ਸੰਕੇਤ ਮੰਨਿਆ। ਪੁੱਤਰ ਨੇ ਆਪਣੇ ਬਜ਼ੁਰਗ ਪਿਤਾ ਨੂੰ ਆਪਣੇ ਹੱਥਾਂ ਨਾਲ ਕਤਲ ਕੀਤਾ ਅਤੇ ਉਸ ਜਹਾਨ ਤੋਂ ਛੁਟਕਾਰਾ ਪਾ ਚੁੱਕੇ ਗੁਰੂ ਜੀ ਦੀ ਥਾਂ 'ਤੇ ਰੱਖ ਦਿੱਤਾ ਅਤੇ ਥੋੜ੍ਹੇ ਹੀ ਅਰਸੇ ਵਿਚ ਆਨੰਦਪੁਰ ਸਾਹਿਬ ਪਹੁੰਚ ਗਿਆ। ਗੁਰੂ ਸਾਹਿਬ ਜੀ ਇਹ ਵੇਖ ਕੇ ਬੇਹੱਦ ਖ਼ੁਸ਼ ਅਤੇ ਅਤਿਅੰਤ ਪ੍ਰਸੰਨ ਹੋਏ। ਇਸ ਸਮੇਂ ਉਨ੍ਹਾਂ ਦੀ ਮੁਬਾਰਿਕ ਜ਼ੁਬਾਨ ਤੋਂ ਪਾਲਣਾ ਕਰਨਯੋਗ ਇਹ ਹੁਕਮ ਨਿਕਲਿਆ: 'ਰੰਘਰੇਟੇ ਗੁਰੂ ਕੇ ਬੇਟੇ'। (ਉਮਦੱਤੁ ਤਵਾਰੀਖ, ਉਕਤ, ਪੰਨਾ-74, ਰਚਨਾ ਕਾਲ-1822)

ਸ. ਸਰੂਪ ਸਿੰਘ ਕੋਸ਼ਿਸ਼ ਇਸ ਘਟਨਾ ਨੂੰ ਇਵੇਂ ਬਿਆਨ ਕਰਦੇ ਹਨ: ਗੁਰੂ ਜੀ ਦਾ ਸੀਸ ਅਤੇ ਧੜ ਉਨ੍ਹਾਂ ਚੁੱਕ ਲਿਆ ਤੇ ਦਿਲਵਾਲੀ ਮੁਹੱਲੇ ਭਾਈ ਜੈਤੇ ਦੇ ਘਰ ਪੁੱਜੇ।'

ਸਿੱਖ ਇਤਿਹਾਸ ਦੇ ਮੇਲ ਖਾਂਦੇ ਮੁੱਢਲੇ ਸਰੋਤਾਂ ਸਮੇਤ ਦਰਬਾਰੀ ਕਵੀਆਂ ਦੀਆਂ ਰਚਨਾਵਾਂ, ਪੰਜਾਬੀ, ਹਿੰਦੀ, ਫਾਰਸੀ ਅਤੇ ਬ੍ਰਿਜ ਭਾਸ਼ਾ ਵਿਚ ਲਿਖੇ ਗਏ ਕਿਸੇ ਵੀ ਗ੍ਰੰਥ ਜਾਂ ਕਿਤਾਬ ਵਿਚ 1675 ਈ. ਤੋਂ 1874 ਤੱਕ ਪਾਵਨ ਸੀਸ ਤੇ ਧੜ ਚੁੱਕਣ ਦੀ ਵਫਾਦਾਰੀ ਭਰੀ ਸੇਵਾ ਵਿਚ ਭਾਈ ਜੈਤਾ ਜੀ, ਉਨ੍ਹਾਂ ਦੇ ਪਿਤਾ ਭਾਈ ਸਦਾ ਨੰਦ ਜੀ ਅਤੇ ਤਾਇਆ ਭਾਈ ਆਗਿਆ ਰਾਮ ਜੀ ਦੀ ਕੁਰਬਾਨੀ ਦਾ ਜ਼ਿਕਰ ਆਉਂਦਾ ਹੈ, ਭਾਵ 199 ਸਾਲਾਂ ਦੇ ਉਕਤ ਮੁੱਢਲੇ ਅਰਸੇ ਵਿਚ ਲੱਖੀ ਸ਼ਾਹ ਵਣਜਾਰੇ ਜਾਂ ਲੱਖੀ ਰਾਏ ਵਣਜਾਰੇ ਦਾ ਕੋਈ ਜ਼ਿਕਰ ਨਹੀਂ ਹੈ। ਸਭ ਤੋਂ ਪਹਿਲਾਂ ਪੰਥ ਪ੍ਰਕਾਸ਼ (ਰਚਨਾ ਕਾਲ: 1874) ਵਿਚ ਲਿਖਿਆ ਹੈ:-

ਭਾਈ ਜੈਤਾ ਸੀਸ ਗੁਰੂ ਕਾ ਲੈ ਆਨੰਦਪੁਰ ਆਇਓ।
ਭਾਈ ਉਦੈ ਲੱਖੀ ਸੋ ਮਿਲ ਗੁਰ ਤਨ ਦਾਹ ਕਰਾਇਓ।। 15।।

ਫਿਰ ਉਕਤ ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ (ਰਚਨਾ ਕਾਲ-1897) ਵਿਚ ਉਕਤ ਘਟਨਾ ਦਾ ਵੇਰਵਾ ਦੇ ਕੇ ਆਪ ਹੀ ਰੱਦ ਕਰ ਦਿੱਤਾ: ਸਾਰੇ ਬੈਲ (ਲੱਖੀ ਸ਼ਾਹ ਦੇ) ਲੰਘਿਆਂ ਮਗਰੋਂ ਜਾਂ ਗੁਰੂ ਜੀ ਦਾ ਧੜ ਨਾ ਦੇਖਿਆ ਤਾਂ ਕੋਤਵਾਲ ਧੌਂਸ; ਲੈ ਕੇ ਲੱਖੀ ਦੇ ਪਿੰਡ ਪਹੁੰਚਿਆ, ਪਰ ਉਸ ਦਾ ਘਰ ਸੜਦਾ ਤੇ ਉਨ੍ਹਾਂ ਨੂੰ ਚੀਕਾਂ ਮਾਰ-ਮਾਰ ਕੇ ਰੋਂਦੇ ਵੇਖ ਮੁੜ ਆਇਆ। ਬਾਦਸ਼ਾਹ ਨੂੰ ਖ਼ਬਰ ਕੀਤੀ ਓਨ ਭੀ ਫੌਜ ਚੜ੍ਹਾਈ, ਸਭਨੀ ਰਾਹੀ ਅਸਵਾਰ ਦੌੜੇ, ਪਰ ਹਨੇਰੀ ਰਾਤ ਵਿਚ ਕੋਈ ਪਤਾ ਨਾ ਲੱਗਾ, ਹਾਰ ਕੇ ਮੁੜ ਆਏ। ਜਿਤਨੇ ਮੂੰਹ ਉਨੀ ਭਾਖਿਆ ਸੀ, ਪਰ ਗਾਯਬ ਹੋਣ ਦੀ ਅਜ਼ਮਤ ਗੁਰੂ ਜੀ ਦੀ ਬਹੁਤਯਾ ਨੇ ਮੰਨੀ।' (ਪੰਨਾ 756-757 ਰਚਨਾ ਕਾਲ-1897)

---

# ਗੁਰੂ ਨਾਨਕ ਲਾਂਘੇ ਦਾ ਮਹੱਤਵ ਵਿਸ਼ਵ ਸ਼ਾਂਤੀ ਲਈ

**ਰਜਿੰਦਰ ਸਿੰਘ**



ਖਾਲਸਾ ਪੰਥ ਤੇ ਪੰਜਾਬੀਆਂ ਦੇ ਲਈ ਗੁਰੂ ਨਾਨਕ ਸਾਹਿਬ ਦਾ 550 ਸਾਲਾ ਪ੍ਰਕਾਸ਼ ਉਤਸਵ ਖੁਸ਼ੀਆਂ ਤੇ ਖੇੜਿਆਂ ਭਰਿਆ ਮੌਕਾ ਹੈ ਕਿ ਕਰਤਾਰਪੁਰ ਦਾ ਮਾਰਗ ਅਰਥਾਤ ਖੁੱਲ੍ਹਾ ਲਾਂਘਾ ਖੁੱਲ੍ਹ ਗਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਇਤਿਹਾਸ ਮੁਤਾਬਕ ਗੁਰੂ ਨਾਨਕ ਸਾਹਿਬ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ 'ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖ਼ਿਰ ਵਿਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ 'ਤੇ ਹੀ ਜੋਤੀ ਜੋਤ ਸਮਾਏ ਸਨ। ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ ਅਤੇ ਇਥੇ ਖੇਤੀ ਕਰ ਗੁਰੂ ਨਾਨਕ ਦੇਵ ਜੀ ਨੇ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦਾ ਫ਼ਲਸਫ਼ਾ ਦਿੱਤਾ ਸੀ। ਕਰਤਾਰਪੁਰ ਸਾਹਿਬ ਇੱਕ ਅਜਿਹਾ ਅਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੀਵਨ ਦੇ 17 ਸਾਲ 5 ਮਹੀਨੇ ਅਤੇ 9 ਦਿਨ ਬਿਤਾਏ ਤੇ ਗੁਰੂ ਸਾਹਿਬ ਦਾ ਪੂਰਾ ਪਰਿਵਾਰ ਵੀ ਕਰਤਾਰਪੁਰ ਸਾਹਿਬ ਆ ਕੇ ਵਸ ਗਿਆ ਸੀ। ਗੁਰੂ ਸਾਹਿਬ ਦੇ ਮਾਤਾ-ਪਿਤਾ ਦਾ ਦੇਹਾਂਤ ਵੀ ਇਥੇ ਹੋਇਆ ਸੀ।"

15 ਅਗਸਤ 1947 ਦੀ ਵੰਡ ਦੌਰਾਨ ਸਿੱਖ ਪੰਥ ਤੇ ਪੰਜਾਬੀਆਂ ਦੀ ਵੱਡੀ ਤਬਾਹੀ ਹੋਈ ਹੈ। ਭਾਰਤ-ਪਾਕਿਸਤਾਨ ਦੇ ਵੰਡੇ ਜਾਣ ਮਗਰੋਂ ਸਿੱਖ ਪੰਥ ਦੇ ਗੁਰਧਾਮ ਵੀ ਵਿਛੜ ਗਏ। ਸਾਡੀਆਂ ਚਾਰ ਪੀੜ੍ਹੀਆਂ ਅਰਦਾਸ ਕਰਦੀਆਂ ਬਾਬੇ ਗੁਰੂ ਨਾਨਕ ਦੇ ਗੁਰਧਾਮਾਂ ਨੂੰ ਯਾਦ ਕਰਦੀਆਂ ਦਰਸ਼ਨ ਲਈ ਬਹਿਬਲ ਹੋਈਆਂ ਤੇ ਹੰਝੂ ਕੇਰਦੀਆਂ ਤੁਰ ਗਈਆਂ। ਭਾਰਤ-ਪਾਕਿਸਤਾਨ ਦੀ ਨਫ਼ਰਤ ਭਰਪੂਰ ਸਿਆਸਤ ਨੇ ਮਨੁੱਖਤਾ ਦੇ ਬਹੁਤ ਨੁਕਸਾਨ ਕੀਤਾ ਹੈ। ਅਸੀਂ ਵਿਚਾਰਧਾਰਕ, ਸੱਭਿਆਚਾਰਕ ਪੱਖ ਤੋਂ ਵੰਡੇ ਗਏ, ਦੰਗਿਆਂ ਦੌਰਾਨ ਸਾਡੀਆਂ ਧੀਆਂ-ਭੈਣਾਂ, ਜਾਇਦਾਦਾਂ ਖੁਸ ਗਈਆਂ, ਸਾਡੇ ਆਪਣੇ ਮਾਰੇ ਗਏ। ਪਰ ਅਜੇ ਤੱਕ ਸਾਨੂੰ ਇਸ ਦੁਖਾਂਤ ਦੀ ਸਮਝ ਨਹੀਂ ਪਈ ਕਿ ਅਸੀਂ ਨਫ਼ਰਤਾਂ ਵਲ ਜਾਣਾ ਹੈ ਜਾਂ ਗੁਰੂ ਨਾਨਕ ਦੇ ਮੋਹ ਨਾਲ ਭਿੱਜਣਾ ਹੈ। ਸਿੱਖ ਧਰਮ ਸਿਧਾਂਤ ਵਿਚ ਗੁਰਦੁਆਰਿਆਂ ਦੇ ਮਹੱਤਵ ਤੋਂ ਅੰਗਰੇਜ਼ ਭਲੀ-ਭਾਂਤ ਜਾਣੂੰ ਸਨ। ਫਿਰ ਵੀ ਉਨ੍ਹਾਂ 200 ਤੋਂ ਵਧੀਕ ਇਤਿਹਾਸਕ ਗੁਰਦੁਆਰਿਆਂ ਸਬੰਧੀ ਪੰਜਾਬ ਦੀ ਵੰਡ ਦੇ ਅਮਲ ਵਿਚ ਕਿਸੇ ਵੀ ਸੰਭਵ ਉਪਾਅ ਵੱਲ ਭਾਰਤ-ਪਾਕਿਸਤਾਨ ਨੂੰ ਪ੍ਰੇਰਨਾ ਨਾ ਦੇ ਕੇ ਸਿੱਖਾਂ ਨਾਲ ਧੋਖਾ ਕੀਤਾ ਹੈ। ਹਾਲਾਂਕਿ ਅੰਗਰੇਜ਼ ਸਰਕਾਰ ਇਸ ਦਾ ਹੱਲ ਭਾਲ ਸਕਦੀ ਸੀ। ਸਾਡੀ ਸਿੱਖ ਲੀਡਰਸ਼ਿਪ ਨੇ ਉਸ ਸਮੇਂ ਕੋਈ ਸਿਆਣਪ ਨਹੀਂ ਕੀਤੀ। ਜੇਕਰ ਉਹ ਸ਼ੇਰੇ ਪੰਜਾਬ ਵਾਲਾ ਰਾਜ ਜੋ ਪੰਜਾਬੀਆਂ ਦਾ ਸਾਂਝਾ ਰਾਜ ਸੀ, ਮੰਗ ਲੈਂਦੀ ਤਾਂ ਇਹੋ ਕੁਝ ਨਹੀਂ ਸੀ ਵਾਪਰਨਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਗਾਤਾਰ ਇਸ ਮਹੱਤਵਪੂਰਨ ਮਾਮਲੇ ਵੱਲ ਆਪਣਾ ਧਿਆਨ ਕੇਂਦਰਿਤ ਰੱਖਿਆ ਹੈ। ਸਿਮਰਨਜੀਤ ਸਿੰਘ ਮਾਨ, ਪ੍ਰਵਾਸੀ ਖਾਲਸਾ ਜੀ, ਜਥੇਦਾਰ ਕੁਲਦੀਪ ਸਿੰਘ ਵਡਾਲਾ ਕਰਤਾਰਪੁਰ ਦੇ ਖੁੱਲ੍ਹੇ ਲਾਂਘੇ ਲਈ ਜੂਝਦੇ ਰਹੇ। ਜਥੇਦਾਰ ਕੁਲਦੀਪ ਸਿੰਘ ਵਡਾਲਾ ਸਾਹਿਬ ਨੇ ਸਿਦਕੀ ਸਿੱਖ ਵਾਂਗ ਸੰਗਤ ਦੇ ਸਹਿਯੋਗ ਨਾਲ 2001 ਈ: ਦੇ ਵਿਸਾਖੀ ਦਿਵਸ 'ਤੇ ਇਸ ਕਾਰਜ ਦੀ ਸਫ਼ਲਤਾ ਵਾਸਤੇ ਗੁਰੂ ਅੱਗੇ ਰਹਿਮਤ ਅਤੇ ਬਲ ਬਖ਼ਸ਼ਣ ਲਈ ਅਰਦਾਸ ਕਰਨ ਦਾ ਪ੍ਰੋਗਰਾਮ ਉਲੀਕ ਲਿਆ। ਇਸ ਪ੍ਰੋਗਰਾਮ ਦਾ ਅਰੰਭ ਡੇਰਾ ਬਾਬਾ ਨਾਨਕ ਦਰਬਾਰ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਉਪਰੰਤ ਹੋਇਆ। ਇਸ ਸਮਾਗਮ ਵਿਚ ਜੁੜੀ ਸੰਗਤ ਵਲੋਂ ਇਹ ਫ਼ੈਸਲਾ ਕੀਤਾ ਗਿਆ ਕਿ ਹਰ ਮਹੀਨੇ ਮੱਸਿਆ ਵਾਲੇ ਦਿਨ ਕਰਤਾਰਪੁਰ ਲਾਂਘੇ ਲਈ ਅਰਦਾਸ ਕੀਤੀ ਜਾਇਆ ਕਰੇ। ਇਨ੍ਹਾਂ ਅਰਦਾਸਾਂ ਦਾ ਹਰ ਮਹੀਨੇ ਸਿਲਸਿਲਾ ਨਿਰੰਤਰ 15 ਮਈ 2018 ਤੱਕ ਚਲਦਾ ਰਿਹਾ। ਇਹ ਪੰਥਕ ਲਹਿਰ ਬਣ ਗਈ।

ਜਥੇਦਾਰ ਵਡਾਲਾ, 5 ਜੂਨ, 2018 ਨੂੰ ਅਕਾਲ ਚਲਾਣਾ ਕਰ ਗਏ। ਅੱਜ ਗੁਰੂ ਨਾਨਕ ਦਾ ਲਾਂਘਾ ਖੁੱਲ੍ਹ ਗਿਆ ਹੈ, ਪਰ ਜਥੇਦਾਰ ਵਡਾਲਾ ਲਾਂਘਾ ਪਾਰ ਕਰਦੀਆਂ ਸੰਗਤਾਂ ਦੇ ਦਰਸ਼ਨ ਨਾ ਕਰ ਸਕੇ, ਜਿਸ ਦਾ ਸੁਪਨਾ ਉਨ੍ਹਾਂ ਨੇ ਦੇਖਿਆ ਸੀ।

ਇੱਥੇ ਜ਼ਿਕਰਯੋਗ ਹੈ ਕਿ ਉਸ ਸਮੇਂ ਦੌਰਾਨ ਪਾਕਿਸਤਾਨ ਸਰਕਾਰ ਨੇ ਗੁਰਦੁਆਰਾ ਸਾਹਿਬਾਨ ਦੇ ਨਾਂਅ ਲੱਗੀਆਂ ਚੋਖੀਆਂ ਜ਼ਮੀਨਾਂ ਨੂੰ ਔਕਾਫ਼ ਬੋਰਡ ਦੇ ਢਕਵੰਜ ਰਾਹੀਂ ਵੱਡੇ-ਵੱਡੇ ਜ਼ਿਮੀਂਦਾਰਾਂ ਨੂੰ ਹੜੱਪਣ ਦੀ ਖੁੱਲ੍ਹ ਦੇ ਦਿੱਤੀ। ਪਰ ਸਿੱਖਾਂ ਨੇ ਗੁਰਦੁਆਰਾ ਸਾਹਿਬਾਨ ਦਾ ਸਮੁੱਚਾ ਮਾਮਲਾ ਹੁਣ ਜੁਗਤੀ ਨਾਲ ਕੌਮਾਂਤਰੀ ਪੱਧਰ ਦਾ ਬਣਾ ਦਿੱਤਾ ਹੈ ਤੇ ਪਾਕਿਸਤਾਨ ਨਾਲ ਪ੍ਰਵਾਸੀ ਖਾਲਸਾ ਜੀ ਨੇ ਗੱਲਬਾਤ ਕਰਕੇ ਗੁਰਧਾਮਾਂ ਦੀ ਕਾਰ ਸੇਵਾ ਕਰਵਾਈ। ਬਹੁਤਾ ਸਿਹਰਾ ਪ੍ਰਵਾਸੀ ਖਾਲਸਾ ਜੀ ਨੂੰ ਜਾਂਦਾ ਹੈ, ਜਿਨ੍ਹਾਂ ਕਾਰਨ ਕਰਤਾਰਪੁਰ ਦੇ ਖੁੱਲ੍ਹੇ ਲਾਂਘੇ ਦੀ ਗੱਲ ਚੱਲਣ ਨਾਲ ਇਸ ਮਹੱਤਵ ਨੂੰ ਹੋਰ ਵੀ ਅਹਿਮੀਅਤ ਮਿਲ ਗਈ ਹੈ।

ਬਾਕੀ ਸਫ਼ਾ 28 'ਤੇ

# Sir Speedy Tustin
Printers to the Community

**Outdoor 3'x11' Promo Flag**
**Only $29/-**
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
**Only $69/-**

**Receipt Books**
Customized with your information and design. 2 part carbonless with numbering and perforation.
**Call for Price**

**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**

**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**

**11" Printed Balloons**
Printed with your logo and info. One color, one location. Min. qty 1000
**19¢ each**

**Your Printed T-Shirts**
White T-Shirts, 1 color screen printing in 1 position. Min Qty. 100
**Only $4.99**

**Your Printed Caps**
1 color in 1 position. Min Qty. 100
**Only $4.99**

**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**

*South Asian Wedding Cards*

CALL NOW




# ਪਾਠਕਾਂ ਦਾ ਨਜ਼ਰੀਆ

## ਕਲਟ ਦੀ ਥਾਂ ਧਰਮ ਜਾਂ ਕੌਮ ਹੋਵੇ

ਅਯੁੱਧਿਆ ਬਾਰੇ ਸੁਪਰੀਮ ਕੋਰਟ ਵੱਲੋਂ ਹਾਲ ਵਿਚ ਹੀ ਕੀਤੇ ਫੈਸਲੇ ਵਿੱਚ ਜਿੱਥੇ ਮਾਣਯੋਗ ਜੱਜ ਸਾਹਿਬ ਨੇ ਸਿੱਖ ਪੰਥ ਨੂੰ "ਸਿੱਖ ਕਲਟ" ਕਰਕੇ ਲਿਖਿਆ ਹੈ, ਉਹ ਅਢੁੱਕਵਾਂ ਵੀ ਹੈ ਅਤੇ ਪੰਥ ਸ਼ਬਦ ਨੂੰ" ਵੱਡੇ" ਅਤੇ ਧਰਮ ਨਾਲ ਜੁੜੇ ਗੰਭੀਰ ਅਰਥਾਂ ਦੀ ਸ਼ਕਲ ਵਿੱਚ ਨਹੀਂ ਵਰਤਿਆ ਗਿਆ। ਜੱਜ ਸਾਹਿਬ ਨੂੰ ਚਾਹੀਦਾ ਸੀ ਕਿ ਉਹ ਪੰਥ ਸ਼ਬਦ ਦਾ ਤਰਜਮਾ ਕਰਨ ਲਈ ਸਿੱਧਾ ਕਿਸੇ ਡਿਕਸ਼ਨਰੀ ਵੱਲ ਜਾਣ ਦੀ ਥਾਂ ਭਾਸ਼ਾ ਵਿਭਾਗ ਪਟਿਆਲਾ ਦੇ "ਮਹਾਨ ਕੋਸ਼" ਦੀ ਵਰਤੋਂ ਕਰਦੇ ਜੋ ਇੱਕ ਤਰ੍ਹਾਂ ਨਾਲ ਵਿਦਵਾਨਾਂ, ਸਾਹਿਤਕਾਰਾਂ, ਆਲੋਚਕਾਂ ਅਤੇ ਇਤਿਹਾਸਕਾਰਾਂ ਵਿੱਚ ਵੀ ਸਰਵ ਪ੍ਰਵਾਨਿਤ ਹੀ ਨਹੀਂ ਸਗੋਂ ਇਸ ਕੋਸ਼ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰਮਤਿ ਸਾਹਿਤ ਦੀਆਂ ਹੋਰ ਸਮੂਹ ਪ੍ਰਤੀਨਿਧ ਰਚਨਾਵਾਂ ਦੀ ਸ਼ਬਦਾਵਲੀ ਨਿਰੁਕਤੀ, ਵਿਆਕਰਣ ਅਤੇ ਪੂਰੇ ਅਰਥ ਭੇਦਾਂ ਸਹਿਤ ਦਰਜ ਕੀਤੀ ਗਈ ਹੈ ।ਇਹ ਕੋਸ਼ ਭਾਸ਼ਾ ਵਿਗਿਆਨ ਦੇ ਪੱਖੋਂ ਵੀ ਅਤਿ ਮਹੱਤਵਪੂਰਨ ਹੈ। ਮਹਾਨ ਕੋਸ਼ ਵਿੱਚ ਪੰਥ ਦੇ ਅਰਥ ਹੋਰਨਾਂ ਅਰਥਾਂ ਤੋਂ ਇਲਾਵਾ "ਧਰਮ ਅਤੇ ਮਜ਼ਹਬ" ਵੀ ਕੀਤੇ ਗਏ ਹਨ ਜਦ ਕਿ ਜਜ ਸਾਹਿਬ ਨੂੰ "ਸਿੱਖ ਧਰਮ" ਸ਼ਬਦ ਵਰਤਣਾ ਚਾਹੀਦਾ ਸੀ। ਜਦੋਂ ਅਸੀਂ "ਕਲਟ" ਸ਼ਬਦ ਦੀ ਵਰਤੋਂ ਕਰਦੇ ਹਾਂ ਤਾਂ ਸਿੱਖ ਧਰਮ ਦੇ ਸਬੰਧ ਵਿੱਚ ਇਹ ਅਰਥ ਬੜੇ ਸੌੜੇ, ਅਢੁੱਕਵੇਂ ਬਣ ਜਾਂਦੇ ਹਨ ਅਤੇ ਸਿੱਖ ਧਰਮ ਦੀ ਮੁਕੰਮਲ ਅਤੇ ਅੰਤਰੀਵ ਹਸਤੀ ਨਾਲ ਕਿਸੇ ਤਰ੍ਹਾਂ ਵੀ ਮੇਲ ਨਹੀਂ ਖਾਂਦੇ। ਗੁਰੂ ਗ੍ਰੰਥ ਸਾਹਿਬ ਵਿੱਚ ਪੰਥ ਸ਼ਬਦ ਕਈ ਥਾਈਂ ਵਰਤਿਆ ਗਿਆ ਹੈ ਜਦਕਿ ਪ੍ਰੋਫੈਸਰ ਸਾਹਿਬ ਸਿੰਘ ਹੁਰਾਂ ਇਸ ਦੇ ਅਰਥ ਮਾਰਗ ਜਾਂ ਰਸਤਾ ਵੀ ਦੱਸਿਆ ਹੈ।ਵੈਸੇ " ਇਨਕਾਰਟਾ ਵਰਲਡ ਡਿਕਸ਼ਨਰੀ "ਵਿੱਚ ਕਲਟ ਦਾ ਅਰਥ ਰਿਲੀਜਨ ਦੱਸਿਆ ਗਿਆ ਹੈ ਜਦਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਗਰੇਜ਼ੀ ਪੰਜਾਬੀ ਕੋਸ਼ ਵਿੱਚ ਵੀ ਕਲਟ ਦੇ ਅਰਥ ਧਰਮ, ਰੀਤ, ਮਾਰਗ ਕੀਤੇ ਗਏ ਹਨ। ਵੈਸੇ ਅਸੀਂ ਜਦੋਂ ਵੀ "ਸਿੱਖ ਪੰਥ" ਦੀ ਗੱਲ ਕਰਦੇ ਹਾਂ ਤਾਂ ਦੁਨੀਆ ਭਰ ਦੇ ਵਿਦਵਾਨਾਂ ਅਤੇ ਇਤਿਹਾਸਕਾਰਾਂ ਨੇ ਸਰਬ ਸਹਿਮਤੀ ਨਾਲ ਇਸ ਨੂੰ ਸਿੱਖ ਧਰਮ ਜਾਂ ਸਿੱਖਿਜ਼ਮ ਦੇ ਅਰਥਾਂ ਵਿੱਚ ਹੀ ਵਰਤਿਆ ਗਿਆ ਹੈ ਨਾ ਕਿ ਕਲਟ ਦੇ ਅਰਥਾਂ ਵਿੱਚ। ਸਿਰਦਾਰ ਕਪੂਰ ਸਿੰਘ ਨੇ ਆਨੰਦਪੁਰ ਸਾਹਿਬ ਦੇ ਮਤੇ ਵਿੱਚ ਸਿੱਖ ਪੰਥ ਨੂੰ "ਸਿੱਖ ਨੇਸ਼ਨ" ਦੱਸ ਕੇ ਇਸ ਸ਼ਬਦ ਨੂੰ ਅੰਤਰਰਾਸ਼ਟਰੀ ਮੁਹਾਵਰੇ ਵਿੱਚ ਪੇਸ਼ ਕਰਕੇ ਵਿਸ਼ਾਲ ਅਰਥ ਪ੍ਰਦਾਨ ਕੀਤੇ ਹਨ। ਸੁਪਰੀਮ ਕੋਰਟ ਨੂੰ ਆਪਣੇ ਫੈਸਲੇ ਵਿੱਚ ਸੁਧਾਈ ਕਰਕੇ ਪੰਥ ਨੂੰ ਕਲਟ ਕਹਿਣ ਦੀ ਥਾਂ" ਧਰਮ" ਜਾਂ" ਕੌਮ ਦੀ ਵਰਤੋਂ ਕਰਨੀ ਚਾਹੀਦੀ ਹੈ।

**-ਕਰਮਜੀਤ ਸਿੰਘ ਚੰਡੀਗੜ੍ਹ**

## ਭੱਕਰ ਸਿੰਘ ਜੀ ਵੱਲੋਂ ਸੰਪਾਦਿਤ ਕੀਤੀ ਕਿਤਾਬ ਸਿੱਖ ਅਤੇ 1857 ਦਾ ਗਦਰ

ਸਿੱਖ ਅਤੇ 1857 ਦਾ ਗਦਰ ਕਿਤਾਬ ਸ: ਭੱਕਰ ਸਿੰਘ ਜੀ ਵੱਲੋਂ ਸੰਪਾਦਿਤ ਕੀਤੀ ਗਈ ਹੈ । 1857 ਦੇ ਗਦਰ ਦੀ 1957 ਵਿਚ ਸੌ ਸਾਲਾ ਯਾਦ ਮਨਾਉਂਦਿਆਂ ਕਈ ਹਿੰਦੂ ਬੁਲਾਰਿਆਂ ਅਤੇ ਲੇਖਕਾਂ ਵੱਲੋਂ ਬਾਗੀਆਂ ਦੀ ਹਾਰ ਦਾ ਦੋਸ਼ ਕੱਲੇ ਸਿੱਖਾਂ ਉੱਪਰ ਲਾਇਆ ਗਿਆ । ਉਸ ਦੋਸ਼ ਦਾ ਦੋ ਵਿਦਵਾਨ ਲੇਖਕਾਂ, ਲੈਫਟੀਨੇਟ ਕਰਨਲ ਗੁਲਚਰਨ ਸਿੰਘ ਅਤੇ ਉੱਘੇ ਸਿੱਖ ਇਤਿਹਾਸਕਾਰ ਡਾ ਗੰਡਾ ਸਿੰਘ ਜੀ ਨੇ ਇਤਿਹਾਸਿਕ ਤੱਥਾਂ ਅਤੇ ਅੰਕੜਿਆਂ ਦੇ ਅਧਾਰ ਤੇ ਖੰਡਨ ਕੀਤਾ ਸੀ । ਉਨ੍ਹਾਂ ਨੇ ਭਾਰਤ ਦੇ ਉੱਚ ਵਿੱਦਿਆ ਸ਼ਾਸਤਰੀਆਂ ਅਤੇ ਬੁੱਧੀਜੀਵੀਆਂ ਦੀਆਂ ਗਵਾਹੀਆਂ ਦੇ ਕੇ ਆਪਣੇ ਵਿਚਾਰ ਮੂਲ ਰੂਪ ਅੰਗਰੇਜੀ ਵਿਚ ਲਿਖੇ ਸਨ ।ਲੈਫ: ਕਰਨਲ ਗੁਲਚਰਨ ਸਿੰਘ ਅਤੇ ਡਾ ਗੰਡਾ ਸਿੰਘ ਜੀ ਦੇ ਇਹਨਾਂ ਅੰਗਰੇਜੀ ਲੇਖਾਂ ਦਾ ਹੀ ਸ: ਭੱਕਰ ਸਿੰਘ ਜੀ ਨੇ ਪੰਜਾਬੀ ਅਨੁਵਾਦ ਕੀਤਾ ਹੈ । ਸ਼ਾਇਦ ਕਈ ਵੀਰਾਂ ਨੇ ਇਹ ਲੇਖ ਅੰਗਰੇਜੀ ਵਿਚ ਪੜੇ ਹੋਣ ।

ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਹਿੰਦੂ ਪੂਰਬੀਆਂ ਤੇ ਮੁਸਲਮਾਨਾਂ ਨੇ ਧੱਕੇ ਨਾਲ ਹੀ ਬਹਾਦਰ ਸ਼ਾਹ ਜਫਰ ਦੂਜੇ ਨੂੰ ਗੱਦੀ ਤੇ ਬਿਠਾ ਕੇ ਇਸ ਲੜਾਈ ਦਾ ਆਪਣਾ ਸਾਂਝਾ ਨੇਤਾ ਐਲਾਨ ਦਿੱਤਾ , ਹਾਲਾਂ ਕਿ ਉਸਦੀ ਮੰਨੀ ਕਿਸੇ ਨੇ ਵੀ ਨਹੀ ..! ਬਾਅਦ ਵਿਚ ਇਹੋ ਗਦਰ ਹਿੰਦੂ ਮੁਸਲਮਾਨ ਦੰਗਿਆਂ ਚ ਤਬਦੀਲ ਹੋ ਗਿਆ । ਸਰ ਜਾਦੂਨਾਥ ਸਰਕਾਰ ਦੇ ਮੁਤਾਬਿਕ ਫੌਜੀ ਸਿਪਾਹੀਆਂ ਦੀ ਬਗਾਵਤ ਅਜਾਦੀ ਦੀ ਲੜਾਈ ਨਹੀ ਸੀ । ਕੇ ਪੀ ਕਰਿਪਲਾਨੀ ਕਹਿੰਦੇ ਹਨ ਇਹ ਮੁੱਢਲੇ ਸ਼ਾਸ਼ਕਾਂ ਵੱਲੋਂ ਆਪਣੀਆਂ ਰਿਆਸਤਾਂ ਦੀ ਮੁੜ ਸਥਾਪਤੀ ਲਈ ਕੀਤੀ ਗਈ ਕੋਸ਼ਿਸ਼ ਤੋਂ ਵੱਧ ਕੁਝ ਵੀ ਨਹੀ ਸੀ । ਡਾ ਆਰ ਸੀ ਮਜੁਮਦਾਰ ਲਿਖਦੇ ਨੇ ਇਹ ਲੜਾਈ ਨਾ ਹੀ ਪਹਿਲੀ , ਨਾ ਰਾਸ਼ਟਰੀ ਅਤੇ ਨਾ ਹੀ ਅਜਾਦੀ ਦੀ ਲੜਾਈ ਸੀ ।

ਇਸ ਲੜਾਈ ਵਿਚ ਕੱਲੇ ਸਿੱਖਾਂ ਨੇ ਨਹੀ , ਮਰਹੱਟਿਆਂ, ਜਾਟਾਂ , ਰਾਜਪੂਤਾਂ , ਤੇ ਗੋਰਖਿਆਂ ਨੇ ਵੀ ਹਿੰਦੂ ਪੂਰਬੀਆਂ ਦਾ ਸਾਥ ਨਹੀ ਦਿੱਤਾ , ਆਖਿਰ ਇਸਦੀ ਵਜਾ ਕੀ ਸੀ ?

ਕਿਉਂ ਬਹੁਤਾਤ ਗਿਣਤੀ ਵਿਚ ਹਿੰਦੂ , ਇਸ ਗਦਰ ਖਿਲਾਫ ਅੰਗਰੇਜਾਂ ਦੇ ਹੱਕ ਚ ਭੁਗਤੇ ?

ਝਾਂਸੀ ਦੀ ਰਾਣੀ, ਧੋਂਦੂ ਰਾਓ ਪੰਤ ਨਾਨਾ ਸਾਹਿਬ ( ਮੈਂ ਇਹਨੂੰ ਰੋਂਦੂ ਰਾਓ ਪੰਤ ਕਹਿੰਨਾ ਹੁੰਨਾ) ਦੇ ਬਾਗੀਆਂ ਨਾਲ ਰਲਣ ਦੇ ਕੀ ਕਾਰਨ ਸਨ ?

ਤਾਂਤੀਆਂ ਤੋਪੇ ਕੌਣ ਸੀ ?

ਗਦਰ ਪਿੱਛੋਂ ਅੰਗਰੇਜਾਂ ਨੇ ਹਿੰਦੂਆਂ ਦੀ ਵਫਾਦਾਰੀ ਮੁਸਲਮਾਨਾਂ ਤੋਂ ਵੱਧ ਕਿਉਂ ਕਬੂਲੀ ?

ਸਿੱਖਾਂ ਦੀ ਇਸ ਗਦਰ ਖਿਲਾਫ ਤੇ ਹੱਕ ਵਿਚ ਕੀ ਭੂਮਿਕਾ ਰਹੀ ?

ਅਤੇ ਹੋਰ ਵੀ ਬਹੁਤ ਸਾਰੇ ਸਵਾਲਾਂ ਦੇ ਜਵਾਬ ਇਸ ਕਿਤਾਬ ਵਿੱਚੋਂ ਮਿਲਦੇ ਨੇ । ਇਹੋ ਕਹਾਂਗਾ ਕਿ ਇਸ ਕਿਤਾਬ ਨੂੰ ਲੈ ਕੇ ਜ਼ਰੂਰ ਪੜਿਓ । ਮਹਿਜ 64 ਸਫਿਆਂ ਦੀ ਕਿਤਾਬ ਹੈ । ਇਸ 64 ਸਫਿਆਂ ਦੀ ਕਿਤਾਬ ਬਾਰੇ ਹੋਰ ਏਨਾ ਕੁ ਕਹਾਂਗਾ ਕਿ ਇਹ ਕੁੱਜੇ ਵਿਚ ਸਮੁੰਦਰ ਹੈ ।

**-ਕੁਲਜੀਤ ਸਿੰਘ ਖੋਸਾ**

## ਕੈਨੇਡਾ ਵਿਚ ਪੰਜਾਬੀਆਂ ਦੀ ਚੜ੍ਹਦੀਕਲਾ

ਹੁਣ ਕੈਨੇਡਾ ਵਿਚ ਪੰਜਾਬੀ ਲੋਕਾਂ ਦਾ ਸਥਾਨ ਪਹਿਲਾਂ ਦੇ ਮੁਕਾਬਲੇ ਬਹੁਤ ਸਨਮਾਨ ਵਾਲਾ ਹੈ। ਇਹ ਸਭ ਕੁਝ ਐਵੇਂ ਹੀ ਨਹੀਂ ਸੀ ਵਾਪਰਿਆ, ਇਸ ਪਿੱਛੇ ਕੈਨੇਡੀਆਈ ਪੰਜਾਬੀ ਭਾਈਚਾਰੇ ਦੀਆਂ ਅਗਾਂਹਵਧੂ ਵਿਚਾਰਧਾਰਕ ਜੱਦੋ-ਜਹਿਦਾਂ ਦਾ ਵੱਡਾ ਹੱਥ ਹੈ, ਜਿਸ ਨੇ ਸਾਨੂੰ ਤਖ਼ਤੇ ਤੋਂ ਤਖ਼ਤ ਤੱਕ ਪਹੁੰਚਾਇਆ ਹੈ। ਮਿਸ. ਹੈਦਰ ਮਿਲਰ ਦੀ ਪੁਸਤਕ 'ਇਨ ਬਾਸਕਟ ਕੰਟਰੀ' ਅਨੁਸਾਰ ਸਭ ਤੋਂ ਪਹਿਲਾਂ ਪੰਜਾਬੀ 1880 ਵਿਆਂ ਵਿਚ ਕੈਨੇਡਾ ਦੇ ਪ੍ਰਾਂਤ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿਚ ਆਏ ਸਨ। ਵੇਲੇ ਦੀਆਂ ਸਥਾਨਕ ਅਖ਼ਬਾਰਾਂ ਦੇ ਸਾਂਭੇ ਅੰਕ ਵੀ ਇਸ ਦੀ ਸ਼ਾਹਦੀ ਭਰਦੇ ਹਨ। ਪਹਿਲ-ਪਲੱਕੜਿਆਂ 'ਚ ਕੈਨੇਡਾ ਪਹੁੰਚਣ ਵਾਲੇ ਕਰਤਾਰ ਸਿੰਘ (ਢੁਕੀ) ਲਤਾਲਾ ਮੁਤਾਬਿਕ ਪਹਿਲੇ ਪੰਜਾਬੀ ਨੂੰ ਇਕ ਅਮਰੀਕੀ ਕੰਪਨੀ ਸ਼ਿਘਾਈ ਤੋਂ ਇੱਥੇ ਲਿਆਈ ਸੀ, ਜੋ ਬੀਨ ਵਜਾਉਂਦਾ ਸੀ। ਖੋਜੀ ਰਜਨੀ ਕਾਂਤਾ ਦਾਸ ਆਪਣੀ 1923 'ਚ ਲਿਖੀ ਕਿਤਾਬ ਵਿਚ ਇਸ ਦੀ ਪੁਸ਼ਟੀ ਬਖਸ਼ੀਸ਼ ਸਿੰਘ ਮਲਵਈ ਵਜੋਂ ਅਤੇ ਆਉਣ ਦਾ ਸਮਾਂ 1899 ਦੱਸਦੀ ਹੈ। ਬਹੁਤ ਸਾਰੇ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ 1897 ਵਿਚ ਜਦੋਂ ਮਾਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਲੰਡਨ ਵਿਚ ਮਨਾਈ ਗਈ ਸੀ ਤਾਂ ਉਸ ਸਮੇਂ ਭਾਰਤ ਤੋਂ ਸਿੱਖ ਰਸਾਲੇ ਦੇ ਕੁਝ ਜਵਾਨ ਜੁਬਲੀ ਜਸ਼ਨਾਂ ਦੀ ਸ਼ਾਨ ਵਿਚ ਵਾਧਾ ਕਰਨ ਲਈ ਇਥੇ ਆਏ ਸਨ।

ਫ਼ੌਜੀਆਂ ਤੋਂ ਬਿਨਾਂ ਅਸਲ ਵਿਚ ਕੈਨੇਡਾ ਵਿਚ ਭਾਰਤੀ ਵੀਹਵੀਂ ਸਦੀ ਦੇ ਆਰੰਭ ਵਿਚ ਆਉਣੇ ਸ਼ੁਰੂ ਹੋਏ। 1908 ਤੱਕ ਕਰੀਬ ਪੰਜ ਹਜ਼ਾਰ ਤੋਂ ਜ਼ਿਆਦਾ ਹਿੰਦੂ-ਸਿੱਖ-ਮੁਸਲਿਮ ਭਾਰਤੀ ਕੈਨੇਡਾ ਪੁੱਜ ਚੁੱਕੇ ਸਨ। ਇਨ੍ਹਾਂ ਵਿਚੋਂ ਥੋੜ੍ਹੇ ਜਿਹਿਆਂ ਨੂੰ ਛੱਡ ਕੇ ਬਾਕੀ ਸਾਰੇ ਸਿੱਧੇ-ਸਾਦੇ ਪੰਜਾਬੀ ਸਨ, ਜੋ ਖੇਤਾਂ ਵਿਚ ਕੰਮ ਕਰਦੇ ਜਾਂ ਅੰਗਰੇਜ਼ੀ ਫ਼ੌਜ ਦੀਆਂ ਨੌਕਰੀਆਂ ਕਰਕੇ ਆਏ ਸਨ। ਸ਼ੁਰੂ ਵਿਚ ਇਨ੍ਹਾਂ ਦੀ ਸੂਝ ਸਿਆਸੀ ਪੱਖ ਤੋਂ ਬਹੁਤ ਹੀ ਘੱਟ ਸੀ ਅਤੇ ਉਹ ਭਾਰਤ ਵਿਚ ਅੰਗਰੇਜ਼ੀ ਰਾਜ ਨੂੰ ਮਾੜਾ ਨਹੀਂ ਸਨ ਸਮਝਦੇ। ਕੈਨੇਡਾ ਪੁੱਜ ਕੇ ਇਨ੍ਹਾਂ ਅੰਦਰ ਰਾਜਨੀਤਕ ਜਾਗਰੂਕਤਾ ਬੜੀ ਤੇਜ਼ੀ ਨਾਲ ਆਈ। ਉਹ ਇਹ ਗੱਲ ਵੀ ਸਮਝਣ ਲੱਗੇ ਕਿ ਕੈਨੇਡਾ ਵਿਚ ਉਨ੍ਹਾਂ ਦੀ ਦੁਰਦਸ਼ਾ ਦੀ ਜ਼ਿੰਮੇਵਾਰ ਸਿਰਫ਼ ਕੈਨੇਡਾ ਦੀ ਨਸਲਵਾਦੀ ਸਰਕਾਰ ਹੀ ਨਹੀਂ ਸਗੋਂ ਇਸ ਦੀ ਮੂਲ ਜੜ੍ਹ ਇੰਗਲੈਂਡ ਦੀ ਸਾਮਰਾਜੀ ਸਰਕਾਰ ਹੈ, ਜੋ ਭਾਰਤ ਨੂੰ ਗੁਲਾਮ ਬਣਾਈ ਬੈਠੀ ਹੈ। ਇਸ ਸਿਆਸੀ ਚੇਤਨਾ ਕਾਰਨ ਹੀ ਉਨ੍ਹਾਂ ਨੇ ਨਾ ਸਿਰਫ ਕੈਨੇਡਾ ਵਿਚ ਇਕੱਠਿਆਂ ਹੋ ਕੇ ਆਪਣੇ ਹੱਕਾਂ ਲਈ ਘੋਲ ਲੜੇ, ਸਗੋਂ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਵੀ ਵੱਡਾ ਯੋਗਦਾਨ ਪਾਇਆ। ਜਦੋਂ ਉੱਤਰੀ ਅਮਰੀਕਾ ਵਿਚ ਗ਼ਦਰ ਪਾਰਟੀ (1913) ਬਣੀ ਤਾਂ ਕੈਨੇਡਾ ਦੇ ਭਾਰਤੀ ਵੀ ਆਪਣੀਆਂ ਜਾਇਦਾਦਾਂ ਤੇ ਕੰਮਾਂ-ਕਾਰਾਂ ਨੂੰ ਤਿਆਗ ਕੇ ਬਰਤਾਨਵੀ ਸਾਮਰਾਜ ਵਿਰੁੱਧ ਭਾਰਤ ਦੀ ਆਜ਼ਾਦੀ ਦੀ ਜੰਗ ਵਿਚ ਕੁੱਦ ਪਏ।

ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ ਨੇ 1906 ਵਿਚ ਖ਼ਾਲਸਾ ਦੀਵਾਨ ਸੁਸਾਇਟੀ ਬਣਾਈ। ਇਹ ਭਾਵੇਂ ਸਿੱਖਾਂ ਦੀ ਧਾਰਮਿਕ ਜਥੇਬੰਦੀ ਸੀ, ਪਰ ਇਸ ਨੇ ਰਾਜਨੀਤਕ ਮਾਮਲਿਆਂ ਵਿਚ ਵੀ ਬੜਾ ਸਰਗਰਮ ਭੂਮਿਕਾ ਅਦਾ ਕੀਤੀ। ਇਸ ਦੇ ਬਹੁਤੇ ਮੈਂਬਰ ਅਗਾਂਹਵਧੂ ਵਿਚਾਰਾਂ ਵਾਲੇ ਸਨ। ਇਸ ਜਥੇਬੰਦੀ ਦੇ ਆਗੂਆਂ ਦੀ ਸਿਆਸੀ ਸੂਝ ਸਮਾਜਵਾਦੀ ਬਣ ਚੁੱਕੀ ਸੀ। ਉਹ ਗੁਰੂ ਸਾਹਿਬਾਨ ਦੇ ਅਜਿਹੇ ਸੱਚੇ-ਸੁੱਚੇ ਸਿੱਖ ਸਨ। ਖ਼ਾਲਸਾ ਦੀਵਾਨ ਸੁਸਾਇਟੀ ਦੇ ਬਹੁਤ ਸਾਰੇ ਮੈਂਬਰ ਸੋਸ਼ਲਿਸਟ ਵਿਚਾਰਧਾਰਾ ਵਾਲੀ ਹਿੰਦੁਸਤਾਨ ਐਸੋਸੀਏਸ਼ਨ ਦੇ ਵੀ ਮੈਂਬਰ ਸਨ। ਸਾਲ 1908 ਤੋਂ 1913 ਤੱਕ ਭਾਰਤੀ ਭਾਈਚਾਰਾ, ਜਿਸ ਵਿਚ ਹਿੰਦੂ, ਸਿੱਖ ਅਤੇ ਮੁਸਲਿਮ ਸ਼ਾਮਿਲ ਸਨ, ਨੇ ਮਹੱਤਵਪੂਰਨ ਘੋਲ ਲੜੇ, ਜਿਵੇਂ ਹਾਂਡੂਰਾਜ਼ (1908) ਭੇਜੇ ਜਾਣ ਵਿਰੁੱਧ ਘੋਲ, ਤਗਮਿਆਂ ਅਤੇ ਵਰਦੀਆਂ ਦੀ ਲੋਹੜੀ ਸਾੜਨੀ (1909), ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨਾਂ ਦਾ ਬਾਈਕਾਟ (1910), ਪਰਿਵਾਰਾਂ ਨੂੰ ਕੈਨੇਡਾ ਮੰਗਵਾਉਣ ਦਾ ਸੰਘਰਸ਼ (1911), ਕਾਮਾਗਾਟਾਮਾਰੂ ਦਾ ਘੋਲ (1913) ਅਤੇ ਗ਼ਦਰ ਲਹਿਰ ਵਿਚ ਹਿੱਸਾ (1913-1916-1921) ਆਦਿ। ਗ਼ਦਰ ਲਹਿਰ ਦੇ ਆਗਮਨ ਸਮੇਂ ਹੀ ਕੁਝ ਕੁ ਆਪਣਿਆਂ ਦੀ ਗ਼ਦਾਰੀ ਕਾਰਨ ਹੀ ਭਾਈ ਮੇਵਾ ਸਿੰਘ ਲੋਪੋਕੇ ਨੂੰ ਫਾਂਸੀ (1915) ਦਿੱਤੀ ਗਈ ਸੀ। ਕੈਨੇਡਾ ਦੇ ਸੰਦਰਭ 'ਚ, ਪੰਜਾਬੀ ਕੌਮ ਨੂੰ ਫ਼ਖ਼ਰ ਹੈ ਕਿ ਕੈਨੇਡਾ ਦਾ ਪਹਿਲਾ ਅਤੇ ਆਖਰੀ ਸ਼ਹੀਦ ਉਨ੍ਹਾਂ ਵਿਚੋਂ ਹੈ, ਜਿਹੜਾ ਇੰਗਲੈਂਡ, ਜੋ ਕੈਨੇਡਾ ਦੀ ਧਰਤ 'ਤੇ ਵੀ ਕਾਬਜ਼ ਸੀ, ਦੀ ਹਕੂਮਤ ਵਲੋਂ ਸ਼ਹੀਤ ਕੀਤਾ ਗਿਆ ਸੀ।

ਪਹਿਲਾਂ-ਪਹਿਲ ਜਦੋਂ ਪੰਜਾਬੀਆਂ ਨੇ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਕੋਲ ਵੋਟ ਦਾ ਹੱਕ ਸੀ, ਜੋ 1907 ਵਿਚ ਖੋਹ ਲਿਆ ਗਿਆ। ਆਪਣੀ ਹਿੰਮਤ ਨਾਲ ਅਤੇ ਬਿਨਾਂ ਕਿਸੇ ਬਾਹਰਲੀ ਇਮਦਾਦ ਦੇ, ਕੈਨੇਡਾ ਵਿਚ ਵਸਦੇ ਪੰਜਾਬੀ ਲਗਾਤਾਰ ਇਸ ਹੱਕ ਖਾਤਰ ਜੱਦੋ-ਜਹਿਦ ਕਰਦੇ ਰਹੇ। ਵੋਟ ਹੱਕ ਪ੍ਰਾਪਤੀ ਦਾ ਘੋਲ ਸਾਲ 1942-1947 ਵਿਚ ਆਪਣੀ ਸਿਖਰ ਉੱਤੇ ਸੀ, ਜਿਸ ਦੇ ਚਲਦਿਆਂ ਅਖੀਰ ਅਪ੍ਰੈਲ 1947 ਨੂੰ ਪੰਜਾਬੀ ਭਾਈਚਾਰੇ ਫ਼ਤਹਿ ਪ੍ਰਾਪਤ ਕੀਤੀ। ਇਸ ਭਾਈਚਾਰੇ ਦੇ ਦੋ ਅਹਿਮ ਮਸਲੇ 1947 ਵਿਚ ਹੱਲ ਹੋ ਗਏ ਸਨ। ਇਸ ਸਾਲ ਦੇ ਅਪ੍ਰੈਲ ਮਹੀਨੇ ਵਿਚ ਉਨ੍ਹਾਂ ਨੂੰ ਚਾਲੀ ਸਾਲਾਂ ਦੇ ਸੰਘਰਸ਼ ਉਪਰੰਤ ਵੋਟ ਦੇਣ ਦਾ ਹੱਕ ਮੁੜ ਪ੍ਰਾਪਤ ਹੋ ਗਿਆ ਸੀ। ਉਸੇ ਸਾਲ ਅਗਸਤ 1947 ਵਿਚ ਭਾਰਤ ਨੂੰ 'ਆਜ਼ਾਦੀ' ਮਿਲ ਗਈ ਸੀ। ਇਨ੍ਹਾਂ ਦੋ ਮਸਲਿਆਂ ਤੋਂ ਬਾਅਦ ਭਾਰਤੀਆਂ ਦੇ ਕੈਨੇਡਾ ਆਉਣ ਉੱਤੇ ਲੱਗੀਆਂ ਇਮੀਗ੍ਰੇਸ਼ਨ ਦੇ ਕਾਨੂੰਨਾਂ ਦੀਆਂ ਪਾਬੰਦੀਆਂ ਨੂੰ ਹਟਾਉਣਾ ਵੱਡਾ ਮਸਲਾ ਸੀ, ਜਿਸ ਵਿਚ ਉਨ੍ਹਾਂ ਨੇ ਮੁੱਢ ਤੋਂ ਹੀ ਬਹੁਤ ਸਰਗਰਮੀ ਵਿਖਾਈ ਸੀ। ਛੇਵੇਂ ਦਹਾਕੇ (1950-60) ਦੌਰਾਨ ਇਹ ਮਸਲਾ ਵੀ ਦੋ ਕਾਰਨਾਂ ਕਰਕੇ ਫੌਰੀ ਤੌਰ 'ਤੇ ਏਨੀ ਜ਼ਿਆਦਾ ਅਹਿਮੀਅਤ ਨਹੀਂ ਸੀ ਰੱਖਦਾ। ਇਕ ਤਾਂ ਉਸ ਵੇਲੇ ਦੂਜੀ ਸੰਸਾਰ ਜੰਗ ਕਾਰਨ ਯੂਰਪ ਵਿਚ ਹੋਈ ਤਬਾਹੀ ਤੋਂ ਬਾਅਦ ਮੁੜ ਉਸਾਰੀ ਸ਼ੁਰੂ ਹੋ ਚੁੱਕੀ ਸੀ। ਬਹੁਤ ਸਾਰੇ ਪੰਜਾਬੀ ਇੰਗਲੈਂਡ ਆਉਣੇ ਸ਼ੁਰੂ ਹੋ ਗਏ ਸਨ, ਜਿਸ ਨਾਲ ਪੰਜਾਬ ਦੇ ਲੋਕਾਂ ਲਈ ਬਾਹਰ ਜਾਣ ਦੀ ਲੋੜ ਕਾਫੀ ਹੱਦ ਤੱਕ ਪੂਰੀ ਹੋ ਰਹੀ ਸੀ, ਦੂਜੇ ਪਾਸੇ ਕੈਨੇਡਾ ਨੇ ਵੀ ਆਪਣੀਆਂ ਨੀਤੀਆਂ ਵਿਚ ਕੁਝ ਨਰਮੀ ਵਿਖਾਉਣੀ ਸ਼ੁਰੂ ਕਰ ਦਿੱਤੀ ਸੀ।

ਕੈਨੇਡਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਵਿਚ ਹੋਈਆਂ ਤਬਦੀਲੀਆਂ ਦੇ ਅਧਾਰ ਉੱਤੇ ਸੱਤਰਵਿਆਂ ਦੇ ਸ਼ੁਰੂ ਦੇ ਕੁਝ ਸਾਲਾਂ ਦੌਰਾਨ ਵੱਡੀ ਗਿਣਤੀ ਵਿਚ ਪੰਜਾਬੀ ਇੱਥੇ ਆਏ। ਇਨ੍ਹਾਂ ਦੇ ਇੱਥੇ ਆਉਣ ਨਾਲ ਦੋ ਗੱਲਾਂ ਵਾਪਰੀਆਂ; ਪਹਿਲੀ, ਪੰਜਾਬੀ ਭਾਈਚਾਰੇ ਵਿਚਲਾ ਲੰਮੇ ਸਮੇਂ ਤੋਂ ਸਥਾਪਿਤ ਹੋਇਆ ਢਾਂਚਾ ਬਹੁਤ ਤੇਜ਼ੀ ਨਾਲ ਟੁੱਟਣ ਲੱਗਾ। ਆਉਣ ਵਾਲਿਆਂ ਵਿਚ ਬਹੁ-ਗਿਣਤੀ ਆਜ਼ਾਦ ਭਾਰਤ ਵਿਚ ਪੈਦਾ ਹੋਏ ਪੜ੍ਹੇ-ਲਿਖੇ ਅਤੇ ਨਵੀਂ ਸਿਆਸੀ ਚੇਤਨਾ ਵਾਲੇ ਲੋਕ ਸਨ। ਇਨ੍ਹਾਂ ਨੇ ਪਹਿਲੇ ਪੰਜਾਬੀ ਕੈਨੇਡੀਆਈਆਂ ਵਲੋਂ ਸਥਾਪਿਤ ਕਦਰਾਂ ਕੀਮਤਾਂ ਨੂੰ ਸਮਝਣ ਤੇ ਮੰਨਣ ਤੋਂ ਇਨਕਾਰ ਕਰ ਦਿੱਤਾ। ਦੂਜੀ; ਪੰਜਾਬੀ ਵੈਨਕੂਵਰ ਤੇ ਬ੍ਰਿਟਿਸ਼ ਕੋਲੰਬੀਆ ਤੋਂ ਨਿਕਲ ਕੇ ਕੈਨੇਡਾ ਦੇ ਦੂਜੇ ਹਿੱਸਿਆਂ ਵੱਲ ਵਧਣੇ ਸ਼ੁਰੂ ਹੋਏ ਅਤੇ ਛੇਤੀ ਹੀ ਟੋਰਾਂਟੋ, ਮਾਂਟਰੀਅਲ, ਵਿਨੀਪੈਗ ਐਡਮਿੰਟਨ ਤੇ ਕੈਲਗਰੀ ਆਦਿ ਸ਼ਹਿਰਾਂ ਵਿਚ ਵੀ ਇਨ੍ਹਾਂ ਦੀ ਗਿਣਤੀ ਵਧਣ ਲੱਗੀ। ਪਹਿਲਾਂ ਸਥਾਪਿਤ ਸੰਸਥਾਵਾਂ ਮੁੱਖ ਰੂਪ ਵਿਚ ਧਾਰਮਿਕ ਹੀ ਸਨ, ਸਿਵਾਏ ਇਕ ਅੱਧ ਅਰਧ-ਧਾਰਮਿਕ ਸੰਸਥਾਵਾਂ ਜਿਵੇਂ ਈਸਟ ਇੰਡੀਅਨਜ਼ ਕੈਨੇਡੀਅਨ ਸਿਟੀਜ਼ਨਸ ਵੈਲਫੇਅਰ ਐਸੋਸੀਏਸ਼ਨ ਦੇ। ਇਹ ਸੰਸਥਾਵਾਂ ਨਵੇਂ ਆਏ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਨਜਿੱਠਣ ਤੋਂ ਅਸਮਰੱਥ ਰਹੀਆਂ ਸਨ। ਨਵੀਆਂ ਮੁਸ਼ਕਿਲਾਂ ਨੂੰ ਸਮਝਣ ਅਤੇ ਸੁਲਝਾਉਣ ਵਾਸਤੇ ਨਵੇਂ ਆਏ ਲੋਕਾਂ ਦੀਆਂ ਆਪਣੀਆਂ ਕੋਸ਼ਿਸ਼ਾਂ ਨਾਲ ਅਨੇਕਾਂ ਕਿਸਮ ਦੀਆਂ ਸਮਾਜਿਕ, ਧਾਰਮਿਕ ਅਤੇ ਸਿਆਸੀਨੁਮਾ ਜਥੇਬੰਦੀਆਂ ਹੋਂਦ ਵਿਚ ਆਉਣ ਲੱਗੀਆਂ ਸਨ, ਜਿਵੇਂ; ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਟੋਰਾਂਟੋ, ਇੰਡੀਅਨ ਪੀਪਲਜ਼ ਐਸੋਸੀਏਸ਼ਨ ਨੌਰਥ ਅਮਰੀਕਾ, ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਆਫ ਕੈਨੇਡਾ (ਵੈਨਕੂਵਰ), ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ, ਸੈਕੂਲਰ ਪੀਪਲਜ਼ ਐਸੋ. ਕੈਨੇਡਾ, ਪੰਜਾਬੀ ਆਰਟ ਐਸੋਸੀਏਸ਼ਨ ਐਡਮਿੰਟਨ, ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈਗ, ਇੰਡੀਆ ਮਹਿਲਾ ਐਸੋਸੀਏਸ਼ਨ, ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ, ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ ਬੀ.ਸੀ., ਪੰਜਾਬੀ ਲੇਖਕ ਮੰਚ ਵੈਨਕੂਵਰ, ਲੋਕ ਸੱਭਿਆਚਾਰਕ ਮੰਚ ਕੈਲਗਰੀ, ਕੈਲਗਰੀ ਸਕੂਲ ਆਫ਼ ਡਰਾਮਾ, ਵੈਨਕੂਵਰ ਸੱਥ ਆਦਿ ਅਤੇ 1907 ਤੋਂ ਲਗਾਤਾਰ ਸਰਗਰਮ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ।

ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਸਥਾਪਿਤ ਹੋਈਆਂ ਪੰਜਾਬੀਆਂ ਦੀਆਂ ਇਨ੍ਹਾਂ ਨਵੀਆਂ ਜਥੇਬੰਦੀਆਂ ਨੂੰ ਜਨਮ ਦੇਣ ਵਾਲੀ ਅਤੇ ਅੱਗੇ ਤੋਰਨ ਵਾਲੀ ਸ਼ਕਤੀ ਉਹ ਮਸਲੇ ਸਨ, ਜਿਨ੍ਹਾਂ ਦੀ ਇਨ੍ਹਾਂ ਵਲੋਂ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੇ ਹੱਲ ਕੱਢੇ ਗਏ। ਸਾਰੀਆਂ ਜਥੇਬੰਦੀਆਂ ਨੇ ਕੈਨੇਡਾ ਦੇ ਧਰਾਤਲ ਤੋਂ ਭਾਰਤੀਆਂ ਨੂੰ ਸਿਆਸੀ ਤੌਰ 'ਤੇ ਵੀ ਪੱਕੇ-ਪੈਰੀਂ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਪਰ ਖ਼ਾਲਸਾ ਦੀਵਾਨ ਅਤੇ ਗ਼ਦਰ ਲਹਿਰ ਦੀ ਮੁਢਲੀ ਅਤੇ ਸਿੱਕੇਬੰਦ ਭੂਮਿਕਾ ਵੀ ਬੇਹੱਦ ਮਹੱਤਵਪੂਰਨ ਹੈ। ਉਪਰੰਤ ਨਵੀਆਂ ਜਥੇਬੰਦੀਆਂ ਦੇ ਜ਼ਿਆਦਾ ਸਰਗਰਮ ਜਾਂ ਉੱਭਰਵੇਂ ਆਗੂ ਕੈਨੇਡਾ ਦੀਆਂ ਵੱਖ-ਵੱਖ ਸਿਆਸੀ ਧਿਰਾਂ ਵਿਚ ਵੀ ਸਰਗਰਮ ਹੋਣ ਲੱਗੇ। ਵੋਟ ਦੇਣ ਦਾ ਹੱਕ ਪ੍ਰਾਪਤ ਕਰਨ ਉਪਰੰਤ ਚੋਣ ਲੜਨ ਤੱਕ ਬੇਹੱਦ ਮਹੱਤਵਪੂਰਨ ਸਰਗਰਮੀਆਂ ਚੱਲੀਆਂ। ਸਥਾਨਿਕ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਵਲੋਂ ਵੀ ਸ਼ਹਿਰ, ਪ੍ਰਾਂਤ ਅਤੇ ਮੁਲਕ ਪੱਧਰੀ ਟਿਕਟਾਂ ਅਤੇ ਨਾਮਜ਼ਦਗੀਆਂ ਵੀ ਪੰਜਾਬੀਆਂ ਨੂੰ ਪ੍ਰਾਪਤ ਹੋਈਆਂ। ਪੰਜਾਬੀ ਅੱਡ-ਅੱਡ ਥਾਵਾਂ ਤੋਂ ਇਕ-ਦੂਜੇ ਵਿਰੁੱਧ ਚੋਣ ਵੀ ਲੜੇ; ਹਾਰੇ ਵੀ ਅਤੇ ਜਿੱਤਾਂ ਵੀ ਪ੍ਰਾਪਤ ਕੀਤੀਆਂ, ਮਹੱਤਵਪੂਰਨ ਅਹੁਦੇ, ਰਾਜ ਅਤੇ ਪਾਰਲੀਮੈਂਟਰੀ ਮੰਤਰੀ, ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ (ਮੁੱਖ ਮੰਤਰੀ) ਤੋਂ ਲੈ ਕੇ ਕੈਨੇਡਾ ਦੇ ਰੱਖਿਆ ਮੰਤਰੀ ਤੱਕ।

ਕੋਈ ਸਮਾਂ ਸੀ ਜਦੋਂ ਅਸੀਂ ਉਨ੍ਹਾਂ ਗੋਰਿਆਂ ਦੇ ਗੁਲਾਮ ਸੀ, ਜਿਹੜੇ ਕੈਨੇਡਾ ਦੇ ਤਖ਼ਤ 'ਤੇ ਵੀ ਕਾਬਜ਼ ਸਨ। ਜਿਨ੍ਹਾਂ ਸਾਡੇ ਹਿੰਦੂ, ਸਿੱਖ, ਮੁਸਲਿਮ ਆਜ਼ਾਦੀ ਘੁਲਾਟੀਆਂ ਨੂੰ ਸਿਰਫ ਭਾਰਤ ਵਿਚ ਹੀ ਤਖ਼ਤੇ ਉੱਤੇ ਨਹੀਂ ਸੀ ਲਟਕਾਇਆ, ਸਗੋਂ ਉੱਤਰ-ਪੂਰਬ (ਸਿੰਘਾਪੁਰ, ਬਰਮਾ ਆਦਿ) ਸਮੇਤ ਇੰਗਲੈਂਡ ਤੇ ਕੈਨੇਡਾ ਦੀ ਧਰਤ 'ਤੇ ਵੀ। ਪੰਜਾਬੀ ਕੌਮ ਦੇ ਇਨਕਲਾਬੀ ਭਾਈ ਸੇਵਾ ਸਿੰਘ ਕੈਨੇਡਾ 'ਚ ਸ਼ਹੀਦ ਕੀਤੇ ਗਏ ਸਨ। ਇਸ ਤੋਂ ਪਹਿਲਾਂ ਕਾਮਾਗਾਟਾਮਾਰੂ ਨੂੰ ਬੇਹੱਦ ਨਾਜ਼ੁਕ ਹਾਲਤਾਂ 'ਚ ਵਾਪਸ ਭੇਜਿਆ ਗਿਆ ਸੀ, ਉਨ੍ਹਾਂ ਨੇ ਰਾਹਾਂ ਵਿਚ ਤਾਂ ਬੇਹੱਦ ਦੁਸ਼ਵਾਰੀਆਂ ਝੱਲੀਆਂ ਹੀ, ਬਜਬਜ ਘਾਟ (ਕਲਕੱਤਾ) ਗੋਲੀਆਂ ਦੇ ਸ਼ਿਕਾਰ ਵੀ ਹੋਏ। ਮੁੱਕਦੀ ਗੱਲ, ਕੈਨੇਡਾ ਵਿਚ ਭਾਰਤ ਦੇ ਮਾਣਮੱਤੇ ਸਪੂਤਾਂ ਦੀਆਂ ਪ੍ਰਾਪਤੀਆਂ ਦਾ ਇਤਿਹਾਸ ਡੇਢ-ਦੋ ਦਹਾਕੇ ਦੀਆਂ ਸਰਗਰਮੀਆਂ ਅਤੇ ਮਿਹਨਤਾਂ ਤੋਂ ਹੀ ਨਹੀਂ ਸ਼ੁਰੂ ਹੁੰਦਾ, ਸਗੋਂ ਇਸ ਦੀਆਂ ਜੜ੍ਹਾਂ 19ਵੀਂ ਸਦੀ ਦੇ 8ਵੇਂ ਦਹਾਕੇ ਤੋਂ ਲੈ ਕੇ ਕਰੀਬ ਇਕ ਸਦੀ ਦੀਆਂ ਉਨ੍ਹਾਂ ਘਾਲਣਾਵਾਂ, ਕੁਰਬਾਨੀਆਂ ਅਤੇ ਉਸਾਰੂ ਸਰਗਰਮੀਆਂ 'ਚ ਲੁਕਿਆ ਹੋਇਆ ਹੈ।

**-ਵਿਜੈ**

## ਕਰਤਾਪੁਰ ਲਾਂਘੇ ਦਾ ਭਾਵੁਕ ਤੇ ਇਤਿਹਾਸਕ ਦ੍ਰਿਸ਼

ਭਾਰਤ ਅਤੇ ਪਾਕਿਸਤਾਨ ਦਰਮਿਆਨ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਤੱਕ ਲਾਂਘਾ ਹੁਣ ਇਕ ਹਕੀਕਤ ਬਣ ਚੁੱਕਾ ਹੈ। ਕਰਤਾਰਪੁਰ ਸਾਹਿਬ ਵਿਚ ਉਦਘਾਟਨੀ ਸਮਾਗਮ ਵਿਚ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੇ ਨੁਮਾਇੰਦਿਆਂ ਨੇ ਤਕਰੀਰਾਂ ਕੀਤੀਆਂ। ਭਾਰਤ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਚੜ੍ਹਦੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਨੇ ਤਕਰੀਰਾਂ ਕੀਤੀਆਂ। ਬਾਅਦ ਵਿਚ ਪਾਕਿਸਤਾਨ ਵਾਲੇ ਪਾਸਿਓਂ ਤਕਰੀਰਾਂ ਕਰਨ ਵਾਲਿਆਂ ਵਿਚ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਘੱਟ-ਗਿਣਤੀਆਂ ਅਤੇ ਧਾਰਮਿਕ ਮਾਮਲਿਆਂ ਦੇ ਮੰਤਰੀ ਨੂਰ-ਉਲ-ਹੱਕ ਕਾਦਰੀ ਉੱਲੇਖ ਯੋਗ ਹਨ। ਡਾ: ਮਨਮੋਹਨ ਸਿੰਘ ਵੀ ਜਥੇ ਵਿਚ ਸਨ ਪਰ ਉਨ੍ਹਾਂ ਨੇ ਕੋਈ ਤਕਰੀਰ ਨਹੀਂ ਕੀਤੀ ਕੇਵਲ ਜਿਹੜੇ ਦੋ ਚਾਰ ਵਾਕ ਮੀਡੀਆ ਸਾਹਮਣੇ ਬੋਲੇ, ਉਹ ਅੰਗਰੇਜ਼ੀ ਵਿਚ ਸਨ। ਮੰਚ ਸੰਚਾਲਕ ਕੋਈ ਪਾਕਿਸਤਾਨੀ ਅਫ਼ਸਰ ਸੀ।

ਭਾਰਤੀ ਬੁਲਾਰਿਆਂ ਨੇ ਆਪਣੀਆਂ ਤਕਰੀਰਾਂ ਸਰਲ ਅਤੇ ਠੇਠ ਪੰਜਾਬੀ ਵਿਚ ਕੀਤੀਆਂ ਜਦ ਕਿ ਨਵਜੋਤ ਸਿੰਘ ਸਿੱਧੂ ਨੇ ਲੱਛੇਦਾਰ ਅਤੇ ਸ਼ਿਅਰੋ-ਸ਼ਾਇਰੀ ਨਾਲ ਲਬਰੇਜ਼ ਪੰਜਾਬੀ ਦੀ ਵਰਤੋਂ ਕੀਤੀ। ਸਿੱਧੂ ਦੇ ਧੜੱਲੇਦਾਰ ਬੁਲਾਰੇ ਹੋਣ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਅਤੇ ਇਸ ਮੌਕੇ ਵੀ ਉਹ ਜਜ਼ਬਾਤੀ ਹੋ ਕੇ ਉਸੇ ਜਲਵੇ ਨਾਲ ਜਲਵਾਗਰ ਸੀ। ਜਦ ਨਵਜੋਤ ਸਿੰਘ ਸਿੱਧੂ ਤਕਰੀਰ ਕਰ ਰਿਹਾ ਸੀ ਤਾਂ ਮੈਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਚਿਹਰੇ ਦੇ ਹਾਵ-ਭਾਵ ਪੜ੍ਹ ਰਿਹਾ ਸਾਂ। ਹੱਥ ਵਿਚ ਤਸਬੀ ਫੜੇ ਇਮਰਾਨ ਖਾਨ ਬੜੇ ਗ਼ੌਰ ਨਾਲ ਸਿੱਧੂ ਦੀ ਤਕਰੀਰ ਸੁਣ ਰਹੇ ਸਨ। ਉਹ ਕਦੇ ਤਾੜੀ ਵਜਾਉਂਦੇ, ਕਦੇ ਦਿਲ ਉੱਪਰ ਹੱਥ ਰੱਖ ਕੇ ਸ਼ੁਕਰਾਨਾ ਕਰਦੇ ਨਜ਼ਰ ਆ ਰਹੇ ਸਨ। ਇਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਪੰਜਾਬੀ ਇਮਰਾਨ ਖ਼ਾਨ ਦੀ ਮਾਤ ਭਾਸ਼ਾ ਨਹੀਂ ਪਰ ਜਿਸ ਤਰ੍ਹਾਂ ਉਹ ਸਿੱਧੂ ਦੀ ਤਕਰੀਰ ਉੱਪਰ ਪ੍ਰਤੀਕਰਮ ਪ੍ਰਗਟ ਕਰ ਰਹੇ ਸਨ, ਉਸ ਤੋਂ ਲੱਗ ਰਿਹਾ ਸੀ ਕਿ ਉਹ ਪੰਜਾਬੀ ਚੰਗੀ ਤਰ੍ਹਾਂ ਸਮਝ ਰਹੇ ਸਨ। ਇਸ ਦਾ ਇਕ ਅਰਥ ਇਹ ਹੈ ਕਿ ਪੰਜਾਬੀ ਦੀ ਮਾਰ ਕੇਵਲ ਪਾਕਿਸਤਾਨੀ ਪੰਜਾਬ ਵਿਚ ਹੀ ਨਹੀਂ, ਖ਼ੈਬਰ ਪਖਤੂਨਖਵਾ ਤੱਕ ਵੀ ਹੈ।

ਹੁਣ ਵਾਰੀ ਸੀ ਪਾਕਿਸਤਾਨੀ ਬੁਲਾਰਿਆਂ ਦੀ, ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਨੂਰ-ਉਲ-ਹੱਕ ਕਾਦਰੀ ਦੀ ਮਜਬੂਰੀ ਉਰਦੂ ਬੋਲਣ ਦੀ ਸੀ ਕਿਉਂਕਿ ਉਰਦੂ ਪਾਕਿਸਤਾਨ ਦੀ ਕੌਮੀ ਜ਼ਬਾਨ ਹੈ। ਕੌਮੀ ਪੱਧਰ ਦੇ ਸਮਾਗਮ ਵਿਚ ਕੌਮੀ ਜ਼ਬਾਨ ਬੋਲਣੀ ਹੀ ਬਣਦੀ ਸੀ, ਕਿਉਂਕਿ ਉਹ ਆਪਣੇ ਲੋਕਾਂ ਨੂੰ ਜਵਾਬਦੇਹ ਹਨ। ਮੰਚ ਸੰਚਾਲਕ ਵੀ ਭਾਵੇਂ ਉਰਦੂ ਬੋਲ ਰਿਹਾ ਸੀ ਪਰ ਉਸ ਦੀ ਉਰਦੂ ਪੰਜਾਬੀ ਦੀ ਮਿੱਸ ਵਾਲੀ ਸੀ। ਹੋਰ ਤਾਂ ਹੋਰ ਉਹ ਵਿਚ-ਵਿਚ ਬੁੱਲ੍ਹੇ ਸ਼ਾਹ ਦਾ ਕਲਾਮ ਵੀ ਆਪਣੀ ਤਕਰੀਰ ਵਿਚ ਵਰਤ ਰਿਹਾ ਸੀ। ਸਿੱਧੂ ਨੂੰ ਤਕਰੀਰ ਕਰਨ ਲਈ ਸੱਦਣ ਤੋਂ ਪਹਿਲਾਂ ਉਸ ਵਲੋਂ ਲੋਕ ਬੋਲੀ ਦੇ ਅੰਦਾਜ਼ ਵਿਚ ਜੋ ਬੋਲੀ ਪਾਈ ਗਈ, ਉਹ ਇਸ ਤਰ੍ਹਾਂ ਸੀ :

ਘੁੱਗੀ ਬੰਨੇ ਉੱਤੇ ਬਹਿ ਗਈ ਏ,
ਸਿੱਧੂ ਭਾਅ ਜੀ ਨੇ ਡਾਅਢਾ ਮਜਬੂਰ ਕੀਤਾ,
ਗੱਲ ਮੰਨਣੀ ਪੈ ਗਈ ਏ।

ਇਸ ਤੋਂ ਵੱਖ ਕਰਤਾਪੁਰ ਸਾਹਿਬ ਦੇ ਲਾਂਘੇ ਮੌਕੇ ਪਾਕਿਸਤਾਨ ਵਲੋਂ ਜੋ ਸਵਾਗਤੀ ਗੀਤ ਤਿਆਰ ਕੀਤਾ ਸੀ, ਉਹ ਵੀ ਪੰਜਾਬੀ ਵਿਚ ਸੀ ਜਿਸ ਦੇ ਕੁਝ ਬੋਲ ਹਨ:

ਪਵਿੱਤਰ ਨਗਰੀ ਨਾਨਕ ਦੀ।
ਸੋਹਣੀ ਧਰਤੀ ਮਾਂ ਵਰਗੀ।

ਇਸੇ ਸਮਾਗਮ ਵਿਚ ਭਾਰਤੀ ਮੀਡੀਆ, ਵਿਸ਼ੇਸ਼ ਕਰਕੇ ਟੀ.ਵੀ. ਚੈਨਲਾਂ ਨਾਲ ਸਬੰਧਿਤ ਕਰਮੀ ਵੀ ਹੁੰਮ ਹੁਮਾ ਕੇ ਪਹੁੰਚੇ ਹੋਏ ਸਨ। ਉਨ੍ਹਾਂ ਨੇ ਭਾਵੇਂ ਕੈਬ ਡਰਾਈਵਰਾਂ ਨਾਲ ਗੱਲ ਕੀਤੀ, ਦੁਕਾਨਦਾਰਾਂ ਨਾਲ ਕੀਤੀ, ਪੁਲਿਸ ਕਰਮੀਆਂ ਨਾਲ ਕੀਤੀ ਜਾਂ ਆਮ ਨਾਗਰਿਕਾਂ ਨਾਲ, ਸਭ ਦੇ ਸਭ ਪੰਜਾਬੀ ਬੋਲ ਰਹੇ ਸਨ। ਇਹ ਪੰਜਾਬੀ ਦੀ ਬੱਲੇ-ਬੱਲੇ ਨਹੀਂ ਤਾਂ ਹੋਰ ਕੀ ਹੈ ?

**-ਧਰਮ ਸਿੰਘ ਡਾਕਟਰ**

# ਗ਼ਦਰ ਪਾਰਟੀ ਦਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ

**-ਡਾ. ਜਸਵੰਤ ਰਾਏ ਸਾਹਰੀ**

ਬਾਬੂ ਹਰਨਾਮ ਸਿੰਘ ਦਾ ਜਨਮ 1884 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਾਹਰੀ ਵਿੱਚ ਪਿਤਾ ਲਾਭ ਸਿੰਘ ਅਤੇ ਮਾਤਾ ਚੰਦ ਕੌਰ ਦੇ ਘਰ ਹੋਇਆ। ਉਨ੍ਹਾਂ ਮੁੱਢਲੀ ਵਿੱਦਿਆ ਆਪਣੇ ਨਗਰ ਤੋਂ ਹੀ ਪ੍ਰਾਪਤ ਕੀਤੀ ਤੇ ਘਰਦਿਆਂ ਨਾਲ ਖੇਤੀਬਾੜੀ ਦੇ ਕੰਮਾਂ ਵਿੱਚ ਹੱਥ ਵਟਾਉਣਾ ਸ਼ੁਰੂ ਕੀਤਾ। ਉਨ੍ਹਾਂ ਨੂੰ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਚੀਨੀ, ਜਾਪਾਨੀ ਭਾਸ਼ਾਵਾਂ ਦਾ ਗਿਆਨ ਸੀ। ਜ਼ਿਆਦਾ ਪੜ੍ਹੇ ਲਿਖੇ ਹੋਣ ਕਰਕੇ ਹੀ ਉਨ੍ਹਾਂ ਦੇ ਨਾਂ ਨਾਲ ਬਾਬੂ ਸ਼ਬਦ ਜੁੜਿਆ ਸੀ। ਪਰਿਵਾਰ ਦੀ ਆਰਥਿਕਤਾ ਨੂੰ ਖ਼ੁਸ਼ਹਾਲ ਕਰਨ ਲਈ ਉਹ 18 ਸਾਲ ਦੀ ਉਮਰ ਵਿੱਚ ਰਸਾਲੇ ਵਿੱਚ ਭਰਤੀ ਹੋ ਗਏ ਪਰ ਆਜ਼ਾਦ ਤਬੀਅਤ ਦੇ ਮਾਲਕ ਹੋਣ ਕਰਕੇ ਇੱਥੇ ਜ਼ਿਆਦਾ ਦੇਰ ਟਿਕ ਨਾ ਸਕੇ ਤੇ ਛੇਤੀ ਹੀ ਅਸਤੀਫ਼ਾ ਦੇ ਕੇ ਘਰ ਵਾਪਸ ਆ ਗਏ।

1904 ਦੇ ਅਖ਼ੀਰ ਵਿੱਚ ਹਰਨਾਮ ਸਿੰਘ ਹਾਂਗਕਾਂਗ ਚਲੇ ਗਏ ਅਤੇ ਉੱਥੇ ਤਿੰਨ ਸਾਲ ਇਲੈਕਟ੍ਰਿਕ ਟਰਾਮ ਕੰਪਨੀ ਵਿੱਚ ਸਟੋਰਕੀਪਰ ਦੀ ਨੌਕਰੀ ਕੀਤੀ। ਇੱਥੇ ਰਹਿੰਦਿਆਂ ਉਨ੍ਹਾਂ ਦਾ ਮੇਲ ਅਮਰੀਕਾ, ਕੈਨੇਡਾ ਤੋਂ ਆਉਣ ਵਾਲੇ ਯਾਤਰੀਆਂ ਨਾਲ ਹੁੰਦਾ ਰਹਿੰਦਾ। ਯਾਤਰੀਆਂ ਤੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਕੈਨੇਡਾ, ਅਮਰੀਕਾ ਵਿੱਚ ਕਮਾਈ ਕਾਫ਼ੀ ਹੈ। ਉਨ੍ਹਾਂ ਪੈਸੇ ਦਾ ਬੰਦੋਬਸਤ ਕੀਤਾ ਅਤੇ 31 ਅਗਸਤ 1907 ਨੂੰ ਵਿਕਟੋਰੀਆ ਪਹੁੰਚ ਗਏ। ਇੱਥੇ ਆ ਕੇ ਉਨ੍ਹਾਂ ਨੇ ਪਹਿਲਾਂ ਰੋਜ਼ੀ ਦਾ ਪ੍ਰਬੰਧ ਕੀਤਾ ਅਤੇ ਫਿਰ ਲਿੰਕਨ ਹਾਈ ਸਕੂਲ ਤੇ ਯੂਨੀਵਰਸਿਟੀ ਕਾਲਜ ਸਿਆਟਲ ਵਿੱਚ ਪੜ੍ਹਾਈ ਕੀਤੀ। ਇਸ ਦੌਰਾਨ ਉਨ੍ਹਾਂ ਦਾ ਮੇਲ ਜੀ.ਡੀ. ਕੁਮਾਰ ਜਿਹੇ ਸਿਰਕੱਢ ਦੇਸ਼ ਭਗਤ ਨਾਲ ਹੋਇਆ। ਇਸ ਸਮੇਂ ਤਕ ਉਨ੍ਹਾਂ ਦੇ ਮਨ ਵਿੱਚ ਅੰਗਰੇਜ਼ੀ ਸਰਕਾਰ ਖ਼ਿਲਾਫ਼ ਵਿਰੋਧ ਦੀ ਭਾਵਨਾ ਪੈਦਾ ਹੋ ਚੁੱਕੀ ਸੀ। ਇੱਥੋਂ ਉਨ੍ਹਾਂ ਨੇ ਆਪਣੇ ਪਿਤਾ ਨੂੰ ਪੱਤਰ ਲਿਖਿਆ, "ਪਿਤਾ ਜੀ ਤੁਸੀਂ ਮੇਰੇ ਕੋਲੋਂ ਹੁਣ ਆਪਣੇ ਕੰਮਾਂ ਅਤੇ ਆਰਥਿਕ ਮਦਦ ਦੀ ਆਸ ਨਾ ਰੱਖਿਓ। ਮੈਂ ਆਪਣੀ ਜ਼ਿੰਦ ਦੇਸ਼ ਦੇ ਨਾਂ ਲਿਖ ਦਿੱਤੀ ਹੈ। ਜਦੋਂ ਤਕ ਮੇਰੇ ਅੰਦਰ ਸਾਹਾਂ ਦੀ ਗਤੀ ਚੱਲਦੀ ਰਹੇਗੀ, ਮੈਂ ਅੰਗਰੇਜ਼ੀ ਹਕੂਮਤ ਖ਼ਿਲਾਫ਼ ਲੜਦਿਆਂ ਆਜ਼ਾਦੀ ਪ੍ਰਾਪਤੀ ਲਈ ਤਤਪਰ ਰਹਾਂਗਾ।" ਇਸ ਪਿੱਛੋਂ ਉਨ੍ਹਾਂ ਆਪਣੇ ਪਰਿਵਾਰ ਨਾਲ ਕੋਈ ਵਾਸਤਾ ਨਹੀਂ ਰੱਖਿਆ।

ਜੀ.ਡੀ. ਕੁਮਾਰ ਨਾਲ ਮਿਲ ਕੇ ਬਾਬੂ ਹਰਨਾਮ ਸਿੰਘ ਨੇ ਜਨਵਰੀ 1910 ਨੂੰ ਆਪਣੀ ਰਿਹਾਇਸ਼ 1632-ਦੂਜਾ, ਐਵੇਨਿਊ ਵੈਸਟ ਫੇਅਰਵਿਊ ਵੈਨਕੂਵਰ ਤੋਂ 'ਸੁਦੇਸ਼ ਸੇਵਕ' ਨਾਂ ਦਾ ਪਰਚਾ ਸ਼ੁਰੂ ਕੀਤਾ। ਵਿਦੇਸ਼ੀ ਧਰਤੀ ਉੱਤੇ ਛਪਣ ਵਾਲਾ ਇਹ ਪਹਿਲਾ ਪੰਜਾਬੀ ਪਰਚਾ ਸੀ। ਬਾਬੂ ਜੀ ਇਸ ਪਰਚੇ ਦੇ ਸੰਪਾਦਕ ਵੀ ਸਨ ਤੇ ਸਰਪ੍ਰਸਤ ਵੀ। ਇਸ ਪਰਚੇ ਦੇ ਅੱਠ ਸਫ਼ੇ, ਕੀਮਤ ਦਸ ਸੈਂਟ ਤੇ ਸਾਲ ਦਾ ਚੰਦਾ ਇੱਕ ਡਾਲਰ ਸੀ। ਲੋਕਾਂ ਦੇ ਦੁੱਖ- ਦਰਦ ਨੂੰ ਉਨ੍ਹਾਂ ਨੇ ਆਪਣੇ ਪਰਚੇ ਦਾ ਅੰਗ ਬਣਾਇਆ। 1913 ਵਿੱਚ ਬਾਬੂ ਹਰਨਾਮ ਸਿੰਘ ਕੈਨੇਡਾ ਆਉਣ ਵਿੱਚ ਕਾਮਯਾਬ ਹੋ ਗਏ ਅਤੇ ਵਿਕਟੋਰੀਆ ਆ ਕੇ ਰਹਿਣ ਲੱਗੇ। ਨਵੰਬਰ 1913 ਨੂੰ ਜਦੋਂ ਗ਼ਦਰ ਪਾਰਟੀ ਹੋਂਦ ਵਿੱਚ ਆਈ ਤਾਂ ਉਹ ਇਸ ਦੇ ਸਰਗਰਮ ਮੈਂਬਰ ਬਣ ਗਏ। 'ਗ਼ਦਰ' ਅਖ਼ਬਾਰ ਵਿੱਚ ਵੀ ਉਨ੍ਹਾਂ ਦੀਆਂ ਲਿਖਤਾਂ ਛਪਦੀਆਂ ਰਹਿੰਦੀਆਂ ਸਨ। ਅਖ਼ਬਾਰ ਵਿੱਚ ਉਹ ਅੰਗਰੇਜ਼ੀ ਪ੍ਰਸ਼ਾਸਨ ਦੀਆਂ ਵਧੀਕੀਆਂ ਨੂੰ ਕਾਰਟੂਨ ਬਣਾ ਕੇ ਉਜਾਗਰ ਕਰਦੇ ਸਨ।

ਕੌਮਾਗਾਟਾਮਾਰੂ ਦੀ ਘਟਨਾ ਵਾਲੇ ਮੁਸਾਫ਼ਰਾਂ ਦੀ ਮਦਦ ਲਈ ਕੈਨੇਡਾ ਵਿੱਚ ਪੰਦਰਾਂ ਮੈਂਬਰੀ 'ਸ਼ੋਅਰ' ਕਮੇਟੀ ਬਣੀ। ਬਾਬੂ ਹਰਨਾਮ ਸਿੰਘ ਇਸ ਕਮੇਟੀ ਦੇ ਮੈਂਬਰ ਸਨ। ਉਨ੍ਹਾਂ ਦੇ ਜ਼ਿੰਮੇ ਮੁਸਾਫ਼ਰਾਂ ਨੂੰ ਖਾਣਾ, ਗ਼ਦਰੀ ਸਾਹਿਤ ਅਤੇ ਹਥਿਆਰ ਪਹੁੰਚਾਉਣ ਦਾ ਕੰਮ ਸੀ। ਉਹ 16 ਜੁਲਾਈ 1914 ਨੂੰ ਆਪਣੇ ਸਾਥੀਆਂ ਨਾਲ ਸਰਹੱਦ ਪਾਰ ਕਰ ਕੇ ਅਮਰੀਕਾ ਦੇ ਸ਼ਹਿਰ ਸੁਮਾਸ ਚਲੇ ਗਏ। ਉੱਥੇ ਉਹ ਆਪਣੇ ਸਾਥੀਆਂ ਭਾਈ ਭਾਗ ਸਿੰਘ, ਬਰਕਤਉੱਲਾ ਤੇ ਭਾਈ ਬਲਵੰਤ ਸਿੰਘ ਨਾਲ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ। ਬਾਕੀ ਸਾਥੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਬਾਬੂ ਜੀ ਉੱਤੇ ਹੋਰ ਕਈ ਕਾਨੂੰਨੀ ਧਾਰਾਵਾਂ ਲਾ ਕੇ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਬੰਦ ਦੌਰਾਨ ਸਤੰਬਰ ਦੇ ਦੂਜੇ ਹਫ਼ਤੇ ਉਨ੍ਹਾਂ ਦੀ ਅਮਰੀਕਾ ਵਿਚਲੀ ਰਿਹਾਇਸ਼ ਉੱਤੇ ਪੁਲੀਸ ਨੇ ਛਾਪਾ ਮਾਰਿਆ। ਉਨ੍ਹਾਂ ਉੱਤੇ ਸੰਗੀਨ ਜੁਰਮ ਲਾ ਕੇ 26 ਸਤੰਬਰ 1914 ਨੂੰ ਅਮਰੀਕਾ ਤੋਂ ਡੀਪੋਰਟ ਕਰ ਦਿੱਤਾ ਗਿਆ। ਇਸ ਪਿੱਛੋਂ ਉਨ੍ਹਾਂ ਦਾ ਜਹਾਜ਼ ਜਾਪਾਨ ਦੀ ਬੰਦਰਗਾਹ ਯੋਕੋਹਾਮਾ ਪੁੱਜਾ। ਉੱਥੋਂ ਉਹ ਖਿਸਕ ਗਏ। 14 ਅਕਤੂਬਰ 1914 ਤੋਂ 2 ਜਨਵਰੀ 1915 ਤਕ ਯੋਕੋਹਾਮਾ ਵਿੱਚ ਰਹੇ। ਇੱਥੇ ਗ਼ਦਰੀ ਯੋਧੇ ਸੋਹਨ ਲਾਲ ਪਾਠਕ ਨੂੰ ਮਿਲੇ ਅਤੇ ਉਸ ਨੂੰ ਮੁੜ ਬੈਂਕਾਕ ਵਿੱਚ ਮਿਲਣ ਦਾ ਵਾਅਦਾ ਲਿਆ।

ਗ਼ਦਰ ਪਾਰਟੀ ਦੀ ਸਿਆਮ-ਬਰਮਾ ਯੋਜਨਾ ਦੀ ਜ਼ਿੰਮੇਵਾਰੀ ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ ਅਤੇ ਸੰਤੋਖ ਸਿੰਘ ਧਰਦਿਓ ਦੇ ਹੱਥ ਵਿੱਚ ਸੀ। ਉਨ੍ਹਾਂ ਮਿੱਥੇ ਪ੍ਰੋਗਰਾਮ ਤਹਿਤ ਫ਼ੌਜੀ ਬੈਰਕਾਂ ਵਿੱਚ ਫ਼ੌਜੀਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਆਪਣੇ ਨਾਲ ਜੋੜਿਆ। ਸਾਥੀਆਂ ਨੂੰ ਥਾਂ ਥਾਂ ਪਹੁੰਚਾ ਦਿੱਤਾ ਪਰ ਉਨ੍ਹਾਂ ਦਾ ਇੱਕ ਸਾਥੀ ਚਾਲੀਆ ਰਾਮ ਗ਼ਦਰੀ ਸਾਹਿਤ ਲੈ ਕੇ ਆਉਂਦਾ ਫੜਿਆ ਗਿਆ। ਪ੍ਰਸ਼ਾਸਨ ਨੂੰ ਉਨ੍ਹਾਂ ਦੇ ਗੁਪਤ ਮਿਸ਼ਨ ਦੀ ਸੂਹ ਮਿਲ ਗਈ। ਸਾਥੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਉਨ੍ਹਾਂ ਨੇ ਬਰਮਾ ਦੀ ਇੱਕ ਬੈਰਕ 'ਤੇ ਕਬਜ਼ਾ ਕਰ ਲਿਆ ਸੀ ਪਰ ਸਾਥੀਆਂ ਦੀ ਤਾਦਾਦ ਅਤੇ ਲੋੜੀਂਦਾ ਗੋਲੀ ਸਿੱਕਾ ਘੱਟ ਹੋਣ ਕਰਕੇ ਸਫ਼ਲਤਾ ਹੱਥ ਨਾ ਲੱਗੀ। ਬਾਬੂ ਹਰਨਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਦੂਰ ਪਰੇ ਲੁਕਣ ਲਈ ਕਹਿ ਦਿੱਤਾ। ਆਪ ਉਹ ਰੰਗੂਨ ਤੋਂ ਤਾਂ ਬਚ ਕੇ ਨਿਕਲ ਗਏ ਪਰ ਬਰਮਾ ਵਾਲੇ ਪਾਸੇ ਮਾਯਾਵਡੀ ਨੇੜੇ ਫੜੇ ਗਏ। ਉਨ੍ਹਾਂ ਨੂੰ ਮੌਲਮੀਨ ਦੀ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ। ਉਹ 1 ਸਤੰਬਰ 1915 ਨੂੰ ਆਪਣੇ ਦੋ ਸਾਥੀਆਂ ਨਾਲ ਜੇਲ੍ਹ ਦੀਆਂ ਸੀਖਾਂ ਕੱਟ ਕੇ ਭੱਜ ਨਿਕਲੇ। ਮੌਲਮੀਨ ਦਰਿਆ ਕਿਸ਼ਤੀ ਰਾਹੀਂ ਪਾਰ ਕਰਦੇ ਸਮੇਂ ਉਨ੍ਹਾਂ ਨੂੰ ਪੁਲੀਸ ਨੇ ਘੇਰ ਲਿਆ ਤੇ ਗ੍ਰਿਫ਼ਤਾਰ ਕਰ ਕੇ ਮੁੜ ਜੇਲ੍ਹ ਵਿੱਚ ਬੰਦ ਕਰ ਦਿੱਤਾ। ਬਰਮਾ ਵਿੱਚ ਬਾਬੂ ਹਰਨਾਮ ਸਿੰਘ ਸਮੇਤ 17 ਗ਼ਦਰੀਆਂ ਉੱਤੇ 'ਫਸਟ ਬਰਮਾ ਕਾਂਸਪੀਰੇਸੀ ਕੇਸ ਨਾਂ ਦਾ ਮੁਕੱਦਮਾ ਚਲਾਇਆ ਗਿਆ, ਜੋ ਲਾਹੌਰ ਸਾਜ਼ਿਸ਼ ਕੇਸ ਦਾ ਹੀ ਦੂਜਾ ਰੂਪ ਸੀ। ਇਸ ਕੇਸ ਵਿੱਚ 90 ਗਵਾਹੀਆਂ ਭੁਗਤੀਆਂ। ਚਾਰ ਜਣਿਆਂ ਨੂੰ ਪੁਖ਼ਤਾ ਸਬੂਤ ਨਾ ਹੋਣ ਕਾਰਨ ਛੱਡ ਦਿੱਤਾ ਗਿਆ। ਨਵਾਬ ਸਿੰਘ ਤੇ ਜੋਧ ਸਿੰਘ ਵਰਗੇ ਗ਼ੱਦਾਰਾਂ ਦੇ ਬਿਆਨਾਂ ਦੇ ਆਧਾਰ ਉੱਤੇ ਬਾਬੂ ਹਰਨਾਮ ਸਿੰਘ ਸਮੇਤ ਸੱਤ ਦੇਸ਼ ਭਗਤਾਂ ਨੂੰ ਫਾਂਸੀ ਅਤੇ ਛੇ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। 14 ਨਵੰਬਰ 1916 ਨੂੰ ਬਾਬੂ ਹਰਨਾਮ ਸਿੰਘ ਫਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਾ ਜਾਮ ਪੀ ਗਿਆ।

# ਬੁੱਧ ਧਰਮ ਦੇ ਪ੍ਰਮੁੱਖ ਗ੍ਰੰਥ ਅਤੇ ਪੁਸਤਕਾਂ

**-ਰਮੇਸ਼ ਬੱਗਾ ਚੋਹਲਾ**

ਜਿਸ ਸਮੇਂ ਭਾਰਤ ਵਿੱਚ ਵੈਦਿਕ ਧਰਮ ਦਾ ਬੋਲਬਾਲਾ ਸੀ, ਉਸ ਵਕਤ ਭਾਰਤ ਵਿੱਚ ਕੁਝ ਨਵੀਨ ਧਾਰਮਿਕ ਮੁਹਾਂਦਰੇ ਵਾਲੀਆਂ ਵਿਚਾਰਧਾਰਾਵਾਂ ਵੀ ਉਤਪੰਨ ਹੋ ਰਹੀਆਂ ਸਨ। ਇਨ੍ਹਾਂ ਵਿਚਾਰਧਾਰਾਵਾਂ ਨਾਲ ਸਬੰਧਿਤ ਕੁਝ ਵਿਚਾਰਵਾਨ ਤਾਂ ਵੈਦਿਕ ਧਰਮ ਨਾਲ ਹੀ ਜੁੜੇ ਰਹਿਣਾ ਚਾਹੁੰਦੇ ਸਨ ਪਰ ਕੁਝ ਆਜ਼ਾਦਾਨਾ ਢੰਗ-ਤਰੀਕੇ ਨਾਲ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਸੁਖਾਵਾਂ ਤੇ ਸਾਰਥਿਕ ਹੱਲ ਕਰਨਾ ਲੋਚਦੇ ਸਨ। ਇਨ੍ਹਾਂ ਵਿਚਾਰਧਾਰਾਵਾਂ ਵਿੱਚ ਹੀ ਮਹਾਤਮਾ ਬੁੱਧ ਦੀ ਵਿਚਾਰਧਾਰਾ ਸ਼ਾਮਲ ਹੈ। ਇਹ ਵਿਚਾਰਧਾਰਾ ਬੁੱਧ ਮਤ ਦੇ ਨਾਂ ਨਾਲ ਪਿਛਲੇ 2500 ਸਾਲ ਤੋਂ ਪ੍ਰਚੱਲਿਤ ਹੈ, ਜੋ ਵੱਖ-ਵੱਖ ਬੋਧੀ ਗ੍ਰੰਥਾਂ ਵਿੱਚ ਪੜ੍ਹਨ ਨੂੰ ਮਿਲਦੀ ਹੈ। ਬੁੱਧ ਧਰਮ ਦੇ ਤਿੰਨ ਪ੍ਰਮੁੱਖ ਗ੍ਰੰਥ ਹਨ, ਜਿਨ੍ਹਾਂ ਨੂੰ ਤ੍ਰਿਪਿਟਕ ਕਿਹਾ ਜਾਂਦਾ ਹੈ। ਆਮ ਤੌਰ 'ਤੇ ਪਿਟਕ ਸ਼ਬਦ ਟੋਕਰੀ ਲਈ ਵਰਤਿਆ ਜਾਂਦਾ ਹੈ, ਪਰ ਬੋਧੀਆਂ ਵੱਲੋਂ ਇਸ ਦੀ ਵਰਤੋਂ ਗ੍ਰੰਥ ਦੇ ਭਾਗ ਵਜੋਂ ਕੀਤੀ ਗਈ ਹੈ। ਤ੍ਰਿਪਿਟਕ ਵਿੱਚ ਹੇਠ ਲਿਖੇ ਤਿੰਨ ਬੋਧੀ ਗ੍ਰੰਥ ਸ਼ਾਮਲ ਹਨ:

**ਸੁਤ ਪਿਟਕ:** ਇਹ ਬੁੱਧ ਧਰਮ ਦਾ ਪਲੇਠਾ ਗ੍ਰੰਥ ਹੈ। ਬੁੱਧ ਧਰਮ ਵਿੱਚ ਇਸ ਦਾ ਵਿਸ਼ੇਸ਼ ਸਥਾਨ ਹੈ। ਬੁੱਧ ਧਰਮ ਦੇ ਬਾਕੀ ਗ੍ਰੰਥਾਂ ਵਿੱਚ ਇਸ ਗ੍ਰੰਥ ਦੀ ਆਧਾਰ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਪਾਲੀ ਭਾਸ਼ਾ ਵਿੱਚ ਲਿਖਿਆ ਗਿਆ ਸੁਤ ਪਿਟਕ ਗ੍ਰੰਥ ਭਿਖਸ਼ੂਆਂ ਦੇ ਰੋਜ਼ਾਨਾ ਜੀਵਨ ਅਤੇ ਸੰਘ ਦੀ ਮਾਣ-ਮਰਿਆਦਾ ਦੀ ਵਿਆਖਿਆ ਕਰਦਾ ਹੈ। ਮਹਾਤਮਾ ਬੁੱਧ ਦੀ ਗਿਆਨ ਪ੍ਰਾਪਤੀ ਤੋਂ ਬਾਅਦ ਦੇ ਸਮੇਂ ਦੀਆਂ ਕਈ ਧਾਰਮਿਕ ਤੇ ਅਧਿਆਤਮਕ ਘਟਨਾਵਾਂ ਇਸ ਗ੍ਰੰਥ ਵਿੱਚ ਦਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਤੋਂ ਧਰਮ ਦੀ ਬੌਧਿਕ ਫ਼ਿਲਾਸਫ਼ੀ ਦਾ ਪ੍ਰਗਟਾਵਾ ਹੁੰਦਾ ਹੈ। ਸੁਤ ਪਿਟਕ ਵਿੱਚ ਮਹਾਤਮਾ ਬੁੱਧ ਦੀਆਂ ਜੀਵਨ ਯਾਤਰਾਵਾਂ ਦਾ ਵੀ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ, ਜਿਸ ਤੋਂ ਉਸ ਸਮੇਂ ਦੀ ਸਮਾਜਿਕ, ਧਾਰਮਿਕ, ਰਾਜਨੀਤਕ, ਇਤਿਹਾਸਕ ਤੇ ਭੂਗੋਲਿਕ ਸਥਿਤੀ ਦੀ ਜਾਣਕਾਰੀ ਮਿਲਦੀ ਹੈ। ਇਸ ਗ੍ਰੰਥ ਨੂੰ ਪੰਜ ਨਿਕਾਯਾਂ (ਹਿੱਸਿਆਂ) ਵਿੱਚ ਵੰਡਿਆ ਗਿਆ ਹੈ- ਦਿਘ ਨਿਕਾਯ, ਮੱਝਿਮ ਨਿਕਾਯ, ਸੰਯੁਤ ਨਿਕਾਯ, ਅੰਗੁਤਰ ਨਿਕਾਯ ਤੇ ਖੁੱਦਕ ਨਿਕਾਯ। ਖੁੱਦਕ ਨਿਕਾਯ ਵਿੱਚ ਸਵਾ ਦਰਜਨ ਦੇ ਕਰੀਬ ਕਿਤਾਬਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਥੇਰ ਗਾਥਾ, ਧਮਪਦ ਤੇ ਜਾਤਕ ਕਹਾਣੀਆਂ ਵਾਲੀਆਂ ਚਰਚਿਤ ਕਿਤਾਬਾਂ ਵੀ ਹਨ।



'ਬੋਧੀ ਗੀਤਾ' ਕਰਕੇ ਜਾਣੀ ਜਾਂਦੀ ਧਮਪਦ ਬੁੱਧ ਧਰਮ ਦੀ ਅਜਿਹੀ ਮਹੱਤਵਪੂਰਨ ਅਤੇ ਪਵਿੱਤਰ ਪੁਸਤਕ ਹੈ, ਜਿਸ ਵਿੱਚ ਬੋਧੀਆਂ ਲਈ ਧਾਰਮਿਕ ਤੇ ਸਦਾਚਾਰਕ ਨਿਯਮਾਂ ਦਾ ਵਖਿਆਨ ਕੀਤਾ ਗਿਆ ਹੈ। ਇਸ ਪੁਸਤਕ ਦੇ 26 ਅਧਿਆਇ ਹਨ, ਜਿਨ੍ਹਾਂ ਵਿੱਚ 423 ਗਾਥਾਵਾਂ ਦਰਜ ਕੀਤੀਆਂ ਗਈਆਂ ਹਨ। ਥੇਰ ਗਾਥਾ ਵਿੱਚ ਭਿਖਸ਼ੂਆਂ ਦੇ ਰੂਹਾਨੀ ਜੀਵਨ ਦੀਆਂ ਕਥਾਵਾਂ ਅੰਕਿਤ ਕੀਤੀਆਂ ਗਈਆਂ ਹਨ। ਇਨ੍ਹਾਂ ਦੀ ਸਿਰਜਨਾ ਬੁੱਧ ਦੇ ਸ਼ਾਗਿਰਦਾਂ ਦੁਆਰਾ ਕੀਤੀ ਮੰਨੀ ਜਾਂਦੀ ਹੈ।

ਜਾਤਕ ਬੁੱਧ ਧਰਮ ਦੇ ਪੂਰਵ ਜਨਮ ਨਾਲ ਸਬੰਧਿਤ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਵਿਚ ਕੁੱਲ 547 ਕਥਾਵਾਂ ਹਨ, ਜਿਨ੍ਹਾਂ ਵਿੱਚ ਚੰਗੇ ਗੁਣਾਂ ਨੂੰ ਸਲਾਹਿਆ ਗਿਆ ਹੈ। ਇਸ ਸਲਾਹੁਤਾ ਤੋਂ ਪ੍ਰੇਰਿਤ ਹੋ ਕੇ ਸਾਧਾਰਨ ਵਿਅਕਤੀ ਸੱਚ ਦਾ ਪਾਂਧੀ ਬਣਨ ਵੱਲ ਰੁਚਿਤ ਹੋ ਜਾਂਦਾ ਹੈ। ਇਹ ਪੁਸਤਕ ਅਧਿਆਤਮਿਕ ਵਿਕਾਸ ਕਰਕੇ ਮਨੁੱਖੀ ਜੀਵਨ ਦਾ ਅੰਤਿਮ ਉਦੇਸ਼ ਹਾਸਲ ਕਰਨ 'ਤੇ ਪ੍ਰਕਾਸ਼ ਪਾਉਂਦੀ ਹੈ।

**ਵਿਨੈ ਪਿਟਕ:** ਇਹ ਬੁੱਧ ਧਰਮ ਦੀ ਵਿਚਾਰਧਾਰਾ ਦਾ ਦੂਜਾ ਵੱਡਾ ਗ੍ਰੰਥ ਹੈ। ਇਸ ਵਿੱਚ ਪਹਿਲੀਆਂ ਦੋ ਸੰਗੀਤੀਆਂ (ਮਹਾਂਸਭਾਵਾਂ) ਬਾਰੇ ਇਤਿਹਾਸਕ ਵਾਕਫ਼ੀਅਤ ਹਾਸਲ ਹੋਣ ਦੇ ਨਾਲ-ਨਾਲ ਸੰਘ ਦੇ ਨਿਯਮਾਂ ਦੀ ਵੀ ਜਾਣਕਾਰੀ ਮਿਲਦੀ ਹੈ। ਪਾਲੀ ਭਾਸ਼ਾ ਵਿੱਚ ਲਿਖੇ ਗਏ ਇਸ ਗ੍ਰੰਥ ਵਿੱਚ ਨਿਯਮਾਂ ਦੀ ਵਿਆਖਿਆ ਦਾ ਆਧਾਰ ਮਹਾਤਮਾ ਬੁੱਧ ਦੇ ਉਪਦੇਸ਼ਾਂ ਅਤੇ ਆਦਰਸ਼ਾਂ ਨੂੰ ਬਣਾਇਆ ਗਿਆ ਹੈ। ਇਸ ਗ੍ਰੰਥ ਵਿੱਚ ਚਾਰ ਪੁਸਤਕਾਂ ਸ਼ਾਮਲ ਹਨ:

ਪਾਤੀਮੋਂਖ: ਇਸ ਪੁਸਤਕ ਨੂੰ ਵਿਨੈ ਪਿਟਕ ਦਾ ਸਾਰ ਮੰਨਿਆ ਜਾਂਦਾ ਹੈ। ਇਸ ਵਿੱਚ ਅਜਿਹੇ ਪਵਿੱਤਰ ਬਚਨ ਅਤੇ ਸਦਾਚਾਰਕ ਨਿਯਮ ਹਨ, ਜੋ ਸਾਧਕ ਦੀ ਮੁਕਤੀ ਦਾ ਸਬੱਬ ਬਣ ਸਕਦੇ ਹਨ। ਇਸ ਪੁਸਤਕ ਦੇ ਦੋ ਭਾਗ ਕੀਤੇ ਗਏ ਹਨ, ਜਿਨ੍ਹਾਂ ਨੂੰ ਭਿਖਸ਼ੂ ਵਿਭੰਗ ਤੇ ਭਿਖਸ਼ੁਣੀ ਵਿਭੰਗ ਦਾ ਨਾਂ ਦਿੱਤਾ ਗਿਆ ਹੈ। ਇਨ੍ਹਾਂ ਭਾਗਾਂ ਵਿੱਚ ਭਿਖਸ਼ੂਆਂ ਦੇ ਪਹਿਰਾਵੇ, ਦਵਾਈਆਂ ਤੇ ਸਦਾਚਾਰਕ ਨਿਯਮ ਦਰਜ ਕੀਤੇ ਗਏ ਹਨ।

**ਮਹਾਵਗ:** ਇਸ ਕਿਤਾਬ ਦੇ ਦਸ ਸਕੰਧ ਹਨ, ਜਿਨ੍ਹਾਂ ਵਿੱਚ ਭਿਖਸ਼ੂਆਂ ਦੁਆਰਾ ਅਪਣਾਈ ਜਾਣ ਵਾਲੀ ਰੋਜ਼ਮਰਾ ਦੀ ਜੀਵਨ-ਜਾਚ ਬਾਬਤ ਚਾਨਣਾ ਪਾਇਆ ਗਿਆ ਹੈ। ਬਰਸਾਤ ਦੇ ਮੌਸਮ ਦੌਰਾਨ ਉਨ੍ਹਾਂ ਨੇ ਕਿਸ ਤਰ੍ਹਾਂ ਰਹਿਣਾ ਹੈ, ਕਿਹੜੀਆਂ ਦਵਾਈਆਂ ਦੀ ਵਰਤੋਂ ਕਰਨੀ ਹੈ ਅਤੇ ਕਿਧਰੇ ਆਉਣ-ਜਾਣ ਸਮੇਂ ਕਿਸ ਤਰ੍ਹਾਂ ਦਾ ਪਹਿਰਾਵਾ ਪਹਿਨਣਾ ਹੈ ਆਦਿ।

**ਚੁਲਵਗ:** ਇਹ ਪੁਸਤਕ ਵੀ ਵਿਨੈ ਪਿਟਕ ਦਾ ਹੀ ਭਾਗ ਹੈ, ਜਿਸ ਦੇ 12 ਸਕੰਧ ਹਨ। ਇਸ ਪੁਸਤਕ ਵਿੱਚ ਮਹਾਤਮਾ ਬੁੱਧ ਦੇ ਔਰਤਾਂ ਨੂੰ ਸੰਘ ਵਿੱਚ ਸ਼ਾਮਲ ਕਰਨ ਦੇ ਫ਼ੈਸਲੇ ਦੀ ਪ੍ਰੋੜ੍ਹਤਾ ਕੀਤੀ ਗਈ ਹੈ।

ਅਭਿਧਮ ਪਿਟਕ: ਪਾਲੀ ਭਾਸ਼ਾ ਵਿੱਚ 'ਧਰਮ' ਸ਼ਬਦ ਦਾ ਅਰਥ ਧਮ ਹੁੰਦਾ ਹੈ ਕਿਉਂਕਿ ਇਸ ਭਾਸ਼ਾ ਵਿੱਚ 'ਰ' ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਸ ਤਰ੍ਹਾਂ 'ਅਭਿਧਮ' ਦਾ ਅਰਥ ਅਭਿਧਰਮ ਬਣਦਾ ਹੈ, ਜਿਸ ਤੋਂ ਭਾਵ ਹੈ ਉੱਚ ਪਾਏ ਦੀਆਂ ਸਿੱਖਿਆਵਾਂ। ਇਨ੍ਹਾਂ ਸਿੱਖਿਆਵਾਂ ਲਈ ਇਸ ਗ੍ਰੰਥ ਵਿੱਚ ਸੱਤ ਪੁਸਤਕਾਂ ਧਮਸੰਗਨੀ, ਵਿਭੰਗ, ਧਾਤੂਕਥਾ, ਪੁਗਲ-ਪਣਤਿ, ਕਥਾਵਥੂ, ਯਮਕ ਅਤੇ ਪੱਠਾਨ ਨੂੰ ਸ਼ਾਮਿਲ ਕੀਤਾ ਗਿਆ ਹੈ।

**ਧਮਸੰਗਨੀ:** ਇਸ ਪੁਸਤਕ ਦਾ ਸਬੰਧ ਮਨੋਵਿਗਿਆਨਕ ਵਿਸ਼ੇ ਨਾਲ ਹੈ, ਜਿਸ ਵਿੱਚ ਹਰੇਕ ਪਦਾਰਥ ਨੂੰ ਉਸ ਦੇ ਸੁਭਾਅ ਮੁਤਾਬਕ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਵਿੱਚ ਮਨ ਦੀਆਂ ਅਵਸਥਾਵਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

ਕਥਾਵਥੂ ਵਿੱਚ ਬੁੱਧ ਦੀ ਵਿਚਾਰਧਾਰਾ ਨੂੰ ਵਿਵਸਥਿਤ ਰੂਪ ਦੇਣ ਲਈ ਚਾਰ ਮਹਾਂਸਭਾਵਾਂ ਦਾ ਜ਼ਿਕਰ ਆਉਂਦਾ ਹੈ। ਤੀਜੀ ਮਹਾਂਸਭਾ ਵਿੱਚ ਜੋ ਚਰਚਾ ਹੋਈ, ਉਸ ਨੂੰ ਕਥਾਵਥੂ ਪੁਸਤਕ ਦੇ ਪੰਨਿਆਂ ਦਾ ਸ਼ਿੰਗਾਰ ਬਣਾਇਆ ਗਿਆ ਹੈ। ਇਸ ਪੁਸਤਕ ਦੇ 22 ਚੈਪਟਰ ਹਨ। ਇਸ ਗ੍ਰੰਥ ਵਿਚਲੀਆਂ ਬਾਕੀ ਪੰਜ ਪੁਸਤਕਾਂ ਵੀ ਬੁੱਧ ਧਰਮ ਦੇ ਬੇਸ਼ਕੀਮਤੀ ਵਿਚਾਰਾਂ ਦੀ ਹੀ ਪ੍ਰਤੀਨਿਧਤਾ ਕਰਦੀਆਂ ਆ ਰਹੀਆਂ ਹਨ।

# ਅਬਦਾਲੀ ਨਾਲ ਨਾਲ ਟਕਰਾਉਣ ਵਾਲਾ ਯੋਧਾ ਨਿਹੰਗ ਸ਼ਹੀਦ ਗੁਰਬਖ਼ਸ਼ ਸਿੰਘ

**ਜਸਬੀਰ ਸਿੰਘ**

ਹਰਿਮੰਦਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਸੁਸ਼ੋਭਿਤ ਹੈ। ਬਾਬਾ ਗੁਰਬਖ਼ਸ਼ ਸਿੰਘ ਦਾ ਜਨਮ 10 ਅਪਰੈਲ 1688 ਨੂੰ ਪਿਤਾ ਦਸੌਂਧਾ ਸਿੰਘ ਤੇ ਮਾਤਾ ਲੱਛਮੀ ਦੇ ਗ੍ਰਹਿ ਪਿੰਡ ਲੀਲ੍ਹ ਖੇਮਕਰਨ ਅੰਮ੍ਰਿਤਸਰ ਵਿੱਚ ਹੋਇਆ। 1693 ਵਿੱਚ ਉਹ ਸ੍ਰੀ ਆਨੰਦਪੁਰ ਸਾਹਿਬ ਚਲੇ ਗਏ। 1699 ਨੂੰ ਭਾਈ ਮਨੀ ਸਿੰਘ ਪਾਸੋਂ ਅੰਮ੍ਰਿਤ ਛਕਿਆ ਅਤੇ ਬਾਬਾ ਦੀਪ ਸਿੰਘ ਦੀ ਸ਼ਹੀਦੀ ਮਿਸਲ ਵਿੱਚ ਸ਼ਾਮਲ ਹੋ ਗਏ। ਇੱਥੇ ਹੀ ਉਨ੍ਹਾਂ ਨੇ ਸ਼ਸ਼ਤਰ ਵਿੱਦਿਆ ਹਾਸਲ ਕੀਤੀ। ਬਾਬਾ ਦੀਪ ਸਿੰਘ ਦੀ ਸ਼ਹੀਦੀ ਮਗਰੋਂ ਉਨ੍ਹਾਂ ਆਪਣਾ ਜਥਾ ਬਣਾ ਲਿਆ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਰੱਖਿਆ ਤੇ ਸੇਵਾ ਸੰਭਾਲ ਖ਼ਾਤਰ ਇੱਥੇ ਟਿਕਾਣਾ ਰੱਖਿਆ।

ਦਸੰਬਰ 1764 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਆਪਣੀ 30,000 ਫ਼ੌਜ ਸਣੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰ ਦਿੱਤਾ। ਇਧਰ ਬਾਬਾ ਗੁਰਬਖ਼ਸ਼ ਸਿੰਘ ਦੀ ਅਗਵਾਈ ਹੇਠ ਸਿਰਫ਼ ਤੀਹ ਤਿਆਰ-ਬਰ-ਤਿਆਰ ਸਿੰਘ ਸਨ। ਸਿੰਘਾਂ ਨੇ ਮਤਾ ਕੀਤਾ ਕਿ ਅਹਿਮਦ ਸ਼ਾਹ ਦੀ ਫ਼ੌਜ ਦਾ ਟਾਕਰਾ ਕਰ ਕੇ ਸ਼ਹੀਦੀਆਂ ਪਾਈਆਂ ਜਾਣ।

ਸਿੰਘਾਂ ਅੰਦਰ ਸ਼ਹੀਦੀਆਂ ਦਾ ਚਾਅ ਠਾਠਾਂ ਮਾਰ ਰਿਹਾ ਸੀ। ਬਾਬਾ ਜੀ ਕਹਿਣ ਲੱਗੇ, "ਸਿੰਘੋ ਅਸਾਂ ਮੌਤ ਲਾੜੀ ਨੂੰ ਪ੍ਰਨਾਉਣਾ ਹੈ, ਸਾਡੇ ਗਾਨਾ ਬੰਨ੍ਹ ਦੇਵੋ।" ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਤੇ ਨਿਤਨੇਮ ਕਰ ਕੇ ਬਾਬਾ ਜੀ ਸਾਰੇ ਸਿੰਘਾਂ ਸਮੇਤ ਅਕਾਲ ਤਖ਼ਤ ਸਾਹਿਬ ਆ ਗਏ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਬਾਬਾ ਜੀ ਨੇ ਕਿਹਾ, "ਅੱਜ ਸਾਨੂੰ ਘੋੜੀਆਂ ਦਾ ਪਾਠ ਸਰਵਣ ਕਰਵਾਓ। ਅੱਜ ਅਸਾਂ ਮੌਤ ਲਾੜੀ ਨੂੰ ਵਿਆਹੁਣਾ ਹੈ।" ਘੋੜੀਆਂ ਦਾ ਪਾਠ ਸਰਵਣ ਕਰ ਕੇ ਸਿੰਘਾਂ ਦੇ ਚਿਹਰੇ ਸੂਹੇ-ਲਾਲ ਹੋ ਗਏ। ਸਿੰਘ ਤਿਆਰ ਬਰ ਤਿਆਰ ਹੋ ਕੇ ਹਰਿਮੰਦਰ ਸਾਹਿਬ ਦਰਸ਼ਨੀ ਡਿਉਢੀ ਦੇ ਸਾਹਮਣੇ ਆ ਖਲੋਤੇ ਤੇ ਅਹਿਮਦਸ਼ਾਹ ਦੀ ਫ਼ੌਜ ਦਾ ਇੰਤਜ਼ਾਰ ਕਰਨ ਲੱਗੇ। ਅਹਿਮਦ ਸ਼ਾਹ ਸਮਝਦਾ ਸੀ ਕਿ ਉਸ ਦੇ ਆਉਣ ਦੀ ਖ਼ਬਰ ਸੁਣ ਕੇ ਸਿੰਘ ਜੰਗਲਾਂ ਵਿੱਚ ਜਾ ਲੁਕੇ ਹਨ। ਉਹ ਇਨ੍ਹਾਂ ਸਿੰਘਾਂ ਨੂੰ ਆਪਣੇ ਸਾਹਮਣੇ ਵੇਖ ਕੇ ਹੈਰਾਨ ਹੋ ਗਿਆ। ਸਿੰਘਾਂ ਨੇ ਜੈਕਾਰੇ ਛੱਡੇ ਤੇ ਬਾਜ਼ਾਂ ਵਾਂਗ ਫ਼ੌਜ 'ਤੇ ਟੁੱਟ ਪਏ। ਵੇਖਦੇ ਹੀ ਵੇਖਦੇ ਲੋਥਾਂ ਦੇ ਢੇਰ ਲੱਗ ਗਏ। ਹੌਲੀ-ਹੌਲੀ ਘਮਸਾਣ ਵਧਣ ਲੱਗਾ। ਸਿੰਘ ਸ਼ਹੀਦੀਆਂ ਪਾ ਰਹੇ ਸਨ ਤੇ ਦਿਨ ਦਾ ਪਹਿਲਾ ਪਹਿਰ ਬੀਤ ਗਿਆ। ਬਾਬਾ ਗੁਰਬਖ਼ਸ਼ ਸਿੰਘ ਨੇ ਆਪਣੇ ਖੰਡੇ ਨਾਲ ਵੈਰੀ ਦੇ ਐਸੇ ਆਹੂ ਲਾਹੇ ਕਿ ਕਿਸੇ ਦੀ ਜੁਰਅਤ ਨਹੀਂ ਸੀ ਪੈ ਰਹੀ ਕਿ ਅੱਗੇ ਵਧ ਕੇ ਮੁਕਾਬਲਾ ਕਰ ਸਕੇ। ਬਾਬਾ ਜੀ ਸ਼ਹੀਦੀ ਲਈ ਤਤਪਰ ਸਨ। ਦਿਨ ਦੇ ਦੂਜੇ ਪਹਿਰ ਤਕ ਵੈਰੀਆਂ ਨੂੰ ਹੌਂਸਲਾ ਨਹੀਂ ਸੀ ਪੈ ਰਿਹਾ ਕਿ ਬਾਬਾ ਜੀ ਦੇ ਸਨਮੁਖ ਹੋ ਸਕਦੇ। ਦੂਰੋਂ ਖੜ੍ਹੇ ਹੋ ਕੇ ਉਹ ਗੋਲੀਆਂ ਵਰ੍ਹਾਉਂਦੇ ਤੇ ਤੀਰਾਂ ਦੀ ਮਾਰ ਕਰ ਰਹੇ ਸਨ। ਬਾਬਾ ਜੀ ਦੇ ਸਰੀਰ ਨੂੰ ਤੀਰਾਂ ਤੇ ਗੋਲੀਆਂ ਨੇ ਚੀਰ ਕੇ ਦਿੱਤਾ। ਉਨ੍ਹਾਂ ਦੇ ਸਰੀਰ 'ਤੇ ਬੇਸ਼ੁਮਾਰ ਜ਼ਖ਼ਮ ਹੋ ਗਏ ਸਨ।




ਗੋਲੀ ਛਾਡੈਂ ਦੂਰ ਖੜ,  
ਔ ਧਰੀ ਤੀਰਨ ਕੀ ਮਾਰ।  
ਸਿੰਘ ਗਏ ਚੀਰ ਸਰੀਰ ਕੋ,  
ਪਰੈ ਨ ਜ਼ਖ਼ਮ ਸੁਮਾਰ।।  
(ਪੰਥ ਪ੍ਰਕਾਸ਼)

ਬਾਬਾ ਗੁਰਬਖ਼ਸ਼ ਸਿੰਘ ਦੇ ਸਰੀਰ ਵਿੱਚੋਂ ਲਹੂ ਦੀਆਂ ਤਤੀਰੀਆਂ ਨਿਕਲ ਰਹੀਆਂ ਸਨ। ਜਦੋਂ ਕਾਫ਼ੀ ਲਹੂ ਸਰੀਰ ਵਿੱਚੋਂ ਵਹਿ ਗਿਆ ਤਾਂ ਉਨ੍ਹਾਂ

ਬਾਕੀ ਸਫ਼ਾ 28 'ਤੇ

## ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੂੰ ਸਮਰਪਿਤ ਪ੍ਰੋਗਰਾਮ

ਸ਼ਹੀਦੀ ਅੱਗੇ ਸਿਰ ਝੁਕਾਇਆ। ਉਨ੍ਹਾਂ ਨੇ ਬਾਬਾ ਨਾਨਕ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੀ ਸੋਚ ਨਾਲ ਖੜ੍ਹਨ ਦਾ ਮਤਲਬ ਦੱਬੇ, ਕੁਚਲੇ ਤੇ ਲਤਾੜੇ ਜਾ ਰਹੇ ਲੋਕਾਂ ਦੇ ਹੱਕ ਵਿਚ ਖੜਨਾ ਹੈ, ਉਹ ਭਾਂਵੇਂ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਹੋਣ। ਉਨ੍ਹਾਂ ਗੁਰੂ ਨਾਨਕ ਦੀ ਸੋਚ ਨੂੰ ਦਰਸਾਉਦੀ ਆਪਣੀ ਲਿਖੀ ਹੋਈ ਇਕ ਕਵਿਤਾ ਤਰੰਨਮ ਵਿਚ ਸੁਣਾਈ।

ਡਾ. ਹਰਸ਼ਿੰਦਰ ਕੌਰ ਨੇ ਆਪਣੇ ਮੁੱਖ ਭਾਸ਼ਨ ਵਿਚ ਜਿਥੇ ਸ਼ਹੀਦਾਂ ਨੂੰ ਯਾਦ ਕਰਨ ਵਾਲੇ ਸਾਰੇ ਲੋਕਾਂ ਨੂੰ ਵਧਾਈ ਵੀ ਦਿੱਤੀ ਉਥੇ ਉਨ੍ਹਾਂ ਨੇ ਇਸ ਗੱਲ 'ਤੇ ਦੁਖ ਜਾਹਰ ਕੀਤਾ ਕਿ ਅਸੀਂ ਅੱਜ ਉਨ੍ਹਾਂ ਗੁਰੂਆਂ ਪੀਰਾਂ, ਯੋਧਿਆਂ ਅਤੇ ਨਾਇਕਾਂ ਨੂੰ ਤਰਾਸ਼ਣ ਵਾਲੀਆਂ ਉਨ੍ਹਾਂ ਔਰਤਾਂ ਨੂੰ ਭੁਲਾ ਰਹੇ ਹਾਂ ਜਿਨ੍ਹਾਂ ਨੇ ਉਨ੍ਹਾਂ ਨੂੰ ਨਾ ਸਿਰਫ ਸਾਨੂੰ ਜਨਮ ਦਿੱਤਾ ਬਲਕਿ ਉਨ੍ਹਾਂ ਨੂੰ ਉਸ ਸੋਚ ਦੇ ਧਾਰਨੀ ਬਣਾਇਆ ਜਿਸ ਕਾਰਨ ਉਹ ਮਹਾਨ ਮਨੁੱਖ ਬਣ ਸਕੇ। ਅਜਿਹਾ ਕਰਕੇ ਅਸੀਂ ਅੱਜ ਦੀਆਂ ਔਰਤਾਂ ਨੂੰ ਵੀ ਪਛਾੜ ਰਹੇ ਹਾਂ। ਸਥਾਨਕ ਸ਼ਾਇਰ ਹਰਜਿੰਦਰ ਕੰਗ ਨੇ ਅਜਿਹੇ ਉਸਾਰੂ ਪ੍ਰੋਗਰਾਮ ਕਰਦੇ ਰਹਿਣ 'ਤੇ ਜ਼ੋਰ ਦਿੱਤਾ। ਹਰਮਨ ਗਿੱਲ ਨੇ ਡਾ. ਹਰਸ਼ਿੰਦਰ ਕੌਰ ਦੀ ਗੱਲ ਦੀ ਪ੍ਰੋੜਤਾ ਕਰਦਿਆਂ ਸਾਰਿਆਂ ਨੂੰ ਇਹ ਪ੍ਰਣ ਲੈਣ ਲਈ ਕਿਹਾ ਕਿ ਉਹ ਅਜਿਹੇ ਉਸਾਰੂ ਪ੍ਰੋਗਰਾਮਾਂ ਵਿਚ ਆਪਣੀਆਂ ਮਾਵਾਂ-ਭੈਣਾਂ ਅਤੇ ਪਤਨੀਆਂ ਨੂੰ ਵੀ ਲੈ ਕੇ ਆਉਣਗੇ। ਸਟੇਜ ਸਕੱਤਰ ਹਰਜਿੰਦਰ ਢੇਸੀ ਨੇ ਸਾਰੇ ਬੁਲਾਰਿਆਂ ਨੂੰ ਪੇਸ਼ ਕਰਦਿਆਂ ਆਪਣੀ ਇਕ ਕਵਿਤਾ 'ਸਬਰ ਸਿਦਕ ਵਿਚ ਬੱਝੇ ਲੋਕੀ' ਸੁਣਾਈ। ਧਾਲੀਆ ਅਤੇ ਮਾਛੀਕੇ ਮੀਡੀਏ ਵਲੋਂ ਕੁਲਵੰਤ ਧਾਲੀਆ ਅਤੇ ਰੇਡੀਉ 900 ਏ.ਐਮ. ਵਲੋਂ ਸੁੱਖੀ ਹੇਅਰ, ਹਰਜਿੰਦਰ ਕੰਗ ਅਤੇ ਸੰਤੋਖ ਮਿਨਹਾਸ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ। ਫੋਰਮ ਦੇ ਇਸਤਰੀ ਵਿੰਗ ਦੀਆਂ ਮੈਂਬਰ ਸ਼ਰਨਜੀਤ ਧਾਲੀਵਾਲ ਅਤੇ ਹਰਿੰਦਰ ਬਦੇਸ਼ਾ ਨੇ ਇਕ ਇਕ ਕਵਿਤਾ ਨਾਲ ਆਪਣੀ ਹਾਜ਼ਰੀ ਲਵਾਈ। ਸੁਰਿੰਦਰ ਮੰਢਾਲੀ ਨੇ ਇਸ ਪ੍ਰੋਗਰਾਮ ਵਿਚ ਪਹੁੰਚੇ ਹੋਏ ਸਾਰੇ ਸਰੋਤਿਆਂ ਅਤੇ ਅਖਬਾਰਾਂ, ਰੇਡੀਉ ਅਤੇ ਟੀ.ਵੀ. ਮੀਡੀਏ ਦਾ ਫੋਰਮ ਵਲੋਂ ਧੰਨਵਾਦ ਕੀਤਾ ਗਿਆ।

## ਗੁਰੂ ਨਾਨਕ ਸਾਹਿਬ ਦਾ ਗੁਰੂ ਤੇ ਰਾਧਾ ਸੁਆਮੀ ਮਤ

ਬਾਰੇ ਫੁਰਮਾਉਂਦੇ ਹਨ ਕਿ ਅਜਿਹੇ ਲੋਕਾਂ ਵਿਚ ਸ਼ੈਤਾਨ ਨਿਵਾਸ ਕਰਦਾ ਹੈ, ਇਸ ਲਈ ਉਹਨਾਂ ਨੂੰ ਸੁਧਾਰਨ ਦਾ ਵਿਚਾਰ ਖੋਤੇ ਨੂੰ ਚੰਦਨ ਦੇ ਲੇਪ ਕਰਨ ਵਾਂਗ ਹੈ। ਜਿਵੇਂ ਚੰਦਨ ਮਲ ਕੇ ਵੀ ਧੂੜ ਵਿਚ ਲੇਟਣਾ ਨਹੀਂ ਛੱਡਦਾ, ਉਵੇਂ ਹੀ ਅਜਿਹੇ ਮਨਮੁਖ ਆਪਣੀ ਮਨੁਖਤਾ ਤੋਂ ਬਾਜ਼ ਨਹੀਂ ਆਉਂਦੇ :

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ।
ਗਦਹੁ ਚੰਦਨਿ ਪਉਲੀਐ ਭੀ ਸਾਹੂ ਸਿਉ ਪਾਣੁ।
(ਗੁਰੂ ਗਰੰਥ ਸਾਹਿਬ, ਅੰਗ 790)

ਗੁਰਬਾਣੀ ਤਾਂ ਸਿੱਖ ਜਗਤ ਲਈ ਚਾਨਣ ਦਾ ਮੁਨਾਰਾ ਹੈ ਅਤੇ ਇਸ ਨੂੰ ਪੜ੍ਹਨਾ ਅਤੇ ਇਸ ਤੇ ਅਮਲ ਕਰਨਾ ਹਰੇਕ ਸੱਚੇ ਸਿੱਖ ਦਾ ਫਰਜ਼ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ :

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ।
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ।
(ਗੁਰੂ ਗਰੰਥ ਸਾਹਿਬ, ਅੰਗ 754)

ਗੁਰੂ ਸਾਹਿਬ ਅਗੋਂ ਫੁਰਮਾਉਂਦੇ ਹਨ, ਜਿਹੜਾ ਮਨੁੱਖ ਗੁਰਬਾਣੀ ਨੂੰ ਹਿਰਦੇ ਵਿਚ ਧਾਰਨ ਕਰਦਾ ਹੈ, ਉਸ ਦੇ ਅੰਦਰ ਆਪ ਅਕਾਲ ਪੁਰਖ ਨਿਵਾਸ ਕਰਦਾ ਹੈ, ਗੁਰੂ ਦੀਆਂ ਸਿੱਖਿਆਵਾਂ ਪ੍ਰਾਪਤ ਕਰਕੇ ਉਹ ਆਪ ਪ੍ਰਭੂ ਵਿਚ ਹੀ ਲੀਨ ਹੋ ਜਾਂਦਾ ਹੈ :

ਸਤਿਗੁਰੂ ਕੀ ਜਿਸਨੇ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ।
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।
(ਗੁਰੂ ਗ੍ਰੰਥ ਸਾਹਿਬ, ਅੰਗ 797)

ਇਸ ਸ਼ਬਦ ਤੋਂ ਇਹ ਅਰਥ ਨਿਕਲਦਾ ਹੈ ਕਿ ਗੁਰਬਾਣੀ ਦੇ ਨਾਲ ਜੁੜ ਕੇ ਮਨੁਖ ਰੱਬ ਨੂੰ ਪ੍ਰਾਪਤ ਕਰ ਸਕਦਾ ਹੈ। ਜੇਕਰ ਗੁਰਬਾਣੀ ਮਨੁੱਖ ਨੂੰ ਰੱਬ ਤੱਕ ਪਹੁੰਚਾ ਸਕਦੀ ਹੈ, ਫਿਰ ਦੇਹਧਾਰੀ ਗੁਰੂ ਦੀ ਲੋੜ ਹੀ ਨਹੀਂ ਰਹਿ ਜਾਂਦੀ, ਕਿਉਂਕਿ ਗੁਰਬਾਣੀ ਜੁ ਗੁਰੂ ਹੋਈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਚਿੰਤਨ ਵਿਚ ਗੁਰਬਾਣੀ ਨੂੰ ਬ੍ਰਹਮ ਅਤੇ ਗੁਰੂ ਦੀਆਂ ਉੱਚੀਆਂ ਪਦਵੀਆਂ ਦਿੱਤੀਆਂ ਗਈਆਂ ਹਨ :

ਗੁਰਮੁਖਿ ਬਾਣੀ ਬ੍ਰਹਮ ਹੈ ਸਬਦਿ ਮਿਲਾਵਾ ਹੋਇ॥
(ਗੁਰੂ ਗ੍ਰੰਥ ਸਾਹਿਬ, ਅੰਗ 39)

ਗੁਰਬਾਣੀ ਵਿਚ ਦੇਹ ਅਥਵਾ ਸਰੀਰ ਨੂੰ ਕਦੀ ਵੀ ਗੁਰੂ ਵਜੋਂ ਸਵੀਕਾਰ ਨਹੀਂ ਕੀਤਾ ਗਿਆ। ਇਹ ਠੀਕ ਹੈ ਕਿ ਸਿੱਖ ਧਰਮ ਵਿਚ ਦਸੇ ਗੁਰੂ ਸਾਹਿਬਾਨ ਦੇਹਧਾਰੀ ਸਨ, ਪਰ ਉਹਨਾਂ ਦੀ ਗੁਰਤਾ ਦੀ ਆਧਾਰ ਸ਼ਿਲਾ ਸ਼ਬਦ ਸੀ, ਸਰੀਰ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ 6 ਅਕਤੂਬਰ 1708 ਈ. ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਪ੍ਰਦਾਨ ਕਰਕੇ ਸਿੱਖਾਂ ਨੂੰ ਗੁਰ ਸ਼ਬਦ ਦੇ ਲੜ ਲਾ ਦਿੱਤਾ। ਇਸ ਦਿਨ ਨੂੰ ਗੁਰੂ ਗ੍ਰੰਥ ਪ੍ਰਕਾਸ਼ ਦਿਵਸ ਦੇ ਰੂਪ ਵਿਚ ਮਨਾਉਣ ਦੀ ਰਸਮ ਹੈ ਜੋ ਸ਼ਬਦ ਗੁਰੂ ਦੇ ਸਿਧਾਂਤ ਨੂੰ ਪੇਸ਼ ਕਰਦੀ ਹੈ। ਬੰਸਾਵਲੀ ਨਾਮਾ ਦਸ ਕਾ ਭਾਈ ਕੇਸਰ ਸਿੰਘ ਛਿੱਬਰ ਨੇ ਸੰਨ 1769-70 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਸਮੇਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ :

ਗਰੀਬ ਨਿਵਾਜ ਸਿਖ ਸੰਗਤਿ ਹੈ ਤੇਰੀ,
ਇਸ ਦਾ ਕੀ ਹਵਾਲ। ਬਚਨ ਕੀਤਾ,
ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ॥
ਸੁਨੋ ਵੇ ਭਾਈ ਸਿਖੋ ਐਸਾ ਸੰਤ ਬਾਬਾ ਨਾਨਕ ਪਛਾਨੇ।
ਦਸ ਮਹਲ ਬਾਬਾ ਨਾਨਕ ਜੀ ਜਾਨੋ।

ਭਾਈ ਨੰਦ ਲਾਲ ਜੀ ਨੇ ਆਪਣੇ ਸ਼ਬਦਾਂ ਵਿਚ ਗੁਰੂ ਜੀ ਦੇ ਆਦੇਸ਼ ਨੂੰ ਇਉਂ ਕਲਮਬੰਦ ਕੀਤਾ ਹੈ :

ਮੇਰਾ ਦੂਸਰਾ ਰੂਪ ਗਰੰਥ ਜੀ ਜਾਣ।
ਉਨਕੋ ਅੰਗ ਮੇਰਾ ਕਰ ਮਾਨ। ਮੇਰਾ ਰੂਪ ਗ੍ਰੰਥ ਜੀ ਜਾਣ।
ਇਸ ਮੇਂ ਭੇਦ ਨਹੀਂ ਕਛੁ ਮਾਨ।

ਇਸ ਤਰ੍ਹਾਂ ਸਿੱਖ ਧਰਮ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸ਼ਬਦ ਹੀ ਉੱਚਤਮ ਸਤਿ ਦੇ ਗਿਆਨ ਦੀ ਪ੍ਰਾਪਤੀ ਦਾ ਸਾਧਨ ਹਨ। ਗਿਆਨ ਦੀ ਪ੍ਰਾਪਤੀ ਤਦ ਹੀ ਹੋ ਸਕਦੀ ਹੈ, ਜੇਕਰ ਗੁਰੂ ਦੇ ਸ਼ਬਦ ਉੱਤੇ ਧਿਆਨ ਨਾਲ ਲਗਨ ਨਾਲ ਅਤੇ ਦ੍ਰਿੜ ਇਰਾਦੇ ਨਾਲ ਵਿਚਾਰ ਕੀਤਾ ਜਾਵੇ। ਸਿੱਖ ਪ੍ਰਭੂ ਪ੍ਰਾਪਤੀ ਤਦ ਹੀ ਕਰ ਸਕਦਾ ਹੈ, ਜੇਕਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਸ਼ਠਾ ਰੱਖੇ, ਇਸ ਤੋਂ ਬਿਨਾਂ ਕੋਈ ਵੀ ਮੁਕਤੀ ਪ੍ਰਦਾਨ ਨਹੀਂ ਕਰ ਸਕਦਾ। ਸ਼ਬਦ ਗੁਰੂ ਨਾਲ ਉਹੀ ਜੁੜ ਸਕਦਾ ਹੈ, ਜੋ ਮਨਮੁਖਤਾ ਦਾ ਤਿਆਗ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਨਿਸ਼ਠਾ ਰੱਖੇ। ਇਹ ਸਫਰ ਮਾਨਸ ਤੋਂ ਦੇਵਤਾ ਦੇ ਬਣਨ ਤੱਕ ਦਾ ਸਫਰ ਹੈ। ਇਥੇ ਮੈਂ ਮਹਾਤਮਾ ਬੁੱਧ ਸੰਬੰਧੀ ਇਕ ਕਥਾ ਦਾ ਵਰਨਣ ਯੋਗ ਸਮਝਦਾ ਹਾਂ। ਇਕ ਵਾਰ ਮਹਾਤਮਾ ਬੁੱਧ ਦੇ ਪ੍ਰਮੁੱਖ ਚੇਲੇ ਅਨੰਦ ਨੇ ਮੁਰਸ਼ਿਦ ਦੇ ਅੰਤਮ ਸਮੇਂ ਵਿਚ ਅੱਥਰੂ ਭਰ ਕੇ ਪੁੱਛਿਆ, "ਮਹਾਰਾਜ ਤੁਹਾਡੇ ਸਰੀਰ ਦੇ ਸਮਾਪਤ ਹੋ ਜਾਣ ਤੋਂ ਬਾਅਦ ਸਾਡੀ ਅਗਵਾਈ ਕੌਣ ਕਰੇਗਾ?" ਤਾਂ ਬੁੱਧ ਨੇ ਸਹਿਜਤਾ ਨਾਲ ਫੁਰਮਾਇਆ, "ਆਨੰਦ ਤੂੰ ਇੰਨੇ ਸਮੇਂ ਤੋਂ ਮੇਰੀ ਸੰਗਤ ਕਰ ਰਿਹਾ ਹੈ, ਤੂੰ ਤਾਂ ਏਨਾ ਹੀ ਨਹੀਂ ਸਮਝ ਸਕਿਆ ਕਿ ਮੇਰੀ ਦੇਹੀ ਬੁੱਧ ਨਹੀਂ। ਮੇਰਾ ਉਪਦੇਸ਼ ਮੇਰਾ ਆਦਰਸ਼ ਤੇ ਧਰਮ ਹੀ ਬੁੱਧ ਹੈ।"

ਸਪੱਸ਼ਟ ਹੈ ਕਿ ਸਿੱਖ ਗੁਰੂ ਸਰੀਰ ਨਹੀਂ ਸਨ, ਸਗੋਂ ਸ਼ਬਦ ਸਨ। ਸ਼ਬਦ ਤਾਂ ਸੱਚ ਹੁੰਦਾ ਹੈ, ਜਨਮ ਮਰਨ ਤੋਂ ਨਿਰਲੇਪ ਹੁੰਦਾ ਹੈ। ਸਰੀਰ ਮਨੁੱਖ ਦੀ ਗਤੀ ਨਹੀਂ ਕਰ ਸਕਦਾ, ਜਦ ਕਿ ਸ਼ਬਦ ਵਿਚ ਅਜਿਹੀ ਸਮਰੱਥਾ ਹੈ, ਜੋ ਮਨੁੱਖ ਦੇਹਧਾਰੀ ਗੁਰੂ ਨੂੰ ਉੱਚਤਾ ਪ੍ਰਦਾਨ ਕਰਦੇ ਹਨ, ਉਹ ਮਨਮੁਖ ਹਨ। ਗੁਰੂ ਨਾਨਕ ਸਾਹਿਬ ਅਜਿਹੇ ਕੁਰਾਹੇ ਪਾਉਣ ਵਾਲੇ ਗੁਰੂਆਂ ਦੀ ਸੰਗਤ ਤੋਂ ਸਾਵਧਾਨ ਕਰਦੇ ਹੋਏ ਆਖਦੇ ਹਨ :

ਕੇਤੇ ਗੁਰ ਚੇਲੇ ਫੁਨਿ ਹੂਆ।
ਕਾਚੇ ਗੁਰ ਤੇ ਮੁਕਤਿ ਨ ਹੂਆ।
(ਗੁਰੂ ਗ੍ਰੰਥ ਸਾਹਿਬ, ਅੰਗ 932)

ਉਪਰੋਕਤ ਸਲੋਕ ਤੋਂ ਸਪੱਸ਼ਟ ਹੈ ਕਿ ਦੇਹਧਾਰੀ ਗੁਰੂ ਆਪ ਵੀ ਭਟਕਿਆ ਹੋਇਆ ਹੈ, ਉਹ ਆਪਣੇ ਚੇਲਿਆਂ ਨੂੰ ਮੁਕਤੀ ਦਾ ਮਾਰਗ ਕਿਵੇਂ ਪ੍ਰਦਾਨ ਕਰ ਸਕਦਾ ਹੈ। ਪ੍ਰੋ. ਜੇ. ਆਰ. ਪੁਰੀ ਵਲੋਂ ਗੁਰਬਾਣੀ ਨੂੰ ਆਧਾਰ ਬਣਾ ਕੇ ਗੁਰੂ ਡੰਮ ਅਥਵਾ ਦੇਹਧਾਰੀ ਗੁਰੂ ਨੂੰ ਮਾਨਤਾ ਦੇਣੀ ਤਰਕ ਸੰਗਤ ਨਹੀਂ, ਕਿਉਂਕਿ ਗੁਰਬਾਣੀ ਆਪ ਦੇਹਧਾਰੀ ਗੁਰੂ ਦਾ ਵਿਰੋਧ ਕਰ ਰਹੀ ਹੈ। ਸਿੱਖ ਧਰਮ ਵਿਚ ਗੁਰਬਾਣੀ ਨੂੰ ਗੁਰਤਾ ਦਾ ਦਰਜਾ ਮਿਲਿਆ ਹੋਇਆ ਹੈ, ਇਸ ਲਈ ਹੋਰ ਕਿਸੇ ਸਰੀਰ ਨੂੰ ਗੁਰੂ ਦਾ ਦਰਜ ਨਹੀਂ ਮਿਲ ਸਕਦਾ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ।
ਗੁਰੂ ਬਾਣੀ ਕਹੇ ਸੇਵਕ ਜੁ ਮਾਨੈ ਪਰਤਖਿ ਗੁਰੂ ਨਿਸਤਾਰੇ।
(ਗੁਰੂ ਗ੍ਰੰਥ ਸਾਹਿਬ, ਅੰਗ 982)

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸ਼ਤਾਬਦੀ ਵਰ੍ਹਾ

ਸੀ, 'ਮੈਨੂੰ ਦੇਸ਼ ਅਜ਼ਾਦ ਕਰਵਾਉਣ ਦਾ ਨੁਸਖਾ ਮਿਲ ਗਿਆ ਹੈ, ਗੁਰਦੁਆਰਾ ਆਜ਼ਾਦ ਹੋ ਗਿਆ, ਮੁਬਾਰਕ ਹੋਵੇ। ਹੁਣ ਦੇਸ਼ ਵੀ ਤੁਸੀਂ ਅਜ਼ਾਦ ਕਰਵਾਉਣਾ ਹੈ।'

ਚਾਬੀਆਂ ਦੇ ਮੋਰਚੇ ਦੀ ਫਤਹਿ ਪਿੱਛੋਂ ਜਨਵਰੀ 1922 ਨੂੰ ਮਹਾਤਮਾ ਗਾਂਧੀ ਵੱਲੋਂ ਭੇਜੀ ਤਾਰ ਵਿੱਚ ਸ਼ਬਦ ਸਨ, 'ਦੇਸ਼ ਸੁਤੰਤਰਤਾ ਦੀ ਪਹਿਲੀ ਲੜਾਈ ਜਿੱਤ ਲਈ ਗਈ ਹੈ। ਮੈਂ ਸਿੱਖ ਕੌਮ ਨੂੰ ਵਧਾਈ ਦਿੰਦਾ ਹਾਂ।'

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸੁਧਾਰ ਲਹਿਰ, ਸ੍ਰੋਮਣੀ ਅਕਾਲੀ ਦਲ, ਸਿੱਖ ਨੇਤਾਵਾਂ ਦੀ ਯੋਗ ਅਗਵਾਈ ਸਦਕਾ ਸਮੁੱਚੇ ਪੰਥ ਵਿਚਲੇ ਜੋਸ਼ ਅੱਗੇ ਹਰ ਮੈਦਾਨ ਫਤਹਿ ਹੁੰਦਾ ਜਾ ਰਿਹਾ ਸੀ ਅਤੇ ਗੁਰਦੁਆਰਾ ਪ੍ਰਬੰਧ ਸਿੱਖ ਪੰਥ ਦੇ ਹੱਥਾਂ ਵਿੱਚ ਆ ਰਿਹਾ ਸੀ। ਗੁਰਦੁਆਰਾ ਸੁਧਾਰ ਲਹਿਰ ਨੂੰ ਦੇਸ਼ ਦੇ ਨਾਮੀ ਨੇਤਾਵਾਂ ਵੱਲੋਂ ਦੇਸ਼ ਸੁਤੰਤਰਤਾ ਦਾ ਅੰਦੋਲਨ ਮੰਨ ਲਿਆ ਗਿਆ ਹੈ, ਜੋ ਉਕਤ ਵੇਲੇ ਦੇ ਉਹਨਾਂ ਦੇ ਵਿਚਾਰਾਂ ਤੋਂ ਸਾਫ ਪ੍ਰਗਟ ਹੁੰਦਾ ਹੈ। ਇਸ ਬਾਬਤ ਪੰਡਤ ਮੋਤੀ ਲਾਲ ਨਹਿਰੂ ਨੇ ਆਖਿਆ ਸੀ, 'ਮੈਂ ਪ੍ਰਣਾਮ ਕਰਦਾ ਹਾਂ ਅਕਾਲੀਆਂ ਨੂੰ, ਜਿੰਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਘੋਲ ਅਰੰਭਿਆ ਹੈ ਅਤੇ ਅਜ਼ਾਦੀ ਲਈ ਲੜ ਰਹੇ ਹਨ।' ਪੰਡਤ ਮਦਨ ਮੋਹਨ ਮਾਲਵੀਆ ਦੇ ਵਿਚਾਰ ਸਨ, 'ਗੁਰੂ ਕੇ ਬਾਗ ਵਿੱਚੋਂ ਹੀ ਦੇਸ਼ ਸੁਤੰਤ੍ਰਤਾ ਦੀ ਲਹਿਰ ਉੱਠੀ ਹੈ ਅਤੇ ਹੁਣ ਇਸ ਨੇ ਹੀ ਦੇਸ਼ ਨੂੰ ਸੁਤੰਤਰ ਕਰਵਾਉਣਾ ਹੈ।' ਪਟਾ ਭਾਈ ਸੀਤਾ ਰਮੱਈਆ ਅਨੁਸਾਰ, 'ਜਿਸ ਦੇਸ਼ ਕੋਲ ਸਿੱਖਾਂ ਜੇਹੀ ਸ਼ਹੀਦਾਂ ਦੀ ਕੌਮ ਮੌਜੂਦ ਹੋਵੇ, ਉਹ ਦੇਸ਼ ਬਹੁਤੀ ਦੇਰ ਗੁਲਾਮ ਨਹੀਂ ਰਹਿ ਸਕਦਾ।' ਲਾਲਾ ਲਾਜਪਤ ਰਾਇ ਦੇ ਸ਼ਬਦਾਂ ਵਿੱਚ, 'ਅਜ਼ਾਦੀ ਹਰ ਇੱਕ ਦਾ ਹੱਕ ਹੈ, ਅਸੀਂ ਕਪੁੱਤਰ ਹਾਂ, ਪਰ ਅਕਾਲੀ ਸਪੁੱਤਰ ਹਨ ਜਿਹੜੇ ਕਿ ਆਪਣੇ ਇਸ ਹੱਕ ਲਈ ਲੜ ਰਹੇ ਹਨ।'

ਇਸ ਤਰ੍ਹਾਂ ਹਰ ਮੋਰਚੇ ਅਤੇ ਲਹਿਰਾਂ ਨੂੰ ਫਤਹਿ ਕਰਦੀ ਹੋਈ ਕੇਵਲ ਗੁਰਦੁਆਰਾ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਅਤੇ ਗੁਰਮਰਿਯਾਦਾ ਬਹਾਲ ਕਰਵਾਉਣ ਲਈ ਹੋਂਦ ਵਿੱਚ ਲਿਆਂਦੀ ਗਈ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਰੋਮਣੀ ਅਕਾਲੀ ਦਲ ਦੇ ਨਾਲ ਸਿੱਖ ਸਿਆਸਤ ਦੇ ਧੁਰੇ ਵੱਜੋਂ ਵੀ ਆਪਣੀ ਪਹਿਚਾਣ ਬਣਾ ਗਈ। ਭਾਵੇਂ ਕਿ ਮੌਜੂਦਾ ਦੌਰ ਵਿੱਚ ਵੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਕਸਦ ਜਾਂ ਅਧਿਕਾਰ ਖੇਤਰ ਗੁਰਦੁਆਰਾ ਪ੍ਰਬੰਧਕਾਂ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਹੈ, ਪਰ ਬਾਵਜੂਦ ਇਸਦੇ ਸਮੁੱਚੀ ਸਿੱਖ ਸਿਆਸਤ ਅੱਜ ਵੀ ਇਸਦੇ ਦੁਆਲੇ ਹੀ ਕੇਂਦਰਿਤ ਰਹਿੰਦੀ ਹੈ।

ਮੌਜੂਦਾ ਸਮੇਂ ਅੰਦਰ ਹਲਕੀ ਸਿਆਸਤ ਨੇ ਕਿਤੇ ਨਾ ਕਿਤੇ ਇਸ ਨਾਮਵਰ ਸੰਸਥਾ ਦੇ ਸਤਿਕਾਰ ਨੂੰ ਠੇਸ ਲਗਾਈ ਹੈ ਅਤੇ ਆਮ ਸਿੱਖ ਇਸ ਸੰਸਥਾ ਤੋਂ ਥੋੜੀ ਦੂਰੀ ਬਣਾ ਰਿਹਾ ਹੈ। ਜਿਸ ਦਾ ਕਾਰਣ ਪ੍ਰਬੰਧਕ ਢਾਂਚੇ ਵਿੱਚ ਖਾਮੀਆਂ/ਕਮੀਆਂ ਦਾ ਦਰਜ ਹੋਣਾ ਹੈ ਅਤੇ ਪ੍ਰਬੰਧਕਾਂ ਵੱਲੋਂ ਗੁਰਦੁਆਰਾ ਪ੍ਰਬੰਧਾਂ ਨੂੰ ਗੁਰਮਰਿਯਾਦਾ ਅਨੁਸਾਰ ਚਲਾਉਣ ਦੀ ਥਾਂ ਕੇਵਲ ਸਿਆਸੀ ਮਨੋਰਥਾਂ ਦੀ ਪੂਰਤੀ ਲਈ ਵਰਤਣਾ, ਹੱਦੋਂ ਵੱਧ ਸਿਆਸੀ ਦਖਲ, ਗੁਰਮਰਯਾਦਾ ਪ੍ਰਤੀ ਅਣਜਾਨਤਾ, ਸਿੱਖ ਹਿੱਤਾਂ ਬਾਰੇ ਸਟੈਂਡ ਨਾ ਲੈਣਾ ਆਦਿ ਕਈ ਕਿਸਮਾਂ ਦੀਆਂ ਖਾਮੀਆਂ ਦੇਖਣ ਨੂੰ ਮਿਲ ਰਹੀਆਂ ਹਨ। ਆਉਂਦੇ ਸਮੇਂ ਸ੍ਰੋਮਣੀ ਕਮੇਟੀ ਆਪਣੇ 100 ਸਾਲਾਂ ਦਾ ਸਫਰ ਪੂਰਾ ਕਰਨ ਜਾ ਰਹੀ ਹੈ ਤਾਂ ਚਾਹੀਦਾ ਹੈ ਕਿ ਇਸ ਦਾ 1920 ਵਾਲਾ ਵੱਕਾਰ ਮੁੜ ਹਾਸਲ ਕੀਤਾ ਜਾਵੇ ਅਤੇ ਗੁਰਦੁਆਰਾ ਪ੍ਰਬੰਧਾਂ ਨੂੰ ਮੁੜ ਤੋਂ ਗੁਰੂ ਗ੍ਰੰਥ ਸਾਹਬਿ ਜੀ ਵਿਚਲੀ ਮਰਯਾਦਾ ਅਨੁਸਾਰ ਚਾਲਇਆ ਜਾਵੇ ਤਾਂ ਕਿ ਨਾਨਕ ਨਿਰਮਲ ਪੰਥ ਵਿੱਚੋਂ ਕਿਸੇ ਅਨਮਤੀ ਕਰਮ ਦੇ ਪਰਛਾਵੇਂ ਦੀ ਝਲਕ ਵੀ ਨਾ ਪਵੇ। ਗੁਰੂ ਰਾਖਾ!

## ਭਾਰਤ ਪਾਕਿ ਦੋਸਤੀ ਦਾ ਆਧਾਰ ਸਿਰਜੇਗਾ ਗੁਰੂ ਨਾਨਕ ਬਾਬੇ ਦਾ ਕਰਤਾਰਪੁਰ ਲਾਂਘਾ

ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਅਤੇ ਭਾਜਪਾ ਦੇ ਆਗੂ ਵੀ ਗਰਮਜੋਸ਼ੀ ਨਾਲ ਇਸ ਦਾ ਸਵਾਗਤ ਕਰ ਰਹੇ ਸਨ। ਅੱਜ ਜਦੋਂ ਕਿ ਮੌਲਾਨਾ ਫ਼ਜ਼ਲ-ਉਰ-ਰਹਿਮਾਨ ਕਰਤਾਰਪੁਰ ਦੇ ਲਾਂਘੇ 'ਤੇ ਇਤਰਾਜ਼ ਕਰ ਰਹੇ ਹਨ ਤਾਂ ਮੈਂ ਤੁਹਾਨੂੰ ਮੌਲਾਨਾ ਦੀ ਡਿਪਲੋਮੇਸੀ ਦੀ ਯਾਦ ਦੁਆਉਣਾ ਚਾਹੁੰਦਾ ਹਾਂ। ਮੈਂ ਉਨ੍ਹਾਂ ਦੇ ਨਾਲ ਦਿੱਲੀ ਗਿਆ ਸਾਂ। ਉਥੇ ਸਾਡੇ ਵਲੋਂ ਤੇ ਉਨ੍ਹਾਂ ਵਲੋਂ ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਜਨਤਾ ਪਾਰਟੀ ਅਤੇ ਭਾਰਤ ਦੇ ਮੁਸਲਮਾਨ ਆਗੂਆਂ ਨਾਲ ਦੋਵਾਂ ਦੇਸ਼ਾਂ ਦਰਮਿਆਨ ਅਮਨ ਅਤੇ ਦੋਸਤੀ ਵਧਾਉਣ ਲਈ ਮੁਲਾਕਾਤਾਂ ਕੀਤੀਆਂ ਗਈਆਂ ਸਨ। ਮੌਲਾਨਾ ਉਸ ਸਮੇਂ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਦੇ ਸਮਰੱਥਕ ਸਨ। ਹੁਣ ਵੀ ਮੈਂ ਇਹ ਕਹਿਣਾ ਚਾਹਾਂਗਾ ਕਿ ਕਸ਼ਮੀਰ ਸਬੰਧੀ ਆਪਣੇ-ਆਪਣੇ ਵਿਚਾਰਾਂ 'ਤੇ ਕਾਇਮ ਰਹਿੰਦਿਆਂ ਵੀ ਜੇਕਰ ਦੋਵਾਂ ਦੇਸ਼ਾਂ ਦਰਮਿਆਨ ਅਮਨ ਅਤੇ ਦੋਸਤੀ ਵਧਾਉਣ ਦਾ ਕੋਈ ਮੌਕਾ ਮਿਲਦਾ ਹੈ ਤਾਂ ਉਸ ਨੂੰ ਕਿਉਂ ਗੁਆਇਆ ਜਾਏ? ਆਖ਼ਰਕਾਰ ਅਸੀਂ ਪੂਰੇ ਖਿੱਤੇ ਦੇ ਲੋਕਾਂ ਨੂੰ ਕਦੋਂ ਤੱਕ ਬੰਦੀ ਬਣਾ ਕੇ ਰੱਖਾਂਗੇ? ਕਰਤਾਰਪੁਰ ਦਾ ਲਾਂਘਾ ਨਵੇਂ ਰਸਤੇ ਖੋਲ੍ਹ ਸਕਦਾ ਹੈ ਅਤੇ ਇਸ ਸ਼ੁਰੂਆਤ ਨੂੰ ਨਫ਼ਰਤ ਅਤੇ ਦੁਸ਼ਮਣੀ ਦੀ ਨਜ਼ਰ ਤੋਂ ਬਚਾਅ ਕੇ ਰੱਖਣਾ ਹੋਵੇਗਾ। ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਕਰਤਾਰਪੁਰ ਦਾ ਲਾਂਘਾ ਖੁੱਲ੍ਹਿਆ ਹੈ। ਕਾਸ਼! ਇਹ ਖੁੱਲ੍ਹਿਆ ਲਾਂਘਾ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ ਲਈ ਮਾਹੌਲ ਬਣਾਉਣ ਵਿਚ ਵੀ ਸਫ਼ਲ ਹੋਵੇ।

## ਗੁਰੂ ਨਾਨਕ ਲਾਂਘੇ ਦਾ ਮਹੱਤਵ ਵਿਸ਼ਵ ਸ਼ਾਂਤੀ ਲਈ

ਇਹ ਲਾਂਘਾ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਬਾਜਵਾ ਦੀ ਸੂਝ ਬੂਝ ਕਾਰਨ ਖੁੱਲ੍ਹਿਆ ਹੈ। ਇਸ ਦੇ ਲਈ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਵੀ ਅਹਿਮ ਭੂਮਿਕਾ ਹੈ। ਇਮਰਾਨ ਨੇ ਕਰਤਾਰਪੁਰ ਲਾਂਘੇ ਵੱਲ ਤਾਂ ਧਿਆਨ ਦਿੱਤਾ ਅਤੇ ਕਰਤਾਰਪੁਰ ਨੂੰ 'ਸਿੱਖਾਂ ਦਾ ਮਦੀਨਾ' ਦਰਸਾ ਕੇ ਇਸ ਇਤਿਹਾਸਕ ਨਗਰੀ ਦੇ ਮਹੱਤਵ ਵੱਲ ਪੂਰੀ ਦੁਨੀਆ ਦਾ ਧਿਆਨ ਖਿੱਚਿਆ। ਇਹ ਲਾਂਘਾ ਬੰਦ ਨਹੀਂ ਹੋਣਾ ਚਾਹੀਦਾ। ਇਸ ਉੱਪਰ ਗੁਰੂ ਨਾਨਕ ਦੀਆਂ ਰਹਿਮਤਾਂ ਬਰਸਦੀਆਂ ਹਨ ਤੇ ਇਹ ਰਹਿਮਤਾਂ ਦੋਹਾਂ ਦੇਸਾਂ 'ਤੇ ਵੀ ਬਰਸਣਗੀਆਂ ਤੇ ਵਿਸ਼ਵ ਦਾ ਕਲਿਆਣ ਵੀ ਕਰਨਗੀਆਂ।

ਗੁਰੂ ਨਾਨਕ ਦਾ ਲਾਂਘਾ ਫਿਰਕੂਆਂ ਨੂੰ ਮਨਜ਼ੂਰ ਨਹੀਂ ਹੈ। ਇਸ ਲਈ ਉਹ ਆਪਣੀ ਮੀਡੀਆ ਤੇ ਸਿਆਸਤ ਰਾਹੀਂ ਇਸ ਵਿਰੁੱਧ ਬੋਲਦੇ ਰਹਿਣਗੇ ਤੇ ਅੱਤਵਾਦ ਦੇ ਨਾਮ ਹੇਠ ਇਸ ਵਿਰੁੱਧ ਪ੍ਰਚਾਰ ਕਰਦੇ ਰਹਿਣਗੇ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਨ੍ਹਾਂ ਸਾਜ਼ਿਸਾਂ ਤੋਂ ਚੌਕਸ ਰਹਿਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਅਮਨ ਦਾ ਕਾਫਲਾ ਅੱਗੇ ਤੋਰਨਾ ਚਾਹੀਦਾ ਹੈ ਤਾਂ ਹੀ ਗੁਰੂ ਨਾਨਕ ਅੱਗੇ ਉਨ੍ਹਾਂ ਦਾ ਸਿਰ ਝੁਕਾਇਆ ਸਫਲ ਹੋਵੇਗਾ। ਜਦ ਉਹ ਗੁਰੂ ਨਾਨਕ ਦੇ ਦਰਬਾਰ ਅੱਗੇ ਝੁੱਕ ਗਏ ਹਨ ਤਾਂ ਉਨ੍ਹਾਂ ਨੂੰ ਖੁੱਲ੍ਹੇ ਮਨ ਦੇ ਨਾਲ ਭਾਰਤ-ਪਾਕਿਸਤਾਨ ਏਕਤਾ ਤੇ ਦੱਖਣੀ ਏਸ਼ੀਆ ਦੀ ਸ਼ਾਂਤੀ ਦੇ ਲਈ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਨਫ਼ਰਤਾਂ ਕਿਸੇ ਕੰਮ ਨਹੀਂ ਆਉਂਦੀਆਂ, ਇਹ ਤਾਂ ਮਨੁੱਖਤਾ ਨੂੰ ਤਬਾਹ ਕਰਦੀਆਂ ਹਨ। ਅਸੀਂ ਨਫ਼ਰਤਾਂ ਕਾਰਨ ਆਪਣਾ ਤੇ ਆਪਣੇ ਲੋਕਾਂ ਦਾ ਬਹੁਤ ਨੁਕਸਾਨ ਕੀਤਾ ਹੈ। ਭਾਰਤ-ਪਾਕਿਸਤਾਨ ਨੂੰ ਖੁੱਲ੍ਹੇ ਲਾਂਘੇ ਦੀ ਇਬਾਰਤ ਤੇ ਮਹੱਤਵ ਸਮਝਣਾ ਚਾਹੀਦਾ ਹੈ। ਸਾਨੂੰ ਇਸ ਗੱਲ 'ਤੇ ਵੀ ਇਤਰਾਜ਼ ਹੈ ਕਿ ਖੁੱਲ੍ਹੇ ਲਾਂਘੇ ਨੂੰ ਕੋਰੀਡੋਰ ਕਿਹਾ ਜਾ ਰਿਹਾ ਹੈ। ਕੋਰੀਡੋਰ ਦਾ ਅਰਥ ਤਾਂ ਗਲਿਆਰਾ ਹੁੰਦਾ ਹੈ। ਲਾਂਘਾ ਤਾਂ ਰਸਤਾ ਹੁੰਦਾ ਹੈ, ਮਾਰਗ ਹੁੰਦਾ ਹੈ। ਗੁਰੂ ਨਾਨਕ ਦਾ ਲਾਂਘਾ ਅਮਨ ਤੇ ਵਿਕਾਸ ਦਾ ਮਾਰਗ ਹੈ। ਇਸ ਦੇ ਵੱਡੇ ਅਰਥ ਹਨ। ਭਾਰਤ ਨੂੰ ਇਹ ਰਚਨਾ ਬਦਲਣੀ ਨਹੀਂ ਚਾਹੀਦੀ, ਇਸ ਲਈ ਗੁਰੂ ਨਾਨਕ ਦਾ ਲਾਂਘਾ ਹੀ ਸਹੀ ਸ਼ਬਦਾਵਲੀ ਤੇ ਸਹੀ ਅਰਥ ਹਨ। ਅਸੀਂ ਅਰਦਾਸ ਕਰਦੇ ਹਾਂ ਕਿ ਗੁਰੂ ਬਾਬਾ ਨਾਨਕ ਸਭਨਾਂ ਨੂੰ ਸ਼ਾਂਤੀ ਦੇਵੇ ਤੇ ਦੋਹਾਂ ਦੇਸਾਂ ਦੇ ਗਿਲ੍ਹੇ ਸ਼ਿਕਵੇ ਮਿਟਾਵੇ। ਨਫ਼ਰਤਾਂ, ਭੈਅ ਦਾ ਵਾਤਾਵਰਨ ਦੂਰ ਹੋਵੇ, ਸਭ ਭਰਾ-ਭਰਾ ਇਕ ਰੱਬ ਦੇ ਬੱਚੇ ਬਣ ਕੇ ਆਪਣਾ ਵਿਕਾਸ ਭਾਲਣ ਤੇ ਇਕ ਦੂਸਰੇ ਦੀ ਮਦਦ ਕਰਨ।

## ਅਬਦਾਲੀ ਨਾਲ ਨਾਲ ਟਕਰਾਉਣ ਵਾਲਾ ਯੋਧਾ ਨਿਹੰਗ ਸ਼ਹੀਦ ਗੁਰਬਖ਼ਸ਼ ਸਿੰਘ

ਦਾ ਸਰੀਰ ਨਿਢਾਲ ਹੋਣ ਲੱਗਾ। ਫਿਰ ਬਾਬਾ ਜੀ ਦਰਸ਼ਨੀ ਡਿਉਢੀ ਦੇ ਸਾਹਮਣੇ ਗੋਡਿਆਂ ਭਾਰ ਹੋ ਕੇ ਗੁਰੂ ਪਾਤਸ਼ਾਹ ਦੇ ਸਨਮੁਖ ਹੱਥ ਜੋੜ ਕੇ ਬੇਨਤੀ ਕਰਨ ਲੱਗੇ:

ਹਾਥ ਜੋੜ ਠਾਂਢੋ ਭਯੋ,
ਲਾਇ ਚਰਨ ਸੁ ਗੁਰ ਕੋ ਧਪਾਨ।
ਗੁਰਬਖਸ਼ ਸਿੰਘ ਇਮ ਬਚ ਕਹਯੋ,
ਤੂੰ ਆਪੈ ਜਾਣੀ ਜਾਣ।
ਜੋ ਹਜੂਰ ਨਿਜ ਪੰਥ ਰਚਾਯਾ।
ਅਬ ਤਿਸ ਨੈ ਹੈ ਬਹੁ ਦੁਖ ਪਾਯਾ।
ਕਾਬਲ ਤੇ ਜੋਊ ਕੁਤੇ ਮੰਗਾਯੋ।
ਬੰਦੈ ਜਿਮ ਉਸ ਚਹੀਅਤ ਗਲਾਯੋ।
(ਪੰਥ ਪ੍ਰਕਾਸ਼)

ਉਨ੍ਹਾਂ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ! ਤੇਰੇ ਸਾਜੇ ਹੋਏ ਪੰਥ ਨੇ ਬਹੁਤ ਦੁੱਖ ਸਹੇ ਹਨ, ਹੁਣ ਕੋਈ ਐਸਾ ਚਮਤਕਾਰ ਕਰੋ ਕਿ ਇਹ ਜੋ ਬੇਗ਼ਾਨੀ-ਧਰਤ ਕਾਬਲ ਵੱਲੋਂ ਹਮਲਾਵਰ (ਕੁੱਤੇ) ਆਉਂਦੇ ਹਨ, ਇਨ੍ਹਾਂ ਦਾ ਰਾਹ ਸਦਾ ਲਈ ਬੰਦ ਹੋ ਜਾਵੇ ਤੇ ਤੇਰਾ ਪੰਥ ਚੜ੍ਹਦੀ ਕਲਾ ਵਿੱਚ ਹੋਵੇ, ਪੰਜਾਬ ਦੀ ਰਾਜ-ਸੱਤਾ ਦਾ ਸੁੱਖ ਮਾਣੇ।"

ਇਤਿਹਾਸ ਗਵਾਹ ਹੈ ਕਿ ਬਾਬਾ ਗੁਰਬਖ਼ਸ਼ ਸਿੰਘ ਦੀ ਸ਼ਹੀਦੀ ਤੋਂ ਜਲਦ ਮਗਰੋਂ ਹੀ ਅਹਿਮਦ ਸ਼ਾਹ ਫੌਤ ਹੋ ਗਿਆ ਤੇ ਪੰਜਾਬ ਵਿੱਚ ਖ਼ਾਲਸੇ ਦੀ ਚੜ੍ਹਾਈ ਹੋ ਗਈ।

## 1467 ਸ਼ਰਧਾਲੂਆਂ ਨੇ ਕੀਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ

ਦੇ ਰਿਹਾ ਸੀ। ਗ੍ਰਹਿ ਮੰਤਰਾਲਾ ਹੁਣ ਤੱਕ ਸ਼ਰਧਾਲੂਆਂ ਨੂੰ ਦਰਸ਼ਨਾਂ ਲਈ ਭੇਜਣ ਦੀ ਪ੍ਰਵਾਨਗੀ ਸੋਚ ਸਮਝ ਕੇ ਦਿੰਦਾ ਰਿਹਾ ਹੈ ਤਾਂ ਜੋ ਸ਼ਰਧਾਲੂਆਂ ਦੇ ਪਾਕਿਸਤਾਨ ਜਾਣ 'ਤੇ ਕਿਧਰੇ ਵੀ ਕੋਈ ਗਲਤ ਜਾਂ ਅਣਸੁਖਾਂਵੀ ਘਟਨਾ ਨਾ ਵਾਪਰ ਜਾਵੇ। ਉਂਜ ਪਾਕਿਸਤਾਨ ਵੱਲੋਂ ਰੋਜ਼ਾਨਾ ਪੰਜ ਹਜ਼ਾਰ ਸ਼ਰਧਾਲੂਆਂ ਨੂੰ ਦਰਸ਼ਨ ਕਰਨ ਲਈ ਪ੍ਰਵਾਨਗੀ ਦਿੱਤੀ ਹੋਈ ਹੈ।

## ਭਾਈ ਮਨੀ ਸਿੰਘ ਦੇ ਸ਼ਹੀਦੀ ਸਥਾਨ ਦੇ ਦਰਸ਼ਨਾਂ 'ਤੇ ਲੱਗੀ ਰੋਕ

ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਅਤਿ ਖਸਤਾ ਹਾਲਤ ਵਿਚ ਮੌਜੂਦ ਭਾਈ ਮਨੀ ਸਿੰਘ ਦੇ ਸ਼ਹੀਦੀ ਅਸਥਾਨ ਦੇ ਦਰਸ਼ਨਾਂ 'ਤੇ ਰੋਕ ਲਗਾਏ ਜਾਣ ਬਾਰੇ ਜਾਣਕਾਰੀ ਮਿਲੀ ਹੈ। ਬੀਤੇ ਦਿਨ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ ਵਿਚ ਲੰਬਾ ਸਮਾਂ ਬਿਤਾ ਕੇ ਪਰਤੇ ਡਾ. ਦਲਵੀਰ ਸਿੰਘ ਪੰਨੂ ਅਮਰੀਕਾ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸਮਾਧ 'ਤੇ ਕਬਜ਼ਾਧਾਰੀ ਵਿਅਕਤੀ ਨੇ ਸਮਾਧ ਦਾ ਵੱਡਾ ਹਿੱਸਾ ਜ਼ਮੀਨਦੋਜ਼ ਕਰ ਦਿੱਤਾ ਹੈ ਅਤੇ ਉਸ ਨੇ ਸਿੱਖ ਭਾਈਚਾਰੇ ਲਈ ਸਮਾਧ ਵੱਲ ਜਾਣ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਭਾਈ ਮਨੀ ਸਿੰਘ ਦੀ ਸਮਾਧ ਦੇ ਅੰਦਰਲੇ ਹਿੱਸੇ ਦੀ ਨਵਉਸਾਰੀ ਕੁਝ ਸਮਾਂ ਪਹਿਲਾਂ ਹੀ ਨਨਕਾਣਾ ਸਾਹਿਬ ਦੀ ਸਿੱਖ ਸੰਗਤ ਵਲੋਂ ਮੁਕੰਮਲ ਕਰਵਾਈ ਗਈ ਸੀ, ਜਦ ਕਿ ਇਸ ਅਸਥਾਨ ਦੇ ਬਾਹਰੀ ਹਿੱਸੇ ਵਿਚ ਇਕ ਖ਼ਰਾਦੀਏ ਵਲੋਂ ਖ਼ਰਾਦ ਲਗਾਏ ਗਏ ਹਨ। ਸਮਾਧ ਦੇ ਬਾਹਰੀ ਹਿੱਸੇ ਵਿਚ ਫ਼ਾਊਂਡਰੀ ਮਸ਼ੀਨਾਂ ਲਗਾਈਆਂ ਹੋਣ ਕਰਕੇ ਕਬਜ਼ਾਧਾਰੀ ਰਫ਼ਾਨ ਖ਼ਾਂ ਨੇ ਸਿੱਖ ਭਾਈਚਾਰੇ ਨੂੰ ਸਿਰਫ਼ ਸਮਾਧ ਵਾਲੇ ਅਸਥਾਨ ਦੀ ਹੀ ਨਵਉਸਾਰੀ ਦੀ ਮਨਜ਼ੂਰੀ ਦਿੱਤੀ ਸੀ। ਸਮਾਧ ਤੱਕ ਜਾਣ ਲਈ ਮਸ਼ੀਨਾਂ ਵਾਲੀ ਜਗ੍ਹਾ ਵਿਚੋਂ ਹੋ ਕੇ ਲੰਘਣਾ ਪੈਂਦਾ ਸੀ। ਦੱਸਣਯੋਗ ਹੈ ਕਿ ਮੌਜੂਦਾ ਸਮਾਧ ਵਾਲੇ ਅਸਥਾਨ 'ਤੇ ਭਾਈ ਮਨੀ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਇਸ ਅਸਥਾਨ 'ਤੇ ਇਕ ਪੁਰਾਤਨ ਖੂਹ ਵੀ ਹੁੰਦਾ ਸੀ।

## ਨਨਕਾਣਾ ਸਾਹਿਬ ਨੂੰ ਜ਼ਮੀਨ ਤਬਦੀਲ ਕਰਕੇ ਭਾਰਤ ਵਿਚ ਸ਼ਾਮਲ ਕੀਤਾ ਜਾਵੇ—ਬਾਬਾ ਬੇਦੀ

ਡੇਰਾ ਬਾਬਾ ਨਾਨਕ-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੰਸ਼ਜ, ਬਾਬਾ ਸਰਬਜੋਤ ਸਿੰਘ ਬੇਦੀ ਨੇ ਊਨਾ ਵਿੱਚ ਬੋਲਦਿਆਂ ਕਰਤਾਰਪੁਰ ਨੂੰ 1961 ਦੇ ਹੁਸੈਨੀਵਾਲਾ ਸਮਝੌਤੇ ਦੀ ਤਰਜ਼ ਤੇ ਭਾਰਤ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਬਾਬਾ ਬੇਦੀ ਨੇ ਮੰਨਿਆ ਕਿ ਇਹ ਮੰਗ ਲੰਬੇ ਸਮੇਂ ਤੋਂ ਉਠਾਈ ਜਾ ਰਹੀ ਹੈ, ਪਰ ਦੋ ਦਹਾਕਿਆਂ ਦਰਮਿਆਨ ਤਣਾਅ ਕਾਰਨ ਇਹ ਕੰਮ ਸੰਭਵ ਨਹੀਂ ਹੋਇਆ। ਕਰਤਾਰਪੁਰ ਲਾਂਘਾ ਖੁੱਲ੍ਹਣ ਤੋਂ ਬਾਅਦ ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਊਨਾ ਪਹੁੰਚੇ ਬਾਬਾ ਬੇਦੀ ਨੇ ਕਿਹਾ ਕਿ ਜ਼ਮੀਨੀ ਤਬਾਦਲਾ 1961 ਦੇ ਹੁਸੈਨੀਵਾਲਾ ਸਮਝੌਤੇ ਅਤੇ ਕਰਤਾਰਪੁਰ ਦੀ ਤਰਜ ਤੇ ਕੀਤਾ ਜਾਣਾ ਚਾਹੀਦਾ ਹੈ। ਬਾਬਾ ਬੇਦੀ ਨੇ ਦੱਸਿਆ ਕਿ ਕਰਤਾਰਪੁਰ, ਨਨਕਾਣਾ ਸਾਹਿਬ ਤੋਂ ਇਲਾਵਾ ਪਾਕਿਸਤਾਨ ਵਿਚ ਹੋਰ ਵੀ ਬਹੁਤ ਸਾਰੀਆਂ ਥਾਵਾਂ ਹਨ, ਜਿਨ੍ਹਾਂ ਦਾ ਦਰਸ਼ਨ ਕੀਤੇ ਜਾਣੇ ਚਾਹੀਦੇ ਹਨ। ਬਾਬਾ ਬੇਦੀ ਨੇ ਦਾਅਵਾ ਕੀਤਾ ਕਿ ਸਾਡੇ ਕੋਲ ਜੋ ਵੀ ਸਥਾਨ ਪਾਕਿਸਤਾਨ ਦੀ ਧਰਤੀ 'ਤੇ ਹਨ, ਪਾਕਿਸਤਾਨ ਵਿਚ ਵਸੇ ਵੱਖ-ਵੱਖ ਧਰਮਾਂ ਦੇ ਲੋਕ ਉਨ੍ਹਾਂ ਥਾਵਾਂ ਦੀ ਬਹੁਤ ਚੰਗੀ ਤਰ੍ਹਾਂ ਦੇਖ-ਭਾਲ ਕਰ ਰਹੇ ਹਨ। ਬਾਬਾ ਬੇਦੀ ਨੇ ਵੀ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਵਿਚ ਸੁਧਾਰ ਦੀ ਉਮੀਦ ਕੀਤੀ ਹੈ। ਬਾਬਾ ਬੇਦੀ ਨੇ ਕਿਹਾ ਕਿ ਅੰਗਰੇਜ਼ ਜਾਂਦੇ-ਜਾਂਦੇ ਦੋਵਾਂ ਦੇਸ਼ਾਂ ਵਿਚਕਾਰ ਫੁਟ ਪਾ ਗਏ, ਜਿਸ ਨਾਲ ਆਪਸੀ ਪਿਆਰ ਅਤੇ ਭਾਈਚਾਰਾ ਖਤਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਆਰਥਿਕ ਹਾਲਾਤ ਚੰਗੇ ਨਹੀਂ ਹਨ ਅਤੇ ਬਾਰਡਰ ਬੰਦ ਹੋਣ ਕਾਰਨ ਦੋਵਾਂ ਦੇਸ਼ਾਂ ਦੇ ਕਈ ਲੋਕ ਬੇਰੁਜ਼ਗਾਰ ਹੋ ਗਏ ਹਨ। ਉਨ੍ਹਾਂ ਦੋਵਾਂ ਦੇਸ਼ਾਂ ਦੀ ਲੀਡਰਸ਼ਿਪ ਤੋਂ ਆਪਸੀ ਪਿਆਰ ਵਾਲੇ ਵਾਤਾਵਰਣ ਬਣਾਉਣ ਦੀ ਅਪੀਲ ਕੀਤੀ ਹੈ।

## ਜੇਐੱਨਯੂ 'ਤੇ ਫਿਰਿਆ ਭਗਵਾਂ ਕੁਹਾੜਾ

ਕੋਸ਼ਿਸ਼ ਕੀਤੀ ਗਈ। ਫੀਸਾਂ ਵਿੱਚ ਇਹ ਵਾਧਾ 30 ਗੁਣਾ ਤੋਂ ਵੀ ਜ਼ਿਆਦਾ ਹੈ। ਪ੍ਰਸ਼ਾਸਨ ਦੇ ਇਸ ਫੈਸਲੇ ਤੋਂ ਬਾਅਦ ਵਿਦਿਆਰਥੀਆਂ ਨੇ ਸੰਘਰਸ਼ ਵਿੱਢ ਦਿੱਤਾ। ਲੱਗਭੱਗ ਇੱਕ ਮਹੀਨੇ ਤੋਂ ਵਿਦਿਆਰਥੀ ਇਸ ਵਾਧੇ ਵਿਰੁੱਧ ਸੰਘਰਸ਼ ਕਰ ਰਹੇ ਸਨ। ਕੇਂਦਰੀ ਦਿੱਲੀ ਦੀਆਂ ਸੜਕਾਂ ਉੱਤੇ ਵੱਖ-ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਆਪਣੇ ਝੰਡਿਆਂ ਨਾਲ ਫੈਲ ਗਏ। ਇਨ੍ਹਾਂ ਵਿੱਚ ਦਿੱਲੀ ਯੂਨੀਵਰਸਿਟੀ, ਆਈਟੀਟੀ, ਜਾਮੀਆ ਮਿਲੀਆ ਇਸਲਾਮੀਆ, ਏਮਜ਼ ਦੇ ਵਿਦਿਆਰਥੀ ਵੀ ਸ਼ਾਮਲ ਸਨ। ਬੀਤੇ ਦਿਨੀਂ ਵਿਦਿਆਰਥੀਆਂ ਨੇ ਐਲਾਨ ਕੀਤਾ ਸੀ ਕਿ ਉਹ ਆਪਣੀਆਂ ਮੰਗਾਂ ਦੇ ਹੱਕ ਵਿੱਚ ਸੰਸਦ ਭਵਨ ਤੱਕ ਮਾਰਚ ਕਰਨਗੇ। ਇਸ ਐਲਾਨ ਤੋਂ ਬਾਅਦ ਪੁਲਸ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨੂੰ ਫ਼ੌਜੀ ਛਾਉਣੀ ਵਿੱਚ ਬਦਲ ਦਿੱਤਾ। ਵਿਦਿਆਰਥੀ ਜਦੋਂ ਸੰਸਦ ਭਵਨ ਵੱਲ ਜਾਣ ਲਈ ਯੂਨੀਵਰਸਿਟੀ ਤੋਂ ਬਾਹਰ ਨਿਕਲੇ ਤਾਂ ਪੁਲਸ ਧਾੜਵੀਆਂ ਦੀ ਤਰ੍ਹਾਂ ਉਨ੍ਹਾਂ ਉੱਤੇ ਡਾਂਗਾਂ ਦੀ ਬਰਸਾਤ ਕਰਨ ਲੱਗ ਪਈ। ਇੱਥੋਂ ਤੱਕ ਵਿਦਿਆਰਥਣਾਂ ਨਾਲ ਅਸ਼ਲੀਲ ਵਿਹਾਰ ਕੀਤਾ ਗਿਆ ਤੇ ਖਿੱਚ-ਧੂਹ ਕੀਤੀ ਗਈ। ਭਾਵੇਂ ਦਿੱਲੀ ਪੁਲਸ ਲਾਠੀਚਾਰਜ ਕੀਤੇ ਜਾਣ ਤੋਂ ਇਨਕਾਰ ਕਰ ਰਹੀ ਹੈ, ਪਰ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀਆਂ ਵੀਡੀਓ ਫਿਲਮਾਂ ਇਸ ਝੂਠ ਦਾ ਪਰਦਾਫਾਸ਼ ਕਰ ਰਹੀਆਂ ਹਨ।

ਜੇ ਐੱਨ ਯੂ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਐੱਨ ਸਾਈ ਬਾਲਾਜੀ ਨੇ ਪੁਲਸ ਦੇ ਇਸ ਤਸ਼ੱਦਦ ਬਾਰੇ ਦੱਸਿਆ ਹੈ ਕਿ ਪੁਲਸ ਬਰਬਰਤਾ ਦੌਰਾਨ 200 ਤੋਂ ਵੱਧ ਵਿਦਿਆਰਥੀ ਜ਼ਖ਼ਮੀ ਹੋਏ ਹਨ। ਇਸੇ ਦੌਰਾਨ ਮਨੁੱਖੀ ਸਰੋਤਾਂ ਦੇ ਵਿਕਾਸ ਬਾਰੇ ਕੇਂਦਰੀ ਮੰਤਰੀ ਰਮੇਸ਼ ਪੋਖਰੀਆਲ ਦੇ ਸੱਦੇ ਉੱਤੇ ਵਿਦਿਆਰਥੀਆਂ ਦੇ ਇੱਕ ਪ੍ਰਤੀਨਿਧੀ ਮੰਡਲ ਨੇ ਉਨ੍ਹਾ ਨਾਲ ਮੁਲਾਕਾਤ ਕੀਤੀ ਹੈ। ਭਾਵੇਂ ਵਿਦਿਆਰਥੀਆਂ ਨੇ ਕੇਂਦਰੀ ਮੰਤਰੀ ਦੇ ਭਰੋਸੇ ਤੋਂ ਬਾਅਦ ਆਪਣਾ ਧਰਨਾ ਸਮਾਪਤ ਕਰ ਦਿੱਤਾ ਸੀ, ਪਰ ਉਨ੍ਹਾਂ ਦਾ ਸਪੱਸ਼ਟ ਕਹਿਣਾ ਹੈ ਕਿ ਉਹ ਓਨਾ ਚਿਰ ਕਿਸੇ ਵੀ ਸਮਝੌਤੇ ਨੂੰ ਨਹੀਂ ਮੰਨਣਗੇ, ਜਿੰਨਾ ਚਿਰ ਫੀਸਾਂ ਵਿੱਚ ਕੀਤਾ ਵਾਧਾ ਵਾਪਸ ਨਹੀਂ ਲਿਆ ਜਾਂਦਾ।

ਇਸ ਮੌਕੇ ਜੇਐੱਨਯੂਐੱਸਯੂ ਦੇ ਸਾਬਕਾ ਪ੍ਰਧਾਨ ਕਨ੍ਹੱਈਆ ਕੁਮਾਰ ਨੇ ਕਿਹਾ ਕਿ ਇਹ ਗਰੀਬ ਵਿਦਿਆਰਥੀਆਂ ਦੇ ਭਵਿੱਖ ਦਾ ਸਵਾਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕੁਝ ਕੁ ਸਰਕਾਰੀ ਯੂਨੀਵਰਸਿਟੀਆਂ ਹਨ, ਜੋ ਸਿੱਖਿਆ ਦੇ ਖੇਤਰ ਵਿੱਚ ਚੰਗੀ ਕਾਰਗੁਜ਼ਾਰੀ ਦਿਖਾ ਰਹੀਆਂ ਹਨ। ਯੂਨੀਵਰਸਿਟੀਆਂ ਉੱਤੇ ਪੈਸਾ ਖਰਚਣਾ ਭਗਵੇਂ ਸੱਤਾਧਾਰੀਆਂ ਨੂੰ ਪੈਸੇ ਦੀ ਦੁਰਵਰਤੋਂ ਜਾਪਦੀ ਹੈ ਪਰ ਜਦੋਂ ਇੱਕ ਬੁੱਤ ਉੱਤੇ ਹੀ 3000 ਕਰੋੜ ਰੁਪਏ ਖਰਚ ਦਿੱਤਾ ਜਾਂਦਾ ਹੈ ਤਾਂ ਇਹ ਦੁਰਵਰਤੋਂ ਨਹੀਂ ਲੱਗਦੀ। ਫੀਸਾਂ ਵਿੱਚ ਵਾਧੇ ਨਾਲ ਔਰਤਾਂ ਅਤੇ ਪਛੜੇ ਹੋਏ ਲੋਕ ਪ੍ਰਭਾਵਿਤ ਹੋਣਗੇ।

### ਕਿੰਨਾ ਵਧਾਇਆ ਖਰਚਾ

ਇੱਕ ਸੀਟਰ ਕਮਰੇ ਦਾ ਮਹੀਨੇ ਦਾ ਕਿਰਾਇਆ 20 ਰੁਪਏ ਤੋਂ ਵਧਾ ਕੇ 600 ਰੁਪਏ ਕਰ ਦਿੱਤਾ ਗਿਆ ਹੈ ਅਤੇ ਦੋ ਲੋਕਾਂ ਲਈ ਕਮਰੇ ਦਾ ਕਿਰਾਇਆ 10 ਰੁਪਏ ਤੋਂ ਵਧਾ ਕੇ 300 ਰੁਪਏ ਕੀਤਾ ਹੈ। ਨਾਲ ਹੀ ਹਰ ਮਹੀਨੇ 1700 ਰੁਪਏ ਦਾ ਸਰਵਿਸ ਚਾਰਜ ਵੀ ਲਏ ਜਾਣ ਦਾ ਐਲਾਨ ਕੀਤਾ ਗਿਆ ਹੈ। ਅਰਥਾਤ ਉਨ੍ਹਾਂ ਨਿਯਮਾਂ ਮੁਤਾਬਕ ਘੱਟੋ-ਘੱਟ 3350 ਰੁਪਏ ਹਰ ਮਹੀਨੇ ਇੱਕ ਵਿਦਿਆਰਥੀ ਨੂੰ ਦੇਣਾ ਤੈਅ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੈਸ ਫੀਸ ਵੱਖਰੀ ਅਤੇ ਯੂਟੀਲਿਟੀ ਚਾਰਜ (ਸਹੂਲਤ ਫੀਸ) ਵੱਖਰੇ।

ਜੇਐਨਯੂ ਦੀ ਰਿਪੋਰਟ ਮੁਤਾਬਕ ਵਰਤਮਾਨ ਇੱਥੇ ਕੁੱਲ 8732 ਵਿਦਿਆਰਥੀ ਪੜ੍ਹਦੇ ਹਨ। ਇਨ੍ਹਾਂ ਵਿਚੋਂ 4562 ਵਿਦਿਆਰਥੀ ਅਨੁਸੂਚਿਤ ਜਾਤੀ, ਅਨੁਸੂਚਿਤ ਜਨ ਜਾਤੀ, ਅਤਿ ਪੱਛੜੇ ਤੇ ਅੰਗਹੀਣ ਵਰਗ ਦੇ ਹਨ। ਇਸ ਤੋਂ ਇਲਾਵਾ 3192 ਵਿਦਿਆਰਥੀ ਸਾਧਾਰਨ ਵਰਗ ਦੇ, 328 ਵਿਦਿਆਰਥੀ ਵਿਦੇਸ਼ੀ ਹਨ।

ਵਿਦਿਆਰਥੀਆਂ ਦੇ ਪ੍ਰਦਰਸ਼ਨ ਤੋਂ ਬਾਅਦ ਇਹ ਹੋਇਆ ਕਿ 12000 ਤੋਂ ਘੱਟ ਪਰਿਵਾਰਕ ਕਮਾਈ ਵਾਲੇ ਵਿਦਿਆਰਥੀਆਂ ਦੇ ਹੋਸਟਲ ਰੂਮ ਦਾ ਖਰਚਾ ਅੱਧਾ ਯਾਨਿ 300 ਅਤੇ 150 ਰੁਪਏ ਕਰ ਦਿੱਤਾ ਗਿਆ ਹੈ। ਸਰਕਾਰ ਨੇ ਇਸ ਨੂੰ 'ਭਾਰੀ ਕਟੌਤੀ' ਦੇ ਤੌਰ 'ਤੇ ਪੇਸ਼ ਕੀਤਾ ਹੈ।

### ਕੀ ਹੈ ਜੇਐਨਯੂ ਵਿਵਾਦ

ਜੇਐਨਯੂ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਕਮਰਿਆਂ ਦੇ ਕਿਰਾਏ ਤਿੰਨ ਦਹਾਕੇ ਤੋਂ ਨਹੀਂ ਵਧੇ ਸਨ। ਬਾਕੀ ਖਰਚੇ ਇੱਕ ਦਹਾਕੇ ਤੋਂ ਲੰਬੇ ਸਮੇਂ ਤੋਂ ਨਹੀਂ ਵਧੇ, ਇਸ ਲਈ ਇਹ ਕਦਮ ਜ਼ਰੂਰੀ ਸੀ। ਹਾਲਾਂਕਿ ਪਿਛਲੇ ਸਾਲ ਇੱਕ ਰਿਪੋਰਟ ਦੱਸਦੀ ਹੈ ਕਿ ਹੋਸਟਲ ਰੂਮ ਤੋਂ ਇਲਾਵਾ ਬਾਕੀ ਫੀਸ ਵਧੀ ਹੈ।

ਜੇਐਨਯੂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਲੜਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੈ, ਪਰ ਕਈ ਆਈਆਈਟੀ ਸੰਸਥਾਨ ਆਪਣੀ ਕਮਾਈ ਨੂੰ ਵਧਾਉਣ ਦੀ ਇੱਕ ਕੋਸ਼ਿਸ਼ ਆਪਣੇ ਇੱਥੇ ਕਰ ਰਹੇ ਹਨ। ਉਹ ਆਪਣੇ ਸੰਸਥਾਨ ਤੋਂ ਪੜ੍ਹ ਕੇ ਨਿਕਲੇ ਪੁਰਾਣੇ ਵਿਦਿਆਰਥੀਆਂ ਤੋਂ ਪੈਸਾ ਇਕੱਠਾ ਕਰ ਰਹੇ ਹਨ। ਜਿਵੇਂ ਆਈਆਈਟੀ ਬੌਂਬੇ ਨੇ 1993 ਦੇ ਬੈਚ ਤੋਂ 25 ਕਰੋੜ ਰੁਪਏ ਇਕੱਠੇ ਕੀਤੇ। ਆਈਆਈਟੀ ਮਦਰਾਸ ਨੇ 220 ਕਰੋੜ ਇਸੇ ਤਰ੍ਹਾਂ ਇਕੱਠੇ ਕੀਤੇ। ਉਨ੍ਹਾਂ ਨੇ ਦੂਜੇ ਦੇਸਾਂ ਵਿੱਚ ਡਿਵੈਲਪਮੈਂਟ ਦਫਤਰ ਵੀ ਖੋਲ੍ਹੇ ਹਨ ਤਾਂ ਜੋ ਸਾਬਕਾ ਵਿਦਿਆਰਥੀਆਂ ਨਾਲ ਰਿਸ਼ਤੇ ਵਧਾਏ ਜਾ ਸਕਣ।

ਗਰੀਬ ਵਿਦਿਆਰਥੀਆਂ ਦੇ ਲਈ ਬੰਦ ਹੋਣਗੇ ਸਿੱਖਿਆ ਦੇ ਰਸਤੇ—ਜੋਗਿੰਦਰ ਯਾਦਵ

ਦਿੱਲੀ-ਜੇਐਨਯੂ ਦੇ ਸਾਬਕਾ ਵਿਦਿਆਰਥੀ ਅਤੇ ਵਰਤਮਾਨ ਵਿਚ ਸਵਰਾਜ ਇੰਡੀਆ ਦੇ ਰਾਸ਼ਟਰੀ ਮੁਖੀ ਜੋਗਿੰਦਰ ਯਾਦਵ ਦੇ ਅਨੁਸਾਰ ਇਸ ਫੀਸ ਵਾਧੇ ਨਾਲ ਪੱਛੜੇ ਤੇ ਗਰੀਬ ਸਮਾਜ ਨਾਲ ਸੰਬੰਧਿਤ ਵਿਦਿਆਰਥੀਆਂ 'ਤੇ ਜ਼ਿਆਦਾ ਭਾਰ ਪਵੇਗਾ। ਅਜਿਹੇ ਵਿਦਿਆਰਥੀਆਂ ਲਈ ਉੱਚ ਸਿੱਖਿਆ ਦੇ ਰਸਤੇ ਬੰਦ ਹੋਣਗੇ। ਫੀਸ ਵਾਧਾ ਸਿਰਫ ਜੇਐਨਯੂ ਦਾ ਵਾਧਾ ਨਹੀਂ, ਇਹ ਸਾਰੀਆਂ ਉੱਚ ਸੰਸਥਾਵਾਂ ਦਾ ਮਾਮਲਾ ਹੈ। ਸਰਕਾਰ ਫੀਸ ਵਧਾ ਕੇ ਤੇ ਸਿੱਖਿਆ ਮਹਿੰਗੀ ਕਰਕੇ ਗਰੀਬਾਂ ਨੂੰ ਅਨਪੜ੍ਹ ਰੱਖਣਾ ਚਾਹੁੰਦੀ ਹੈ। ਸੰਵਿਧਾਨ ਦੇ ਅਨੁਸਾਰ ਸਿੱਖਿਆ ਵਿਚ ਸਭ ਨੂੰ ਬਰਾਬਰ ਮੌਕਾ ਮਿਲਣਾ ਚਾਹੀਦਾ ਹੈ।

### ਅਨੋਖਾ ਹੈ ਜੇਐਨਯੂ ਦਾ ਕਲਚਰ

ਜੇਐਨਯੂ ਦਾ ਸੱਭਿਆਚਾਰ ਭਾਰਤ ਦੀਆਂ ਬਾਕੀ ਯੂਨੀਵਰਸਿਟੀ ਤੋਂ ਵਿਲੱਖਣ ਤੇ ਵਧੀਆ ਹੈ, ਜਿਸ ਤੋਂ ਭਗਵੀਂ ਸਰਕਾਰ ਡਰਦੀ ਹੈ, ਕਿਉਂਕਿ ਇੱਥੇ ਖੱਬੇ ਪੱਖੀ ਤੇ ਗਰੀਬ ਵਿਦਿਆਰਥੀ ਪੜ੍ਹ ਲਿਖ ਕੇ ਸਮਾਜ ਦੀ ਅਗਵਾਈ ਕਰ ਰਹੇ ਹਨ। ਇੱਥੋਂ ਦੀ ਧੌਲਪੁਰ ਲਾਇਬਰੇਰੀ 24 ਘੰਟੇ ਖੁੱਲ੍ਹੀ ਰਹਿੰਦੀ ਹੈ। ਕਿਤਾਬ ਇਸ਼ੂ ਨਹੀਂ ਹੁੰਦੀ, ਉੱਥੇ ਬਹਿ ਕੇ ਪੜ੍ਹੀ ਜਾ ਸਕਦੀ ਹੈ। ਸਾਲ ਵਿਚ 200 ਤੋਂ ਜ਼ਿਆਦਾ ਗ਼ੈਰ ਅਕਾਦਮਿਕ ਲੈਕਚਰ ਵਰਕਸ਼ਾਪਾਂ ਹੁੰਦੀਆਂ ਹਨ। ਅਲੱਗ ਅਲੱਗ ਖੇਤਰ ਦੇ ਬੁੱਧੀਜੀਵੀ ਆਪਣਾ ਗਿਆਨ ਤੇ ਅਨੁਭਵ ਵਿਦਿਆਰਥੀਆਂ ਨਾਲ ਸਾਂਝਾ ਕਰਦੇ ਹਨ।

ਵਿਦਿਆਰਥੀ ਸੰਘ ਦੇ ਮੁਖੀ ਬਾਰੇ ਚੋਣ ਅਮਰੀਕਾ ਦੇ ਰਾਸ਼ਟਰਪਤੀ ਚੋਣ ਦੀ ਤਰ੍ਹਾਂ ਹੁੰਦੀ ਹੈ ਚੋਣ ਲੜ ਰਿਹਾ ਸੰਗਠਨ ਦਾ ਮੁਖੀ ਮੰਚ ਤੋਂ ਆਪਣੀ ਗੱਲ ਰੱਖਦਾ ਹੈ। ਵਿਰੋਧੀਆਂ ਦੇ ਸੁਆਲਾਂ ਦਾ ਜੁਆਬ ਵੀ ਮੰਚ ਤੋਂ ਦਿੰਦਾ ਹੈ। ਵਿਦਿਆਰਥੀ ਉਮਦੀਵਾਰ ਨਾਲ ਸਵਾਲ ਜੁਆਬ ਕਰਦੇ ਹਨ। ਅਰਥਾਤ ਮੁਖੀ ਬਣਨ ਦੇ ਲਈ ਉਮੀਦਵਾਰ ਨੂੰ ਸਖ਼ਤ ਪ੍ਰੀਖਿਆ ਵਿਚੋਂ ਗੁਜਰਨਾ ਪੈਂਦਾ ਹੈ। ਇਥੋਂ ਦੀ ਵਿਦਿਆਰਥੀ ਰਾਜਨੀਤੀ, ਰਾਸ਼ਟਰੀ ਤੇ ਕੌਮਾਂਤਰੀ ਪੱਧਰ 'ਤੇ ਚਰਚਿਤ ਰਹਿੰਦੀ ਹੈ। ਭ੍ਰਿਸ਼ਟ ਰਾਜਨੀਤੀ ਦੀ ਇਸ ਵਿਸ਼ਵ ਵਿਦਿਆਲਯ ਵਿਚ ਦਖਲਅੰਦਾਜ਼ੀ ਹੈ। ਕਾਂਗਰਸ, ਭਾਜਪਾ ਤੇ ਲੈਫਟ ਦੇ ਵਿਦਿਆਰਥੀ ਸੰਗਠਨਾਂ ਐਨਐਸ, ਯੂਆਈ, ਏਬੀਪੀਪੀ, ਆਈਸਾ ਇੱਥੇ ਸਰਗਰਮ ਹਨ। ਅੱਜ ਕੱਲ੍ਹ ਏਬੀਪੀ ਸੰਘ ਪਰਿਵਾਰ ਦੀ ਸਹਾਇਤਾ ਨਾਲ ਇੱਥੇ ਛਾਈ ਹੋਈ ਹੈ, ਜਿਸ ਨੂੰ ਪ੍ਰਸ਼ਾਸ਼ਣ ਦੀ ਵੀ ਮਦਦ ਹਾਸਲ ਹੈ।

## ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੁੰਦੇ 5 ਭਾਰਤੀ ਅਮਰੀਕਾ 'ਚ ਕਾਬੂ

ਨਿਊਯਾਰਕ/ਏ.ਟੀ. ਨਿਊਜ਼ : ਅਮਰੀਕਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ 5 ਭਾਰਤੀਆਂ ਨੂੰ ਅਮਰੀਕੀ ਗਸ਼ਤ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਹੈ। ਅਮਰੀਕੀ ਸਰਹੱਦੀ ਗਸ਼ਤ ਏਜੰਟਾਂ ਨੂੰ ਨਿਊਯਾਰਕ ਵਿਚ ਓਗਡੇਂਸਬਰਗ ਬਾਰਡਰ ਪੈਟਰੋਲ ਸਟੇਸ਼ਨ ਵਿਚ ਤਾਇਨਾਤ ਕੀਤਾ ਗਿਆ ਸੀ, ਜਿਨ੍ਹਾਂ ਨੇ 15 ਨਵੰਬਰ ਨੂੰ 5 ਭਾਰਤੀਆਂ ਅਤੇ ਇਕ ਸ਼ੱਕੀ ਤਸਕਰ ਨੂੰ ਕਾਬੂ ਕੀਤਾ।

## ਮਹਾਰਾਸ਼ਟਰ 'ਚ ਹੁਣ ਬਣੇਗੀ ਊਧਵ ਠਾਕਰੇ ਸਰਕਾਰ

ਦੱਸ ਦਈਏ ਕਿ ਦੇਵੇਂਦਰ ਫੜਨਵੀਸ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦੇ ਅਸਤੀਫੇ ਦੇ ਨਾਲ ਹੀ ਸੂਬੇ 'ਚ ਕਾਂਗਰਸ, ਸ਼ਿਵ ਸੈਨਾ ਤੇ ਐੱਨ.ਸੀ.ਪੀ. ਦੀ ਸਰਕਾਰ ਬਣਨ ਦਾ ਰਾਹ ਸਾਫ ਹੋ ਗਿਆ ਹੈ। ਮਹਾਰਾਸ਼ਟਰ ਵਿਚ ਹੋ ਰਹੇ ਸਿਆਸੀ ਨਾਟਕ ਨੇ ਕਰਨਾਟਕ ਵਿਚ ਹੋਏ ਸਿਆਸੀ ਨਾਟਕ ਨੂੰ ਮਾਤ ਪਾ ਦਿੱਤੀ ਹੈ। ਭਾਰਤੀ ਜਨਤਾ ਪਾਰਟੀ ਅਤੇ ਸ਼ਿਵ ਸੈਨਾ ਨੇ ਵਿਧਾਨ ਸਭਾ ਚੋਣਾਂ ਗੱਠਜੋੜ ਬਣਾ ਕੇ ਲੜੀਆਂ ਜਿਸ ਨੂੰ ਬਹੁਮਤ ਵੀ ਮਿਲਿਆ ਪਰ ਮੁੱਖ ਮੰਤਰੀ ਦੀ ਕੁਰਸੀ ਦੇ ਸਵਾਲ ਤੋਂ ਦੋਹਾਂ ਪਾਰਟੀਆਂ ਵਿਚ ਦੁਫਾੜ ਪੈ ਗਈ। ਭਾਜਪਾ ਨੇ ਨਰਿੰਦਰ ਮੋਦੀ ਦੀ ਸ਼ਖ਼ਸੀਅਤ ਅਤੇ ਸਿਆਸਤ ਦੇ ਆਧਾਰ 'ਤੇ ਆਪਣੀ ਰਾਜਸੀ ਤਾਕਤ ਵਿਚ ਭਾਰੀ ਵਾਧਾ ਕੀਤਾ ਅਤੇ ਸ਼ਿਵ ਸੈਨਾ ਮਹਿਸੂਸ ਕਰ ਰਹੀ ਸੀ ਕਿ ਉਹ, ਜਿਹੜੀ ਪਹਿਲਾਂ ਸ਼ਿਵ ਸੈਨਾ-ਭਾਜਪਾ ਗੱਠਜੋੜ ਵਿਚ ਮੁੱਖ ਪਾਰਟੀ ਹੁੰਦੀ ਸੀ, ਹੁਣ ਹਾਸ਼ੀਏ ਵੱਲ ਧੱਕੀ ਜਾ ਰਹੀ ਸੀ ਤੇ ਉਸ (ਸ਼ਿਵ ਸੈਨਾ) ਦੀ ਹੋਂਦ ਖ਼ਤਰੇ ਵਿਚ ਹੈ। ਸ਼ਰਦ ਪਵਾਰ ਨੇ ਆਪਣੀ ਸਿਆਸੀ ਚਾਲਬਾਜ਼ੀ ਦਾ ਮੁਜ਼ਾਹਰਾ ਕਰਦਿਆਂ ਸ਼ਿਵ ਸੈਨਾ, ਨੈਸ਼ਨਲਿਸਟ ਕਾਂਗਰਸ ਪਾਰਟੀ ਅਤੇ ਕਾਂਗਰਸ ਦਾ ਗੱਠਜੋੜ ਬਣਵਾਇਆ। ਇਸ ਗੱਠਜੋੜ ਦੀ ਨੌਈਅਤ ਸਿਆਸੀ ਤੌਰ 'ਤੇ ਅਨੈਤਿਕ ਅਤੇ ਮੌਕਾਪ੍ਰਸਤ ਹੈ ਪਰ ਤਕਨੀਕੀ ਤੌਰ 'ਤੇ ਇਸ ਗੱਠਜੋੜ ਨੂੰ ਵਿਧਾਨ ਸਭਾ ਵਿਚ ਬਹੁਮਤ ਪ੍ਰਾਪਤ ਹੈ/ਸੀ।

ਭਾਜਪਾ ਨੇ ਐੱਨਸੀਪੀ ਵਿਚ ਦੁਫਾੜ ਪਾਉਣ ਦੀ ਵੱਡੀ ਕੋਸ਼ਿਸ਼ ਕਰਦਿਆਂ ਅਜੀਤ ਪਵਾਰ ਨੂੰ ਫੜਨਵੀਸ ਵਾਲੇ ਮੰਤਰੀ ਮੰਡਲ ਵਿਚ ਉੱਪ ਮੁੱਖ ਮੰਤਰੀ ਦਾ ਅਹੁਦਾ ਦਿੱਤਾ। ਸ਼ੁੱਕਰਵਾਰ ਰਾਤ ਦੀ ਕਾਰਵਾਈ, ਜਿਹੜੀ ਭਾਰਤੀ ਜਮਹੂਰੀਅਤ ਦੇ ਇਤਿਹਾਸ ਵਿਚ ਬਦਨੁਮਾ ਧੱਬੇ ਵਜੋਂ ਮੰਨੀ ਜਾਏਗੀ, ਸਨਸਨੀ ਪੈਦਾ ਕਰਨ ਵਾਲੀਆਂ ਫਿਲਮਾਂ ਨੂੰ ਵੀ ਮਾਤ ਦੇਣ ਵਾਲੀ ਸੀ। ਰਾਤ ਨੂੰ ਭਾਜਪਾ ਅਤੇ ਅਜੀਤ ਪਵਾਰ ਰਾਜਪਾਲ ਨੂੰ ਦੱਸਦੇ ਹਨ ਕਿ ਉਨ੍ਹਾਂ ਕੋਲ ਵਿਧਾਨ ਸਭਾ ਵਿਚ ਬਹੁਮਤ ਪ੍ਰਾਪਤ ਹੈ ਅਤੇ ਰਾਜਪਾਲ ਇਸ ਉੱਤੇ ਵਿਸ਼ਵਾਸ ਕਰਦਿਆਂ ਅੱਧੀ ਰਾਤ ਨੂੰ ਕੇਂਦਰ ਸਰਕਾਰ ਨੂੰ ਰਾਸ਼ਟਰਪਤੀ ਰਾਜ ਹਟਾਉਣ ਦੀ ਸਿਫ਼ਾਰਸ਼ ਕਰਦਾ ਹੈ। ਸ਼ਨਿਚਰਵਾਰ ਸਵੇਰ ਦੇ 5 ਵੱਜ ਕੇ 47 ਮਿੰਟ 'ਤੇ ਪ੍ਰਧਾਨ ਮੰਤਰੀ ਕੈਬਨਿਟ ਦੀ ਮੀਟਿੰਗ ਬੁਲਾਏ ਬਗ਼ੈਰ ਗੌਰਮਿੰਟ ਆਫ਼ ਇੰਡੀਆ (ਟਰਾਂਜੈਕਸ਼ਨ ਆਫ਼ ਬਿਜਨਸ) ਰੂਲਜ਼ ਦੇ ਨਿਯਮ 12 ਅਨੁਸਾਰ ਰਾਸ਼ਟਰਪਤੀ ਨੂੰ ਇਹ ਸਿਫ਼ਾਰਸ਼ ਕਰਦਾ ਹੈ ਕਿ ਮਹਾਰਾਸ਼ਟਰ ਵਿਚ ਰਾਸ਼ਟਰਪਤੀ ਰਾਜ ਖ਼ਤਮ ਕਰ ਦਿੱਤਾ ਜਾਏ। ਇਸ ਨਿਯਮ ਦੀ ਵਰਤੋਂ 1975 ਵਿਚ ਸ੍ਰੀਮਤੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਉਣ ਅਤੇ ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਣ ਲਈ ਕੀਤੀ ਸੀ। ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਲਾਹ ਮੰਨ ਲੈਂਦੇ ਹਨ ਅਤੇ 5 ਵੱਜ ਕੇ 47 ਮਿੰਟ 'ਤੇ ਰਾਸ਼ਟਰਪਤੀ ਭਵਨ ਰਾਸ਼ਟਰਪਤੀ ਰਾਜ ਖ਼ਤਮ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੰਦਾ ਹੈ। 'ਨਵੀਂ ਜਮਹੂਰੀ ਪ੍ਰਕਿਰਿਆ' ਏਨੀ ਤੇਜ਼ੀ ਨਾਲ ਚੱਲਦੀ ਹੈ ਕਿ 7 ਵੱਜ ਕੇ 50 ਮਿੰਟ 'ਤੇ ਫੜਨਵੀਸ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ ਜਾਂਦੀ ਹੈ। ਇੱਥੇ ਬਹੁਤ ਸਾਰੇ ਸੰਵਿਧਾਨਿਕ, ਕਾਨੂੰਨੀ ਅਤੇ ਨੈਤਿਕ ਸਵਾਲ ਉੱਠਦੇ ਹਨ: ਕੀ ਰਾਜਪਾਲ ਦੀ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਸੀ ਕਿ ਜਿਵੇਂ ਸੰਵਿਧਾਨ ਵਿਚ ਕਿਹਾ ਗਿਆ ਹੈ, ਉਹ ਤਸੱਲੀ ਕਰਦਾ ਕਿ ਨਵੇਂ ਗੱਠਜੋੜ ਨੂੰ ਬਹੁਮਤ ਪ੍ਰਾਪਤ ਹੈ; ਨਿਯਮ 12 ਦੀ ਵਰਤੋਂ ਕਰਨ ਦੀ ਕੀ ਜ਼ਰੂਰਤ ਸੀ ?

ਸੁਪਰੀਮ ਕੋਰਟ ਵਿਚ ਕੇਂਦਰੀ ਅਤੇ ਮਹਾਰਾਸ਼ਟਰ ਸਰਕਾਰ ਨੇ ਆਪਣੇ ਦੁਆਰਾ ਕੀਤੀ ਗਈ ਕਾਰਵਾਈ ਨੂੰ ਵਾਜਬ ਠਹਿਰਾਇਆ ਅਤੇ ਭਾਜਪਾ ਨੇ ਹਲਫ਼ਨਾਮਾ ਪੇਸ਼ ਕੀਤਾ ਕਿ ਉਸ ਕੋਲ ਬਹੁਮਤ ਪ੍ਰਾਪਤ ਹੈ। ਸਰਬਉੱਚ ਅਦਾਲਤ ਨੇ ਕਈ ਤਰ੍ਹਾਂ ਦੀ ਜਾਣਕਾਰੀ ਲੈਣ ਪਿੱਛੋਂ ਮੰਗਲਵਾਰ ਆਦੇਸ਼ ਦਿੱਤਾ ਕਿ ਬੁੱਧਵਾਰ 5 ਵਜੇ ਤਕ ਫੜਨਵੀਸ ਸਰਕਾਰ ਵਿਧਾਨ ਸਭਾ ਵਿਚ ਆਪਣਾ ਬਹੁਮਤ ਸਾਬਤ ਕਰੇ। ਸਿਆਸੀ ਨਾਟਕ ਆਪਣੀ ਸਿਖ਼ਰ 'ਤੇ ਪਹੁੰਚਿਆ ਅਤੇ ਫੜਨਵੀਸ ਤੇ ਅਜੀਤ ਪਵਾਰ ਨੇ ਅਸਤੀਫ਼ਾ ਦੇ ਦਿੱਤਾ ਹੈ। ਕਾਨੂੰਨੀ ਮਾਹਿਰ ਸਵਾਲ ਉਠਾ ਰਹੇ ਹਨ ਕਿ ਕੀ ਭਾਜਪਾ ਨੂੰ ਇਹ ਸਵਾਲ ਨਹੀਂ ਪੁੱਛਿਆ ਜਾਣਾ ਚਾਹੀਦਾ ਕਿ ਸਰਬਉੱਚ ਅਦਾਲਤ ਵਿਚ ਉਸ ਵੱਲੋਂ ਕੀਤਾ ਗਿਆ ਦਾਅਵਾ ਝੂਠਾ ਸੀ। ਸ਼ਿਵ ਸੈਨਾ, ਐੱਨਸੀਪੀ ਤੇ ਕਾਂਗਰਸ ਗੱਠਜੋੜ ਕੋਲ ਬਹੁਮਤ ਹਾਸਲ ਹੈ ਅਤੇ ਉਹ ਊਧਵ ਠਾਕਰੇ ਨੂੰ ਨਵੇਂ ਮੁੱਖ ਮੰਤਰੀ ਵਜੋਂ ਪੇਸ਼ ਕਰ ਰਹੇ ਹਨ। ਅਜਿਹਾ ਗੱਠਜੋੜ ਕਿਸ ਤਰ੍ਹਾਂ ਦੀ ਸਿਆਸਤ ਸਾਹਮਣੇ ਲਿਆਉਂਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ। ਕੱਟੜਪੰਥੀ ਸੱਜੇ-ਪੱਖੀ ਪਾਰਟੀਆਂ ਨੇ ਬੀਤੇ ਵਿਚ ਅਜਿਹੀਆਂ ਸਰਕਾਰਾਂ ਦੀ ਵਰਤੋਂ ਆਪਣੇ ਸਿਆਸੀ ਵਿਰੋਧੀਆਂ ਅਤੇ ਸਹਿਯੋਗੀਆਂ ਨੂੰ ਮਲੀਆਮੇਟ ਕਰਨ ਲਈ ਕੀਤੀ ਹੈ। ਭਾਜਪਾ ਚੁੱਪ ਬੈਠਣ ਵਾਲੀ ਨਹੀਂ ਅਤੇ ਸਿਆਸੀ ਮਾਹਿਰ ਇਹ ਅੰਦਾਜ਼ੇ ਲਾ ਰਹੇ ਹਨ ਕਿ ਕੀ ਇਸ ਵਾਰ ਵਿਰੋਧੀ ਪਾਰਟੀਆਂ ਭਾਜਪਾ ਵੱਲੋਂ ਹੋਣ ਵਾਲੇ ਹਮਲਿਆਂ ਤੋਂ ਬਚ ਸਕਣਗੀਆਂ।

## ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ

ਗਏ। ਜਿਨ੍ਹਾਂ ਵਿਚ ਪੰਥ ਦੇ ਮਹਾਨ ਕੀਰਤਨੀ ਜੱਥਿਆਂ ਨੇ ਹਾਜਰੀ ਭਰੀ, ਉਨ੍ਹਾਂ ਵਿੱਚ ਭਾਈ ਨਰਿੰਜਣ ਸਿੰਘ ਜਵੱਦੀ ਕਲਾਂ ਵਾਲੇ, ਭਾਈ ਨਿਰਮਲ ਸਿੰਘ ਨਾਗਪੁਰੀ ਤੇ ਸੰਤ ਅਨੂਪ ਸਿੰਘ ਊਨੇ ਵਾਲੇ ਤੇ ਸਾਥੀ ਸਨ। ਇਨ੍ਹਾਂ ਜੱਥਿਆਂ ਵਲੋਂ ਇਕੱਠਿਆਂ ਕੀਰਤਨ ਕੀਤਾ ਗਿਆ ਤੇ ਐਤਵਾਰ ਨੂੰ ਸਮਾਗਮ ਤਕਰੀਬਨ 3:30 ਵਜੇ ਬਾਅਦ ਦੁਪਹਿਰ ਤੱਕ ਲੰਮਾ ਚੱਲਿਆ ਤੇ ਸੰਗਤਾਂ ਨੇ ਆਤਮਰਸ ਕੀਰਤਨ ਦਾ ਆਨੰਦ ਮਾਣਿਆ। ਜਿਨ੍ਹਾਂ ਜੱਥਿਆਂ ਨੇ ਪਿਛਲੇ ਦਿਨੀਂ ਹਾਜਰੀਆਂ ਲਗਵਾਈਆਂ ਉਨ੍ਹਾਂ ਵਿੱਚ ਭਾਈ ਅਜੀਤ ਸਿੰਘ ਜੱਬਲਪੁਰ ਵਾਲਿਆਂ ਦਾ ਜਥਾ, ਕਥਾਵਾਚਕ ਭਾਈ ਜਗਤਾਰ ਸਿੰਘ ਜਾਚਕ, ਭਾਈ ਸ੍ਰੀਪਾਲ ਸਿੰਘ, ਭਾਈ ਹਰਿੰਦਰ ਸਿੰਘ ਰੋਮੀ ਤੇ ਗੁਰਦੁਆਰਾ ਸਾਹਿਬ ਦੇ ਕੀਰਤਨੀਏ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦਾ ਜਥਾ ਸ਼ਾਮਿਲ ਸੀ। 29 ਨਵੰਬਰ ਤੋਂ 1 ਦਸੰਬਰ ਤੱਕ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲਿਆਂ ਦਾ ਜਥਾ ਹਾਜਰੀ ਭਰੇਗਾ। ਸੰਗਤਾਂ ਨੂੰ ਬੇਨਤੀ ਹੈ ਕਿ ਆਪ ਜੀ ਵੱਧ ਤੋਂ ਵੱਧ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰਬਾਣੀ ਕੀਰਤਨ ਦਾ ਲਾਹਾ ਪ੍ਰਾਪਤ ਕਰੋ ਜੀ।

## 'ਸਿੱਖ ਨੌਜਵਾਨਾਂ ਵਲੋਂ ਬੱਚੀ ਦੀ ਇੱਜਤ ਬਚਾਉਣਾ ਸਿੱਖ ਰਵਾਇਤਾਂ ਦਾ ਹਿੱਸਾ'

ਬੱਚੀਆਂ ਨੂੰ ਵਰਗਲਾ, ਭਰਮਾ ਕੇ ਆਪਣੇ ਜਾਲ ਵਿੱਚ (ਝੂਠੇ ਪਿਆਰ ਦਾ ਦਿਖਾਵਾ ਕਰਕੇ) ਫਸਾ ਧਰਮ ਪਰਿਵਰਤਨ ਕਰਦੇ ਹਨ ਅਤੇ ਮਗਰੋਂ ਉਨ੍ਹਾਂ ਦਾ ਜੀਵਨ ਕੁੰਭੀ ਨਰਕ ਵਰਗਾ ਬਣਾ ਦਿੰਦੇ ਹਨ । ਇਨ੍ਹਾਂ ਲੋਕਾਂ ਦਾ ਸਿੱਖ ਨੌਜਵਾਨਾਂ ਵਲੋਂ ਹਰ ਤਰ੍ਹਾਂ ਨਾਲ ਵਿਰੋਧ ਕੀਤਾ ਜਾਂਦਾ ਹੈ ਅਤੇ ਸਿੱਖ ਬੱਚੀਆਂ ਨੂੰ ਜਾਗਰੁਕ ਕਰਨ ਵਾਸਤੇ ਜਿੱਥੇ ਸਿੱਖੀ ਕੈਂਪ ਲਗਾਏ ਜਾਂਦੇ ਹਨ ਉਥੇ ਉਨ੍ਹਾਂ ਦੇ ਮਾਪਿਆਂ ਨੂੰ ਆਪਣਾ ਫਰਜ ਪਛਾਨਣ ਲਈ ਆਖਿਆ ਜਾਂਦਾ ਹੈ । ਅਜਿਹੇ ਮਾਹੌਲ ਵਿੱਚ ਉਸੇ ਹੀ ਧਰਮ ਨਾਲ ਸਬੰਧਤ ਜੋੜੇ ਦੀ ਹਿਫਾਜ਼ਤ ਕਰਕੇ ਉਨ੍ਹਾਂ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਜਿਹੜੇ ਸਿੱਖ ਨੌਜਵਾਨਾਂ ਦੀ ਬਿਨਾਂ ਵਜ੍ਹਾ ਆਲੋਚਨਾ ਕਰਦੇ ਰਹਿੰਦੇ ਸਨ ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA® TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com